@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 8 October 2024

Punjabi National Daily
Qaumi Patrika NO.1

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 8 ਅਕਤੂਬਰ 2024, 23 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 333, qpatrika@gmail.com ਫੋਨ : 9971359517 www.qaumipatrika.org

## ਅਭੈ ਚੌਟਾਲਾ ਦਾ ਦਾਅਵਾ, ਹਰਿਆਣਾ 'ਚ ਨਹੀਂ ਬਣੇਗੀ ਕਾਂਗਰਸ ਜਾਂ ਭਾਜਪਾ ਦੀ ਸਰਕਾਰ

ਹਰਿਆਣਾ 7 ਅਕਤੂਬਰ। ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਦੇ ਜਨਰਲ ਸਕੱਤਰ ਅਭੈ ਸਿੰਘ ਚੌਟਾਲਾ ਨੇ ਦਾਅਵਾ ਕੀਤਾ ਕਿ ਹਰਿਆਣਾ 'ਚ ਕਾਂਗਰਸ ਜਾਂ ਭਾਜਪਾ ਦੀ ਸਰਕਾਰ ਨਹੀਂ ਬਣਨ ਜਾ ਰਹੀ ਅਤੇ ਇਨੈਲੋ-ਬਹੁਜਨਤ ਸਮਾਜ ਪਾਰਟੀ (ਬਸਪਾ) ਗਠਜੋੜ 'ਕਿੰਗ' ਦੀ ਭੂਮਿਕਾ ਨਿਭਾਏਗਾ। ਚੌਟਾਲਾ ਨੇ ਇੱਥੇ ਜਾਰੀ ਬਿਆਨ 'ਚ ਕਿਹਾ ਕਿ ਚੋਣ ਨਤੀਜੇ ਇਨੈਲੋ-ਬਸਪਾ ਗਠਜੋੜ ਦੇ ਪੱਖ 'ਚ ਆਉਣਗੇ, ਹਰਿਆਣਾ 'ਚ ਭਾਜਪਾ ਅਤੇ ਕਾਂਗਰਸ ਨੂੰ ਪੂਰਾ ਬਹੁਮਤ ਨਹੀਂ ਮਿਲੇਗਾ ਅਤੇ ਸੱਤਾ ਬਣਾਉਣ ਅਸੀਂ 'ਕਿੰਗ'



ਦੀ ਭੂਮਿਕਾ 'ਚ ਹੋਵਾਂਗੇ। ਉਨ੍ਹਾਂ ਦਾਅਵਾ ਕੀਤਾ ਕਿ ਵਿਧਾਨ ਸਭਾ ਚੋਣਾਂ 'ਚ ਪ੍ਰਚਾਰ ਦੌਰਾਨ ਸਿਰਫ ਇਨੈਲੋ ਬਸਪਾ ਗਠਜੋੜ ਨੇ ਹੀ ਲੋਕਹਿੱਤ ਦੇ ਮੁੱਦਿਆਂ ਨੂੰ ਚੁੱਕਿਆ, ਜਦੋਂ ਕਿ ਭਾਜਪਾ ਅਤੇ ਕਾਂਗਰਸ ਤਾਂ ਜਾਤ-ਪਾਤ ਅਤੇ ਭੇਦਭਾਵ ਦੀ ਰਾਜਨੀਤੀ 'ਚ ਉਲਝ ਕੇ ਰਹਿ ਗਏ ਸਨ। ਇਨੈਲੋ ਨੇਤਾ ਨੇ ਬਸਪਾ ਮੁਖੀ ਮਾਇਆਵਤੀ ਅਤੇ ਬਸਪਾ ਦੇ ਰਾਸ਼ਟਰੀ ਕਨਵੀਨਰ ਆਕਾਸ਼ ਆਨੰਦ ਦਾ ਧੰਨਵਾਦ ਕੀਤਾ ਅਤੇ ਦੋਵੇਂ ਦਲ ਦੇ ਵਰਕਰਾਂ ਦੀ ਪਿੱਠ ਵੀ ਥਪਥਪਾਈ। ਚੋਣਾਂ ਦੀ ਥਕਾਣ ਮਿਟਾਉਣ ਲਈ ਇਨੈਲੋ ਨੇਤਾ ਨੇ ਸਿਰਸਾ ਸਥਿਤ ਆਪਣੇ ਘਰ ਪੂਰਾ ਦਿਨ ਆਪਣੇ ਪੋਤੇ ਊਧਮ ਸਿੰਘ ਨਾਲ ਸਮਾਂ ਬਿਤਾਇਆ। ਦੱਸਣਯੋਗ ਹੈ ਕਿ ਕਈ ਐਗਜ਼ਿਟ ਪੋਲ ਨੇ ਹਰਿਆਣਾ 'ਚ ਕਾਂਗਰਸ ਦੀ ਸਪੱਸ਼ਟ ਬਹੁਮਤ ਵਾਲੀ ਸਰਕਾਰ ਬਣਨ ਦੀ ਭਵਿੱਖਬਾਣੀ ਕੀਤੀ ਹੈ। ਵੋਟਾਂ ਦੀ ਗਿਣਤੀ 8 ਅਕਤੂਬਰ ਨੂੰ ਹੋਣ ਵਾਲੀ ਹੈ।

## ਸੰਯੁਕਤ ਰਾਸ਼ਟਰ 'ਪੁਰਾਣੀ ਕੰਪਨੀ' ਵਾਂਗ, ਪੂਰੀ ਤਰ੍ਹਾਂ ਬਾਜਾਰ ਨਾਲ ਤਾਲਮੇਲ ਨਹੀਂ ਰੱਖ ਰਿਹਾ : ਜੈਸ਼ੰਕਰ

ਨਵੀਂ ਦਿੱਲੀ 7 ਅਕਤੂਬਰ। ਵਿਦੇਸ ਮੰਤਰੀ ਐੱਸ. ਜੈਸ਼ੰਕਰ ਨੇ ਸੰਯੁਕਤ ਰਾਸਟਰ ਪ੍ਰਤੀ ਆਲੋਚਨਾਤਮਕ ਰੁਖ ਅਖਤਿਆਰ ਕਰਦੇ ਹੋਏ ਕਿਹਾ ਕਿ ਇਹ ਇਕ 'ਪੁਰਾਣੀ ਕੰਪਨੀ' ਵਾਂਗ ਹੈ, ਜੋ ਬਾਜਾਰ ਨਾਲ ਪੂਰੀ ਤਰ੍ਹਾਂ ਤਾਲਮੇਲ ਨਹੀਂ ਰੱਖ ਪਾ ਰਿਹਾ ਪਰ ਜਗ੍ਹਾ ਨੂੰ ਘੇਰਿਆ ਹੋਇਆ ਹੈ। ਵਿਦੇਸ ਮੰਤਰੀ ਨੇ ਕੌਟਿਲਯ ਆਰਥਿਕ ਸੰਮੇਲਨ 'ਚ ਕਿਹਾ ਕਿ ਦੁਨੀਆ 'ਚ 2 ਬਹੁਤ ਗੰਭੀਰ ਸੰਘਰਸ਼ ਚੱਲ



ਰਹੇ ਹਨ, ਅਜਿਹੇ 'ਚ ਸੰਯੁਕਤ ਰਾਸਟਰ ਕਿੱਥੇ ਹੈ, ਉਹ ਮੂਕ ਦਰਸਕ ਬਣਿਆ ਹੋਇਆ ਹੈ।' ਜੈਸ਼ੰਕਰ ਨੇ ਅਮਰੀਕਾ ਵਿਚ ਰਾਸਟਰਪਤੀ ਚੋਣਾਂ ਦੇ ਸੰਭਾਵਿਤ ਨਤੀਜਿਆਂ 'ਤੇ ਪੁੱਛੇ ਗਏ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਅਮਰੀਕਾ ਨੇ ਅਸਲ ਵਿਚ ਆਪਣਾ ਭੂ-ਸਿਆਸੀ ਅਤੇ ਆਰਥਿਕ ਨਜਰੀਆ ਬਦਲਿਆ ਹੈ ਅਤੇ ਨਵੰਬਰ ਵਿਚ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾਂ ਇਹ ਰੁਝਾਨ ਆਉਣ ਵਾਲੇ ਦਿਨਾਂ ਵਿਚ 'ਤੇਜ' ਹੋਵੇਗਾ।

## ਸੁਰੱਖਿਆ ਫੋਰਸ ਨੇ ਜਬਤ ਕੀਤੀ ਵਿਸਫੋਟਕ ਸਮੱਗਰੀ

ਰਾਜੌਰੀ 7 ਅਕਤੂਬਰ। ਸੁਰੱਖਿਆ ਫੋਰਸਾਂ ਨੇ ਸੋਮਵਾਰ ਨੂੰ ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਸ਼ੱਕੀ ਵਿਸਫੋਟਕ ਸਮੱਗਰੀ ਜਬਤ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਸਮੱਗਰੀ ਸਰਨੂ ਪਿੰਡ 'ਚ ਇਕ ਲਿੰਕ ਰੋਡ 'ਤੇ ਨਿਯਮਿਤ ਗਸ਼ਤ ਦੌਰਾਨ ਬਰਾਮਦ ਕੀਤੀ ਗਈ। ਅਧਿਕਾਰੀਆਂ ਨੇ ਕਿਹਾ ਕਿ ਸ਼ੱਕੀ ਸਮੱਗਰੀ ਵਿਸਫੋਟਕ ਪ੍ਰਤੀਤ ਹੁੰਦੀ ਹੈ ਅਤੇ ਸ਼ੁਰੂਆਤੀ ਮੁਲਾਂਕਣ ਤੋਂ ਪਤਾ ਲੱਗਦਾ ਹੈ ਕਿ ਇਹ ਇਕ ਆਈ.ਈ.ਡੀ. ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸੁਰੱਖਿਆ ਫੋਰਸਾਂ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਸ਼ੱਕੀ ਉਪਕਰਣ ਦੀ ਜਾਂਚ ਕਰਨ ਅਤੇ ਉਸ ਨੂੰ ਸੁਰੱਖਿਅਤ ਤਰੀਕੇ ਨਾਲ ਨਕਾਰਾ ਕਰਨ ਲਈ ਇਕ ਬੰਬ ਨਿਰੋਧਕ ਦਸਤਾ ਤਾਇਨਾਤ ਕੀਤਾ ਗਿਆ ਹੈ।

# ਚੋਣਾਂ ਤੋ ਪਹਿਲਾਂ ਠੀਕ ਹੋਣਗੀਆਂ ਦਿੱਲੀ ਦੀਆਂ ਖਸਤਾਹਾਲ ਸੜਕਾਂ: ਮੁੱਖ ਮੰਤਰੀ ਆਤਿਸ਼ੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 7 ਅਕਤੂਬਰ। ਦਿੱਲੀ ਦੀ ਮੁੱਖ ਮੰਤਰੀ ਆਤਿਸੀ ਨੇ ਸੋਮਵਾਰ ਨੂੰ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਸੜਕਾਂ ਦੀ ਮੁਰੰਮਤ ਸਮੇਤ ਕਈ ਕੰਮ ਮੁੜ ਤੋਂ ਸੁਰੂ ਕਰੇਗੀ, ਜੋ ਕਿ ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਵਿਚ ਹੋਣ ਦੌਰਾਨ ਭਾਜਪਾ ਨੇ ਇਸ ਵਿਚ ਵਿਘਨ ਪਾਇਆ ਗਿਆ ਸੀ। ਆਤਿਸੀ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਗਲੇ ਸਾਲ ਦੀ ਸ਼ੁਰੂਆਤ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਖਰਾਬ ਹੋਈਆਂ ਸੜਕਾਂ ਦੀ ਮੁਰੰਮਤ ਕਰਵਾਏਗੀ। ਉਨ੍ਹਾਂ ਕਿਹਾ ਕਿ ਪਾਰਟੀ ਨੇ 89 ਨੁਕਸਾਨੀਆਂ ਲੋਕ ਨਿਰਮਾਣ ਵਿਭਾਗ () ਦੀਆਂ ਸੜਕਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਦੀ ਮੁਰੰਮਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਲਈ 74 ਟੈਂਡਰ ਜਾਰੀ ਕੀਤੇ ਜਾ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਨੇਤਾਵਾਂ ਨੇ ਕਈ ਨਿਰੀਖਣਾਂ ਦੌਰਾਨ ਕੁੱਲ 6,671 ਟੋਇਆ ਦੀ ਪਛਾਣ ਕੀਤੀ ਹੈ ਅਤੇ ਇਨ੍ਹਾਂ ਵਿਚੋਂ 3,454 ਨੂੰ ਪਹਿਲਾਂ ਵੀ ਭਰਿਆ ਜਾ ਚੁੱਕਾ ਹੈ। ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ ਨੂੰ ਵੀ ਸੰਬੋਧਨ ਕੀਤਾ। ਕੇਜਰੀਵਾਲ ਨੇ ਕਿਹਾ ਕਿ ਜਦੋਂ ਮੈਂ ਜੇਲ੍ਹ ਵਿਚ ਸੀ ਤਾਂ ਇਨ੍ਹਾਂ ਲੋਕਾਂ (ਭਾਜਪਾ) ਨੇ ਦਿੱਲੀ ਸਰਕਾਰ ਦੇ ਕਈ ਕੰਮ ਰੋਕ ਦਿੱਤੇ ਸਨ। ਮੇਰੇ ਵਾਪਸ ਆਉਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਇਕ ਚਿੱਠੀ ਲਿਖੀ ਸੀ ਅਤੇ ਬੇਨਤੀ ਕੀਤੀ ਕਿ



ਅਤੇ ਆਤਿਸੀ ਨੇ ਸੜਕਾਂ ਦਾ ਮੁਆਇਨਾ ਕੀਤਾ ਅਤੇ ਵੇਖਿਆ ਕਿ ਉਹ ਚੰਗੀ ਹਾਲਤ ਵਿਚ ਨਹੀਂ ਹਨ। ਮੈਂ ਆਤਿਸੀ ਜੀ ਇਨ੍ਹਾਂ ਸੜਕਾਂ ਦੀ ਤੁਰੰਤ ਪ੍ਰਭਾਵ ਨਾਲ ਮੁਰੰਮਤ ਕਰਾਉਣ।

## ਲਾਲੂ ਪ੍ਰਸਾਦ ਅਤੇ ਉਨ੍ਹਾਂ ਦੇ ਬੇਟਿਆਂ ਨੂੰ ਕੋਰਟ ਨੇ ਦਿੱਤੀ ਜਮਾਨਤ

ਨਵੀਂ ਦਿੱਲੀ 7 ਅਕਤੂਬਰ। ਦਿੱਲੀ ਦੀ ਇਕ ਅਦਾਲਤ ਨੇ ਰਾਸ਼ਟਰੀ ਜਨਤਾ ਦਲ (ਰਾਜਦ) ਮੁਖੀ ਅਤੇ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਅਤੇ ਉਨ੍ਹਾਂ ਦੇ ਬੇਟਿਆਂ ਤੇਜਸਵੀ ਯਾਦਵ ਅਤੇ ਤੇਜ ਪ੍ਰਤਾਪ ਯਾਦਵ ਨੂੰ 'ਨੌਕਰੀ ਦੇ ਬਦਲੇ ਜਮੀਨ' ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਸੋਮਵਾਰ ਨੂੰ ਜਮਾਨਤ ਦੇ ਦਿੱਤੀ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਦੋਸ਼ੀਆਂ ਨੂੰ ਇਕ-ਇਕ ਲੱਖ ਰੁਪਏ ਦੇ ਨਿੱਜੀ ਮੁਚਲਕੇ 'ਤੇ ਜਮਾਨਤ ਦਿੰਦੇ ਹੋਏ ਕਿਹਾ ਕਿ ਜਾਂਚ ਦੌਰਾਨ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਸੀ। ਅਦਾਲਤ ਵਲੋਂ ਪਹਿਲੇ ਜਾਰੀ ਕੀਤੇ ਗਏ ਸੰਮਨ ਦੀ ਪਾਲਣਾ ਦੇ ਅਧੀਨ ਦੋਸ਼ੀ ਉਸ ਦੇ ਸਾਹਮਣੇ ਪੇਸ਼ ਹੋਏ। ਜੱਜ ਨੇ ਦੋਸ਼ੀਆਂ ਖ਼ਿਲਾਫ ਦਾਖਲ ਪੂਰਕ ਦੋਸ਼ ਪੱਤਰ ਦਾ ਨੋਟਿਸ ਲੈਣ ਤੋਂ ਬਾਅਦ ਸੰਮਨ ਜਾਰੀ ਕੀਤੇ ਸਨ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 6 ਅਗਸਤ ਨੂੰ ਅਦਾਲਤ ਦੇ ਸਾਹਮਣੇ ਅੰਤਿਮ ਰਿਪੋਰਟ ਦਾਇਰ ਕੀਤੀ ਸੀ। ਈ.ਡੀ. ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵਲੋਂ ਦਰਜ ਕੀਤੀ ਗਈ ਐੱਫ.ਆਈ.ਆਰ. ਦੇ ਆਧਾਰ 'ਤੇ ਆਪਣਾ ਮਾਮਲਾ ਦਰਜ ਕੀਤਾ। ਜਾਂਚ ਏਜੰਸੀ ਅਨੁਸਾਰ, ਇਹ ਮਾਮਲਾ 2004 ਤੋਂ 2009 ਤੱਕ ਰੇਲ ਮੰਤਰੀ ਵਜੋਂ ਲਾਲੂ ਦੇ ਕਾਰਜਕਾਲ ਦੌਰਾਨ ਮੱਧ ਪ੍ਰਦੇਸ਼ ਦੇ ਜਬਲਪੁਰ 'ਚ ਰੇਲਵੇ ਦੇ ਪੱਛਮ-ਮੱਧ ਜੋਨ 'ਚ ਗਰੁੱਪ ਡੀ 'ਚ ਹੋਈਆਂ ਭਰਤੀਆਂ ਨਾਲ ਜੁੜਿਆ ਹੈ। ਦੋਸ਼ ਹੈ ਕਿ ਰੇਲਵੇ 'ਚ ਭਰਤੀ ਹੋਣ ਵਾਲੇ ਲੋਕਾਂ ਨੇ ਨੌਕਰੀ ਦੇ ਬਦਲੇ ਲਾਲੂ ਦੇ ਪਰਿਵਾਰ ਦੇ ਮੈਂਬਰਾਂ ਅਤੇ ਸਹਿਯੋਗੀਆਂ ਨੂੰ ਤੋਹਫੇ ਵਜੋਂ ਜਮੀਨ ਦਿੱਤੀ ਸੀ।

## ਜਾਕਿਰ ਨਾਇਕ ਦਾ ਨਵਾਂ 'ਗਿਆਨ', ਪਾਕਿਸਤਾਨ 'ਚ ਰਹਿ ਕੇ ਸਵਰਗ ਜਾਣਾ ਸੌਖਾ

ਇਸਲਾਮਾਬਾਦ 7 ਅਕਤੂਬਰ। ਵਿਵਾਦਤ ਇਸਲਾਮਿਕ ਪ੍ਰਚਾਰਕ ਜਾਕਿਰ ਨਾਇਕ ਇਨ੍ਹੀਂ ਦਿਨੀਂ ਪਾਕਿਸਤਾਨ ਦੇ ਦੌਰੇ 'ਤੇ ਹੈ। ਇਸ ਦੌਰਾਨ ਉਸ ਨੇ ਅਜਿਹਾ ਬਿਆਨ ਦਿੱਤਾ ਹੈ, ਜਿਸ 'ਤੇ ਉਸ ਦਾ ਮਜਾਕ ਉਡਾਇਆ ਜਾ ਰਿਹਾ ਹੈ। ਇਸ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦਰਅਸਲ ਜਾਕਿਰ ਨਾਇਕ ਨੇ ਇਕ ਪ੍ਰੋਗਰਾਮ ਦੌਰਾਨ ਕਿਹਾ ਹੈ ਕਿ ਪਾਕਿਸਤਾਨ ਵਿੱਚ ਰਹਿ ਕੇ ਸਵਰਗ ਜਾਣ ਦੀ ਸੰਭਾਵਨਾ ਅਮਰੀਕਾ ਨਾਲੋਂ ਸੈਂਕੜੇ ਗੁਣਾ ਜ਼ਿਆਦਾ ਹੈ। ਜਾਕਿਰ ਨਾਇਕ ਸਾਹਬਾਜ ਸਰਕਾਰ ਦੇ ਸੱਦੇ 'ਤੇ ਇਕ ਮਹੀਨੇ ਦੀ ਯਾਤਰਾ 'ਤੇ ਪਾਕਿਸਤਾਨ ਪਹੁੰਚਿਆ ਹੈ, ਜਿਸ ਦੌਰਾਨ ਉਹ ਕਰਾਚੀ, ਇਸਲਾਮਾਬਾਦ ਅਤੇ ਲਾਹੌਰ ਸਮੇਤ ਵੱਡੇ ਸਹਿਰਾਂ ਵਿਚ ਉਪਦੇਸ ਦੇਵੇਗਾ। ਤਿੰਨ ਦਹਾਕਿਆਂ ਵਿੱਚ ਨਾਇਕ ਦੀ ਇਹ ਪਹਿਲੀ ਪਾਕਿਸਤਾਨ ਯਾਤਰਾ ਹੈ, ਆਖਰੀ ਵਾਰ ਉਹ 1992 ਵਿੱਚ ਪਾਕਿਸਤਾਨ ਗਿਆ ਸੀ। ਉਥੇ ਹੀ ਪਾਕਿਸਤਾਨ ਨੇ ਭਾਰਤ ਵਿੱਚ ਲੋੜੀਂਦੇ ਭਗੌੜੇ ਜਾਕਿਰ ਨਾਇਕ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਜਾਕਿਰ ਨੇ ਇਸਲਾਮਾਬਾਦ ਵਿੱਚ ਪ੍ਰਧਾਨ ਮੰਤਰੀ ਸਾਹਬਾਜ ਸਰੀਫ ਨਾਲ ਵੀ ਮੁਲਾਕਾਤ ਕੀਤੀ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਜਾਕਿਰ ਨਾਇਕ ਦੇ ਦੌਰੇ ਨੂੰ ਲੈ ਕੇ ਵਿਵਾਦ ਹੋਇਆ ਹੈ। ਦੋ ਦਿਨ ਪਹਿਲਾਂ ਹੀ ਜਾਕਿਰ ਨਾਇਕ ਪਾਕਿਸਤਾਨ ਦੇ ਇੱਕ ਅਨਾਥ ਆਸਰਮ ਵਿੱਚ ਗਿਆ ਸੀ। ਇਸ ਦੌਰਾਨ ਅਨਾਥ ਆਸਰਮ ਦੇ ਸੰਚਾਲਕ ਨੇ ਅਨਾਥ ਲੜਕੀਆਂ ਨੂੰ ਜਾਕਿਰ ਨਾਇਕ ਨੂੰ ਯਾਦਗਾਰੀ ਚਿੰਨ੍ਹ ਦੇਣ ਲਈ ਸਟੇਜ 'ਤੇ ਬੁਲਾਇਆ, ਜਿਸ 'ਤੇ ਜਾਕਿਰ ਨਾਇਕ ਗੁੱਸੇ 'ਚ ਆ ਗਿਆ ਅਤੇ ਸਟੇਜ ਤੋਂ ਚਲਾ ਗਿਆ। ਪਾਕਿਸਤਾਨੀ ਸੋਸਲ ਮੀਡੀਆ ਇਨਫਲੂਐਂਸਰ ਇਮਤਿਆਜ ਮਹਿਮੂਦ ਨੇ ਦਾਅਵਾ ਕੀਤਾ ਕਿ ਅਨਾਥ ਆਸਰਮ ਦੇ ਅਧਿਕਾਰੀਆਂ ਨੇ ਕੁੜੀਆਂ ਨੂੰ "ਧੀਆਂ" ਵਜੋਂ ਪੇਸ ਕੀਤਾ। ਜਾਕਿਰ ਨਾਇਕ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ "ਗੈਰ-ਮਹਰਮ" ਦੱਸਦੇ ਹੋਏ ਕਿਹਾ, "ਤੁਸੀਂ ਉਨ੍ਹਾਂ ਨੂੰ ਛੂਹ ਨਹੀਂ ਸਕਦੇ ਜਾਂ ਉਨ੍ਹਾਂ ਨੂੰ ਆਪਣੀਆਂ ਧੀਆਂ ਨਹੀਂ ਕਹਿ ਸਕਦੇ।"

# ਆਰ. ਜੀ. ਕਰ ਟ੍ਰੇਨੀ ਡਾਕਟਰ ਨਾਲ ਨਹੀਂ ਹੋਇਆ ਸੀ ਗੈਂਗਰੇਪ

**ਏਜੰਸੀਆਂ**

ਨਵੀਂ ਦਿੱਲੀ 7 ਅਕਤੂਬਰ। ਸੀਬੀਆਈ ਨੇ ਸੋਮਵਾਰ ਨੂੰ ਕੋਲਕਾਤਾ ਦੇ ਆਰ. ਜੀ. ਕਰ ਮੈਡੀਕਲ ਕਾਲਜ ਵਿਚ ਇਕ ਟ੍ਰੇਨੀ ਡਾਕਟਰ ਨਾਲ ਜਬਰ-ਜਨਾਹ ਅਤੇ ਹੱਤਿਆ ਦੇ ਮਾਮਲੇ ਵਿਚ ਚਾਰਜਸੀਟ ਦਾਖਲ ਕੀਤੀ ਹੈ। ਕੋਲਕਾਤਾ ਦੀ ਸਿਆਲਦਾਹ ਅਦਾਲਤ ਵਿਚ ਦਾਇਰ ਚਾਰਜਸੀਟ ਵਿਚ ਸੀਬੀਆਈ ਨੇ ਖੁਲਾਸਾ ਕੀਤਾ ਹੈ ਕਿ ਟ੍ਰੇਨੀ ਡਾਕਟਰ ਨਾਲ ਸਮੂਹਿਕ ਜਬਰ-ਜਨਾਹ ਨਹੀਂ ਹੋਇਆ ਸੀ, ਉਸ ਨਾਲ ਸੰਜੇ ਰਾਏ ਨੇ ਹੀ ਜਬਰ-ਜਨਾਹ ਕੀਤਾ ਸੀ। ਅਪਰਾਧ ਕਰਨ ਤੋਂ ਬਾਅਦ ਉਸ ਨੇ ਡਾਕਟਰ ਦੀ ਹੱਤਿਆ ਕਰ ਦਿੱਤੀ। ਸੀਬੀਆਈ ਨੇ ਮੁਲਜਮ ਸੰਜੇ ਰਾਏ ਖ਼ਿਲਾਫ ਕਤਲ ਅਤੇ ਜਬਰ-ਜਨਾਹ ਦੀਆਂ ਧਾਰਾਵਾਂ ਤਹਿਤ ਚਾਰਜਸੀਟ ਦਾਖਲ ਕੀਤੀ ਹੈ। ਸੀਬੀਆਈ ਦੀ ਚਾਰਜਸੀਟ ਵਿਚ 200 ਲੋਕਾਂ ਦੇ ਬਿਆਨ ਸਾਮਲ ਕੀਤੇ ਗਏ ਹਨ। ਇਹ ਚਾਰਜਸੀਟ 200 ਤੋਂ ਵੱਧ ਪੰਨਿਆਂ ਦੀ ਹੈ। ਇਸ ਮਾਮਲੇ ਵਿਚ ਇਹ ਪਹਿਲੀ ਚਾਰਜਸੀਟ ਹੈ। ਮੰਨਿਆ ਜਾ ਰਿਹਾ ਹੈ ਕਿ ਅਗਲੀ ਜਾਂਚ ਤੋਂ ਬਾਅਦ ਸੀਬੀਆਈ ਇਸ ਮਾਮਲੇ ਵਿਚ ਇਕ ਹੋਰ ਚਾਰਜਸੀਟ ਵੀ ਦਾਖਲ ਕਰ ਸਕਦੀ ਹੈ। ਇਸ ਮਾਮਲੇ ਵਿਚ ਸੀਬੀਆਈ ਨੇ ਆਪਣੀ ਚਾਰਜਸੀਟ ਵਿਚ ਅਦਾਲਤ ਦੇ ਸਾਹਮਣੇ ਸਾਰੇ ਤੱਥ ਪੇਸ ਕੀਤੇ ਹਨ। ਹੁਣ ਉਮੀਦ ਕੀਤੀ ਜਾ ਰਹੀ ਹੈ ਕਿ ਸੀਬੀਆਈ ਦੀ ਚਾਰਜਸੀਟ ਤੋਂ ਬਾਅਦ ਟ੍ਰੇਨੀ ਡਾਕਟਰ ਨੂੰ ਜਲਦੀ ਇਨਸਾਫ ਮਿਲ ਸਕਦਾ ਹੈ। ਸੰਜੇ ਰਾਏ ਹਸਪਤਾਲ ਲਈ ਨਾਗਰਿਕ ਭਲਾਈ



ਵਲੰਟੀਅਰ ਵਜੋਂ ਕੰਮ ਕਰਦੇ ਸਨ। ਹਸਪਤਾਲ ਦੇ ਮੇਨ ਗੇਟ ਦੇ ਸੀਸੀਟੀਵੀ ਅਤੇ ਮ੍ਰਿਤਕ ਸੰਜੇ ਰਾਏ ਦੇ ਬਲੂਟੁੱਥ ਡਿਵਾਈਸ ਨੇ ਮ੍ਰਿਤਕ ਦੇਹ ਦੇ ਕੋਲ ਪਏ ਸੰਜੇ ਰਾਏ ਦੀ ਇਸ ਪੂਰੀ ਘਟਨਾ ਵਿਚ ਭੂਮਿਕਾ ਦੀ ਪੁਸਟੀ ਕੀਤੀ ਹੈ। ਦੱਸਿਆ ਗਿਆ ਕਿ 8 ਅਗਸਤ ਦੀ ਸਵੇਰ ਨੂੰ ਕੋਲਕਾਤਾ ਆ ਕੇ ਸੰਜੇ ਆਰ. ਜੀ. ਕਰ ਤੋਂ ਬਾਅਦ ਸਿੱਧਾ ਹਸਪਤਾਲ ਚਲਾ ਗਿਆ। ਉੱਥੇ ਉਹ ਦਲਾਲ ਦਾ ਕੰਮ ਕਰਦਾ ਸੀ। ਮਰੀਜਾਂ ਨੂੰ ਦਾਖਲ ਕਰਵਾਉਣ ਵਿਚ ਉਸ ਦੀ ਮਦਦ ਕਰਕੇ ਉਸ ਨੂੰ ਆਰ. ਜੀ. ਕਰ ਹਸਪਤਾਲ ਵਿਚ ਮੁਫਤ ਆਉਣ ਅਤੇ ਜਾਣ ਦਿੱਤਾ ਗਿਆ। 9 ਅਗਸਤ ਨੂੰ ਸਵੇਰੇ 1 ਵਜੇ ਸੰਜੇ ਰਾਏ ਇਕ ਮਰੀਜ ਦੀ ਮਦਦ ਕਰਨ ਲਈ ਹਸਪਤਾਲ ਪਰਤਿਆ ਜਿਸ ਦੀ ਸਰਜਰੀ ਅਗਲੇ ਦਿਨ ਲਈ ਤੈਅ ਕੀਤੀ ਗਈ ਸੀ। ਫਿਰ ਰਾਤ ਨੂੰ ਹੀ ਉਸ ਨੇ ਹਸਪਤਾਲ ਦੇ ਪਿੱਛੇ ਬਣੀ ਬਿਲਡਿੰਗ ਵਿਚ ਮਰੀਜ ਦੇ ਰਿਸਤੇਦਾਰ ਨਾਲ ਸਰਾਬ ਪੀਤੀ। ਦੱਸਿਆ ਗਿਆ ਕਿ ਤੜਕੇ 3:00 ਵਜੇ ਸੰਜੇ ਹਸਪਤਾਲ ਦੇ ਚੈਸਟ ਫਿਜੀਸੀਅਨ ਤੀਜੀ ਮੰਜ਼ਿਲ 'ਤੇ ਵਾਪਸ ਆਉਂਦੇ ਹਨ। ਕੁਝ ਦੇਰ ਬਾਅਦ ਉਹ ਸੈਮੀਨਾਰ ਹਾਲ ਵਿਚ ਦਾਖਲ ਹੋਇਆ, ਜਿੱਥੇ ਟ੍ਰੇਨੀ ਡਾਕਟਰ ਆਰਾਮ ਕਰ ਰਹੀ ਸੀ। ਉਸ ਨੇ ਜਬਰ-ਜਨਾਹ ਕਰਨ ਤੋਂ ਬਾਅਦ ਡਾਕਟਰ ਦਾ ਕਤਲ ਕਰ ਦਿੱਤਾ।

ਕਰੀਬ 40-45 ਮਿੰਟਾਂ ਬਾਅਦ ਸੰਜੇ ਕਾਹਲੀ ਨਾਲ ਸੈਮੀਨਾਰ ਹਾਲ ਤੋਂ ਬਾਹਰ ਆ ਗਿਆ।

# ਸ਼ਹੀਦਾਂ ਦੇ ਪਰਿਵਾਰਾਂ ਲਈ ਮਦਦਗਾਰ ਬਣੀ ਪੰਜਾਬ ਸਰਕਾਰ

**ਨਵਦੀਪ ਸਿੰਘ ਸਾਹਨੀ**

ਜਲੰਧਰ 7 ਅਕਤੂਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇਸ਼ ਦੀਆਂ ਸਰਹੱਦਾਂ 'ਤੇ ਸ਼ਹੀਦ ਹੋਣ ਵਾਲੇ ਸੂਰਮਿਆਂ ਦੇ ਪਰਿਵਾਰਾਂ ਲਈ ਮਦਦਗਾਰ ਸਾਬਤ ਹੋ ਰਹੀ ਹੈ। ਘਰ ਦੇ ਨੌਜਵਾਨ ਪੁੱਤ ਦੇ ਸ਼ਹੀਦ ਹੋਣ ਦਾ ਘਾਟਾ ਭਾਵੇਂ ਸਾਰੀ ਜ਼ਿੰਦਗੀ ਪੂਰਾ ਨਹੀਂ ਕੀਤਾ ਜਾ ਸਕਦਾ ਪਰ ਪੰਜਾਬ ਸਰਕਾਰ ਵੱਲੋਂ ਇਕ ਕਰੋੜ ਰੁਪਏ ਦੀ ਮਾਲੀ ਮਦਦ ਮਿਲਣ ਨਾਲ ਸ਼ਹੀਦ ਦੇ ਪਰਿਵਾਰ ਨੂੰ ਵੱਡੀ ਆਰਥਿਕ ਮਦਦ ਮਿਲ ਰਹੀ ਹੈ। ਇਸ ਨਾਲ ਨਾ ਸਿਰਫ ਪਰਿਵਾਰ ਦਾ ਜੀਵਨ ਪੱਧਰ ਸਹੀ ਹੋ ਰਿਹਾ ਹੈ ਸਗੋਂ ਸ਼ਹੀਦ ਦੇ ਪਿੱਛੇ ਰਹਿ ਗਏ ਮਾਂ-ਪਿਓ, ਪਤਨੀ ਅਤੇ ਬੱਚਿਆਂ ਨੂੰ ਜੀਵਨ ਬਸਰ ਕਰਨ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਸਹੀਦਾਂ ਦੇ ਪਰਿਵਾਰਾਂ ਨੂੰ ਬਣਦਾ ਮਾਨ ਸਨਮਾਨ ਦੇਣ ਦਾ ਆਪਣਾ ਫਰਜ ਨਿਭਾਉਂਦੇ ਹੋਏ ਪੰਜਾਬ ਸਰਕਾਰ ਵੱਲੋਂ ਸਹੀਦ ਸ. ਗੁਰਪ੍ਰੀਤ ਸਿੰਘ ਦੇ ਪਰਿਵਾਰ ਨੂੰ ਇਕ ਕਰੋੜ ਦੀ ਰਾਸੀ ਭੇਟ ਕੀਤੀ ਗਈ। ਗੁਰਦਾਸਪੁਰ ਦੇ ਸ਼ਹੀਦ ਗੁਰਪ੍ਰੀਤ ਸਿੰਘ ਦੀ ਪਤਨੀ ਕਮਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੇ



ਪਤੀ ਗੁਰਪ੍ਰੀਤ ਕੌਰ ਜਨਵਰੀ ਵਿਚ ਜਲੰਧਰ ਵਿਖੇ ਇਕ ਹਾਦਸੇ ਦੌਰਾਨ ਸ਼ਹੀਦ ਹੋਏ ਸਨ। ਉਹ ਜਲੰਧਰ ਦੇ ਪੀ. ਏ. ਪੀ. ਵਿਚ ਫੋਰਸ ਲੈਣ ਲਈ ਜਾ ਰਹੇ ਸਨ ਕਿ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ। ਸਾਡੇ ਦੋ ਬੱਚੇ ਹਨ, ਜਿਨ੍ਹਾਂ ਵਿਚੋਂ ਮੇਰੀ ਬੇਟੀ ਤੀਜੀ ਜਮਾਤ ਵਿਚ ਪੜ੍ਹਦੀ ਹੈ ਜਦਕਿ ਮੇਰਾ ਬੇਟਾ ਅਜੇ ਇਕ ਸਾਲ ਦਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜਿਸ ਦਿਨ ਗੁਰਪ੍ਰੀਤ ਸਿੰਘ ਸ਼ਹੀਦ ਹੋਏ ਸਨ, ਉਸ ਦਿਨ ਉਨ੍ਹਾਂ ਦੇ ਪੁੱਤਰ ਦਾ ਜਨਮ ਦਿਨ ਸੀ। ਦੁੱਖ ਭਰੀ ਦਾਸਤਾਨ ਸੁਣਾਉਂਦੇ ਕਮਲਜੀਤ ਕੌਰ ਨੇ ਦੱਸਿਆ ਕਿ ਸਾਡਾ ਪਰਿਵਾਰ ਸ਼ਹੀਦਾਂ ਦਾ ਪਰਿਵਾਰ ਰਿਹਾ ਹੈ। ਜਦੋਂ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਤਿੰਨ ਮਹੀਨਿਆਂ ਦੇ ਸਨ ਤਾਂ ਉਸ ਸਮੇਂ ਉਨ੍ਹਾਂ ਦੇ ਪਿਤਾ ਵੀ ਇਸੇ ਤਰ੍ਹਾਂ ਹਾਦਸੇ ਦੌਰਾਨ ਸ਼ਹੀਦ ਹੋਏ ਸਨ। ਇਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਿਰਫ ਆਰਥਿਕ ਮਦਦ ਹੀ ਨਹੀਂ ਕੀਤੀ ਜਾਂਦੀ ਸਗੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਸ਼ਹੀਦ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਵੰਡਾਉਂਦੇ ਹਨ।

## ਨਿਤੀਸ਼ ਨੂੰ ਮਿਲੇ 'ਭਾਰਤ ਰਤਨ', ਪਟਨਾ 'ਚ ਜਨਤਾ ਦਲ (ਯੂ) ਦੇ ਦਫਤਰ ਦੇ ਬਾਹਰ ਲੱਗੇ ਪੋਸਟਰ

ਪਟਨਾ, 7 ਅਕਤੂਬਰ। ਜਨਤਾ ਦਲ (ਯੂ) ਨੇ ਸਨੀਵਾਰ ਰਾਜਧਾਨੀ ਪਟਨਾ 'ਚ ਕਈ ਥਾਵਾਂ 'ਤੇ ਪੋਸਟਰ ਲਾ ਕੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਨੂੰ ਦੇਸ ਦੇ ਸਰਵਉੱਚ ਨਾਗਰਿਕ ਪੁਰਸਕਾਰ 'ਭਾਰਤ ਰਤਨ' ਨਾਲ ਸਨਮਾਨਿਤ ਕਰਨ ਦੀ ਮੰਗ ਕੀਤੀ। ਅਜਿਹਾ ਹੀ ਇਕ ਪੋਸਟਰ ਬੀਰਚੰਦ ਪਟੇਲ ਮਾਰਗ 'ਤੇ ਜਨਤਾ ਦਲ (ਯੂ) ਦੇ ਉਸ ਦਫਤਰ ਦੇ ਮੁੱਖ ਗੇਟ ਦੇ ਬਿਲਕੁਲ ਕੋਲ ਲੱਗਾ ਵੇਖਿਆ ਗਿਆ, ਜਿੱਥੇ ਪਾਰਟੀ ਪ੍ਰਧਾਨ ਨਿਤੀਸ ਕੁਮਾਰ ਸੂਬਾਈ ਕਾਰਜਕਾਰਨੀ ਦੀ ਹੋ ਰਹੀ ਬੈਠਕ ਵਿਚ ਹਿੱਸਾ ਲੈ ਰਹੇ ਸਨ। ਜਨਤਾ ਦਲ (ਯੂ) ਦੇ ਇਕ ਨੇਤਾ ਨੇ ਆਪਣਾ ਨਾਂ ਗੁਪਤ ਰੱਖਣ ਦੀ ਸਰਤ 'ਤੇ ਕਿਹਾ ਕਿ ਅਸੀਂ ਇਹ ਨਹੀਂ ਕਹਿ ਸਕਦੇ ਕਿ 'ਭਾਰਤ ਰਤਨ' ਦੀ ਮੰਗ ਜਨਤਾ ਦਲ (ਯੂ) ਦਾ ਅਧਿਕਾਰਤ ਸਟੈਂਡ ਹੈ ਪਰ ਪਾਰਟੀ ਦਾ ਹਰ ਵਰਕਰ ਦਿਲੋਂ ਮੰਨਦਾ ਹੈ ਕਿ ਨਿਤੀਸ ਕੁਮਾਰ ਦੇਸ ਦੇ ਸਰਵਉੱਚ ਨਾਗਰਿਕ ਸਨਮਾਨ ਦੇ ਹੱਕਦਾਰ ਹਨ। ਨਿਤੀਸ ਕੁਮਾਰ ਸੂਬੇ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਮੁੱਖ ਮੰਤਰੀ ਹਨ ਜੋ 2005 ਤੋਂ ਸੂਬੇ ਦੀ ਸੱਤਾ ਤੇ ਕਾਬਜ ਹਨ। ਇਸ ਦੌਰਾਨ ਕੁਝ ਮਹੀਨਿਆਂ ਲਈ ਜੀਤਨ ਰਾਮ ਮਾਂਝੀ ਮੁੱਖ ਮੰਤਰੀ ਰਹੇ ਸਨ।

# ਸੀਜੇਆਈ ਚੰਦਰਚੂੜ ਦੀ ਰਿਟਾਇਰਮੈਂਟ ਤੋਂ ਪਹਿਲਾਂ ਇਨ੍ਹਾਂ ਅਹਿਮ ਫੈਸਲਿਆਂ 'ਤੇ ਨਜਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 7 ਅਕਤੂਬਰ। ਸੀਜੇਆਈ ਜਸਟਿਸ ਡੀਵਾਈ ਚੰਦਰਚੂੜ 10 ਨਵੰਬਰ ਨੂੰ ਸੇਵਾਮੁਕਤ ਹੋ ਜਾਣਗੇ। ਆਪਣਾ ਅਹੁਦਾ ਛੱਡਣ ਤੋਂ ਪਹਿਲਾਂ ਉਨ੍ਹਾਂ ਨੂੰ ਇਕ ਵੱਡਾ ਕੰਮ ਪੂਰਾ ਕਰਨਾ ਹੈ। ਦਰਅਸਲ, ਸੀਜੇਆਈ ਕੋਲ 8 ਨਵੰਬਰ (ਸੁੱਕਰਵਾਰ) ਨੂੰ ਆਖਰੀ ਕੰਮਕਾਜੀ ਦਿਨ ਤੋਂ ਪਹਿਲਾਂ ਸਿਰਫ 15 ਕੰਮਕਾਜੀ ਦਿਨ ਬਚੇ ਹਨ, ਜਿਸ ਦੌਰਾਨ ਉਨ੍ਹਾਂ ਨੇ ਸੰਵਿਧਾਨਕ ਬੈਂਚ ਦੇ ਕਈ ਫੈਸਲੇ ਅਤੇ ਆਦੇਸ ਦੇਣੇ ਹਨ, ਜਿਸ 'ਤੇ ਉਨ੍ਹਾਂ ਨੇ ਆਪਣਾ ਹੁਕਮ ਰਾਖਵਾਂ ਰੱਖ ਲਿਆ ਹੈ। ਆਓ ਜਾਣਦੇ ਹਾਂ ਕਿ ਅਜਿਹੇ ਕਿਹੜੇ ਮਾਮਲੇ ਕੋਲ ਪੈਂਡਿੰਗ ਹਨ, ਜਿਨ੍ਹਾਂ 'ਤੇ ਉਨ੍ਹਾਂ ਨੇ ਆਪਣਾ ਫੈਸਲਾ ਦੇਣਾ ਹੈ। ਫਰਵਰੀ ਵਿਚ ਸੁਪਰੀਮ ਕੋਰਟ ਦੇ 7 ਜੱਜਾਂ ਦੀ ਸੰਵਿਧਾਨਕ ਬੈਂਚ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏਐੱਮਯੂ) ਦੇ ਘੱਟ ਗਿਣਤੀ ਦਰਜੇ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਅਦਾਲਤ ਇਹ ਫੈਸਲਾ ਕਰਨ ਲਈ ਆਉਣ ਵਾਲੇ ਦਿਨਾਂ ਵਿਚ ਆਪਣਾ ਆਦੇਸ ਦੇਵੇਗੀ ਕਿ ਕੀ ਏਐੱਮਯੂ ਨੂੰ ਭਾਰਤ ਦੇ ਸੰਵਿਧਾਨ ਦੀ ਧਾਰਾ 30 ਦੇ ਤਹਿਤ ਘੱਟ ਗਿਣਤੀ ਦਾ ਦਰਜਾ ਪ੍ਰਾਪਤ ਹੈ ਜਾਂ ਨਹੀਂ। ਸੰਵਿਧਾਨ ਦਾ ਧਾਰਾ 30 ਇਹ ਵਿਵਸਥਾ ਕਰਦੀ ਹੈ ਕਿ ਸਾਰੀਆਂ ਘੱਟ ਗਿਣਤੀਆਂ, ਭਾਵੇਂ ਧਰਮ ਜਾਂ ਭਾਸਾ ਦੇ ਆਧਾਰ 'ਤੇ ਹੋਣ ਨੂੰ ਆਪਣੀ ਪਸੰਦ ਦੇ ਵਿੱਦਿਅਕ ਅਦਾਰਿਆਂ ਦੀ ਸਥਾਪਨਾ ਅਤੇ ਪ੍ਰਬੰਧ ਕਰਨ ਦਾ ਅਧਿਕਾਰ ਹੋਵੇਗਾ। 5 ਜੱਜਾਂ ਦੀ ਸੰਵਿਧਾਨਕ ਬੈਂਚ ਇਹ ਫੈਸਲਾ ਕਰੇਗੀ ਕਿ ਕੀ ਭਰਤੀ ਪ੍ਰਕਿਰਿਆ ਦੇ ਨਿਯਮਾਂ ਨੂੰ ਬਦਲਿਆ ਜਾ ਸਕਦਾ ਹੈ ਜਾਂ ਨਹੀਂ। ਇਸ ਮਾਮਲੇ ਦਾ ਫੈਸਲਾ ਜੁਲਾਈ 2023 ਲਈ ਰਾਖਵਾਂ ਰੱਖਿਆ ਗਿਆ ਸੀ। ਮਾਮਲਾ ਰਾਜਸਥਾਨ ਹਾਈ ਕੋਰਟ ਨਾਲ ਸਬੰਧਤ ਹੈ, ਜਦੋਂ 2013 ਵਿਚ ਅਨੁਵਾਦਕਾਂ ਦੀਆਂ ਅਸਾਮੀਆਂ ਦੀ ਭਰਤੀ ਦੌਰਾਨ ਕੁਝ ਨਿਯਮਾਂ ਵਿਚ ਬਦਲਾਅ ਕੀਤਾ ਗਿਆ ਸੀ। ਜਿਹੜੇ ਉਮੀਦਵਾਰ ਪਹਿਲਾਂ ਹੀ ਲਿਖਤੀ ਪ੍ਰੀਖਿਆ ਅਤੇ ਜੁਬਾਨੀ ਪ੍ਰੀਖਿਆ ਲਈ ਬੈਠੇ ਸਨ, ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਸਿਰਫ ਉਹੀ ਉਮੀਦਵਾਰ ਨਿਯੁਕਤੀ ਲਈ ਯੋਗ ਹੋਣਗੇ ਜਿਨ੍ਹਾਂ ਨੇ ਆਪਣੀ ਪ੍ਰੀਖਿਆ ਵਿਚ ਘੱਟੋ-ਘੱਟ 75 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਇਸ ਫੈਸਲੇ ਦਾ ਉਨ੍ਹਾਂ ਉਮੀਦਵਾਰਾਂ 'ਤੇ ਵਿਆਪਕ ਪ੍ਰਭਾਵ ਪਵੇਗਾ ਜੋ ਅਜਿਹੀਆਂ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ ਪ੍ਰੀਖਿਆਵਾਂ ਦਿੰਦੇ ਹਨ। ਸੁਪਰੀਮ ਕੋਰਟ ਦੀ 5 ਜੱਜਾਂ ਦੀ ਸੰਵਿਧਾਨਕ ਬੈਂਚ ਨਾਗਰਿਕਤਾ ਕਾਨੂੰਨ 1955 ਦੀ



ਧਾਰਾ 6ਏ ਨੂੰ ਚੁਣੌਤੀ ਦੇਣ ਵਾਲੀਆਂ ਪਟੀਸਨਾਂ 'ਤੇ ਆਪਣਾ ਫੈਸਲਾ ਦੇਵੇਗੀ। ਸੀਜੇਆਈ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਸੂਰਿਆਕਾਂਤ, ਐੱਮਐੱਮ ਸੁੰਦਰੇਸ, ਜੇਬੀ ਪਾਰਦੀਵਾਲਾ ਅਤੇ ਮਨੋਜ ਮਿਸਰਾ ਦੀ 5 ਜੱਜਾਂ ਦੀ ਬੈਂਚ ਨੇ ਦਸੰਬਰ 2023 ਵਿਚ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਧਾਰਾ 6ਏ ਤਹਿਤ ਵਿਦੇਸੀ ਜੋ 1 ਜਨਵਰੀ, 1966 ਤੋਂ ਪਹਿਲਾਂ ਅਸਾਮ ਵਿਚ ਦਾਖਲ ਹੋਏ ਸਨ ਅਤੇ ਆਮ ਤੌਰ 'ਤੇ ਰਾਜ ਵਿਚ ਰਹਿੰਦੇ ਹਨ, ਉਨ੍ਹਾਂ ਕੋਲ ਭਾਰਤੀ ਨਾਗਰਿਕਾਂ ਦੇ ਸਾਰੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੋਣਗੀਆਂ। ਜਿਹੜੇ ਲੋਕ 1 ਜਨਵਰੀ, 1966 ਅਤੇ 25 ਮਾਰਚ, 1971 ਦੇ ਵਿਚਕਾਰ ਰਾਜ ਵਿਚ ਦਾਖਲ ਹੋਏ ਸਨ, ਉਨ੍ਹਾਂ ਦੇ ਇੱਕੋ ਜਿਹੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੋਣਗੀਆਂ, ਸਿਵਾਏ ਉਹ 10 ਸਾਲ ਤੱਕ ਵੋਟ ਨਹੀਂ ਪਾ ਸਕਣਗੇ। ਸੁਪਰੀਮ ਕੋਰਟ ਦਾ ਫੈਸਲਾ ਇਹ ਵੀ ਤੈਅ ਕਰੇਗਾ ਕਿ ਸੰਸਦ ਨੂੰ ਨਾਗਰਿਕਤਾ ਕਾਨੂੰਨ ਬਣਾਉਣ ਦਾ ਕਿੰਨਾ ਅਧਿਕਾਰ ਹੈ। ਸੁਪਰੀਮ ਕੋਰਟ ਦੀ 9 ਜੱਜਾਂ ਦੀ ਸੰਵਿਧਾਨਕ ਬੈਂਚ ਇਸ ਮੁੱਦੇ 'ਤੇ ਫੈਸਲਾ ਕਰੇਗੀ ਕਿ ਸਰਕਾਰ ਦੇ ਅਧਿਕਾਰ ਖੇਤਰ ਨੂੰ ਨਿੱਜੀ ਜਾਇਦਾਦਾਂ ਨੂੰ ਹਾਸਲ ਕਰਨ ਅਤੇ ਮੁੜ ਵੰਡਣ ਦੇ ਅਧਿਕਾਰ ਖੇਤਰ ਦੇ ਹਨ ਅਤੇ ਕੀ ਉਨ੍ਹਾਂ ਨੂੰ ਸੰਵਿਧਾਨ ਦੀ ਧਾਰਾ 39 (ਬੀ) ਮੁਤਾਬਕ ਸਮਾਜ ਦੇ ਭੌਤਿਕ ਸਰੋਤਾਂ ਵਜੋਂ ਮੰਨਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਆਰਟੀਕਲ 39(ਬੀ) ਸੰਵਿਧਾਨ ਦੀ ਰਾਜ ਨੀਤੀ ਦੇ ਨਿਰਦੇਸਕ ਸਿਧਾਂਤਾਂ ਦੇ ਅਧੀਨ ਆਉਂਦਾ ਹੈ, ਜੋ ਇਹ ਪ੍ਰਦਾਨ ਕਰਦਾ ਹੈ ਕਿ ਭਾਈਚਾਰੇ ਦੇ ਪਦਾਰਥਕ ਸਰੋਤਾਂ ਦੀ ਮਾਲਕੀ ਅਤੇ ਨਿਯੰਤਰਣ ਇਸ ਤਰੀਕੇ ਨਾਲ ਵੰਡਿਆ ਜਾਵੇਗਾ ਕਿ ਇਹ ਲੋਕਾਂ ਦੇ ਆਮ ਹਿੱਤ ਵਿਚ ਹੋਵੇ। ਉਸੇ ਸਮੇਂ ਆਰਟੀਕਲ 31(ਸੀ) ਕੁਝ ਨਿਰਦੇਸਕ ਸਿਧਾਂਤਾਂ ਨੂੰ ਪ੍ਰਭਾਵਤ ਕਰਨ ਵਾਲੇ ਕਾਨੂੰਨਾਂ ਦੀ ਰੱਖਿਆ ਕਰਦਾ ਹੈ। ਅਦਾਲਤ ਦੇ ਸਾਹਮਣੇ ਮੁੱਖ ਮੁੱਦਾ ਸੰਵਿਧਾਨ ਦੇ ਦੋ ਉਪਬੰਧਾਂ- ਧਾਰਾ 31 ਸੀ ਅਤੇ ਧਾਰਾ 39 (ਬੀ) ਨਾਲ ਸਬੰਧਤ ਹੈ। ਇਹ ਦੋਵੇਂ ਲੇਖ ਰਾਜ ਨੀਤੀ ਦੇ ਨਿਰਦੇਸਕ ਸਿਧਾਂਤਾਂ ਦਾ ਹਿੱਸਾ ਹਨ। ਸੰਵਿਧਾਨ ਕਹਿੰਦਾ ਹੈ ਕਿ ਕਾਨੂੰਨ ਬਣਾਉਣ ਵੇਲੇ ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਨਾ ਰਾਜ ਦਾ ਫਰਜ ਹੋਵੇਗਾ। ਸੁਪਰੀਮ ਕੋਰਟ ਦੇ ਵਿਦੇਸੀ ਨਿਵੇਸਕਾਂ ਦੀ ਪਟੀਸਨ 'ਤੇ ਆਪਣਾ ਫੈਸਲਾ ਸੁਣਾਵੇਗੀ, ਜਿਸ ਵਿਚ ਅਮਰੀਕੀ ਰਿਣਦਾਤਾ ਟਰੱਸਟ ਕੰਪਨੀ ਦੁਆਰਾ ਦੇ ਖਿਲਾਫ ਦੀਵਾਲੀਆਪਨ ਦੀ ਕਾਰਵਾਈ ਨੂੰ ਰੱਦ ਕਰਨ ਅਤੇ ਨੈਸਨਲ ਕੰਪਨੀ ਲਾਅ ਐਪੀਲੇਟ ਟ੍ਰਿਬਿਊਨਲ ਦੁਆਰਾ ਇਸ ਦੇ ਬੋਰਡ ਨੂੰ ਬਹਾਲ ਕਰਨ ਲਈ ਦਾਇਰ ਕੀਤੇ ਗਏ ਮਾਮਲੇ ਵਿਚ ਦਖਲ ਦੀ ਮੰਗ ਕੀਤੀ ਗਈ ਹੈ। ਭਾਰਤ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਹੁਕਮਾਂ ਨੂੰ ਸੁਰੱਖਿਅਤ ਰੱਖਦਿਆਂ ਇਹ ਵੀ ਸਪੱਸਟ ਕੀਤਾ ਸੀ ਕਿ ਜਦੋਂ ਤੱਕ ਫੈਸਲਾ ਨਹੀਂ ਸੁਣਾਇਆ ਜਾਂਦਾ, ਅੰਤਰਿਮ ਰੈਜ਼ੋਲਿਊਸਨ ਪੇਸਾਵਰ ਯਥਾ-ਸਥਿਤੀ ਬਰਕਰਾਰ ਰੱਖਣਗੇ ਅਤੇ ਕਰਜਦਾਰਾਂ ਦੀ ਕਮੇਟੀ ਦੀ ਕੋਈ ਮੀਟਿੰਗ ਨਹੀਂ ਕਰਨਗੇ।

# ਸਫਾਈ ਸੇਵਕ ਤੋਂ ਮਹੀਨਾਵਾਰ ਰਿਸ਼ਵਤ ਮੰਗਣ ਦੇ ਦੋਸ਼ ਹੇਠ ਨਗਰ ਨਿਗਮ ਲੁਧਿਆਣਾ ਦਾ ਨੰਬਰਦਾਰ ਕਾਬੂ

ਚੰਡੀਗੜ੍ਹ 7 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਨਗਰ ਨਿਗਮ ਜ਼ੋਨ ਏ, ਲੁਧਿਆਣਾ ਦੇ ਨੰਬਰਦਾਰ ਪੰਕਜ ਕੁਮਾਰ ਨੂੰ ਇੱਕ ਸਫਾਈ ਸੇਵਕ ਤੋਂ 5,000 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਮੰਗਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਅਸ਼ੋਕ ਕੁਮਾਰ ਵਾਸੀ ਪਿੰਡ ਮੱਤੇਵਾੜਾ, ਲੁਧਿਆਣਾ ਨੇ ਉਕਤ ਮੁਲਜ਼ਮ ਪੰਕਜ ਕੁਮਾਰ ਨੰਬਰਦਾਰ ਖਿਲਾਫ਼ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਸ਼ਿਕਾਇਤ ਦਰਜ ਕਰਵਾਈ ਅਤੇ ਦੋਸ਼ ਲਾਇਆ ਕਿ ਉਹ ਲੁਧਿਆਣਾ ਸ਼ਹਿਰ ਦੇ ਪ੍ਰੇਮ ਵਿਹਾਰ ਇਲਾਕੇ ਵਿੱਚ ਸਫਾਈ ਸੇਵਕ ਵਜੋਂ ਸਵੇਰੇ 6 ਵਜੇ ਤੋਂ 11 ਵਜੇ ਤੱਕ ਅਤੇ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਕੰਮ ਕਰਦਾ ਹੈ। ਉਸ ਨੇ ਅੱਗੇ ਦੱਸਿਆ ਕਿ 800 ਮੀਟਰ ਦੇ ਘੇਰੇ ਵਿਚ ਕੰਮ ਕਰਨ ਦੀਆਂ ਹਦਾਇਤਾਂ ਦੇ ਬਾਵਜੂਦ, ਉਸ ਨੂੰ 2400 ਮੀਟਰ ਦਾ ਖੇਤਰ ਦਿੱਤਾ ਗਿਆ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਮੁਲਜ਼ਮ ਨੰਬਰਦਾਰ ਨੇ ਉਸ ਨੂੰ ਡਿਊਟੀ ਤੋਂ ਪੂਰੀ ਤਰ੍ਹਾਂ ਛੋਟ ਦੇਣ ਲਈ 5,000 ਰੁਪਏ ਮਹੀਨਾ ਰਿਸ਼ਵਤ ਦੀ ਮੰਗ ਕੀਤੀ, ਜਿਸ ਤੋਂ ਸ?ਿਕਾਇਤਕਰਤਾ ਨੇ ਇਨਕਾਰ ਕਰ ਦਿੱਤਾ। ਇਸ ਤੋਂ ਇਲਾਵਾ ਪੰਕਜ ਕੁਮਾਰ ਨੇ ਦੁਪਹਿਰ ਦੀ ਸ?ਿਫਟ ਵਿੱਚ ਡਿਊਟੀ ਤੋਂ ਛੋਟ ਦੇਣ ਲਈ 2,000 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਦੀ ਮੰਗ ਕੀਤੀ। ਬੁਲਾਰੇ ਨੇ ਅੱਗੇ ਦੱਸਿਆ ਕਿ ਸਬੂਤਾਂ ਸਮੇਤ ਆਨਲਾਈਨ ਸ?ਿਕਾਇਤ ਦਰਜ ਕਰਵਾਈ, ਜਿਸ ਵਿੱਚ ਸ?ਿਕਾਇਤਕਰਤਾ ਨੇ ਪੰਕਜ ਕੁਮਾਰ ਨਾਲ ਕੀਤੀ ਸਾਰੀ ਗੱਲਬਾਤ ਰਿਕਾਰਡ ਕਰ ਲਈ। ਇਸ ਰਿਕਾਰਡਿੰਗ 'ਚ ਪੰਕਜ ਕੁਮਾਰ ਦੁਪਹਿਰ ਦੀ ਸ?ਿਫਟ ਵਿੱਚ ਡਿਊਟੀ ਤੋਂ ਛੋਟ ਦੇਣ ਲਈ 2,000 ਰੁਪਏ ਪ੍ਰਤੀ ਮਹੀਨਾ ਦੀ ਬਜਾਏ 1,000 ਰੁਪਏ ਲੈਣ ਲਈ ਸਹਿਮਤ ਹੋ ਗਿਆ। ਲੁਧਿਆਣਾ ਦੇ ਡੀ.ਐਸ.ਪੀ. ਵਿਜੀਲੈਂਸ ਬਿਊਰੋ ਯੂਨਿਟ ਵੱਲੋਂ ਪੜਤਾਲ ਕਰਨ ਉਪਰੰਤ ਦੋਸ਼ਾਂ ਦੀ ਪੁਸ਼ਟੀ ਹੋ ਗਈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤਕਰਤਾ ਤੋਂ 2,000 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਮੰਗਣ ਦੇ ਦੋਸ਼ ਹੇਠ ਮੁਲਜ਼ਮ 'ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਧੀਨ ਐੱਫ.ਆਈ.ਆਰ ਨੰਬਰ 30 ਮਿਤੀ 7.12.23 ਨੂੰ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜਮ ਨੰਬਰਦਾਰ ਪੰਕਜ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਨੂੰ ਭਲਕੇ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



## ਅਜੀਤ ਨਗਰ ਵਿਚ ਘਰ ਨੂੰ ਲੱਗੀ ਅੱਗ, ਸਾਰਾ ਸਮਾਨ ਸੜ ਕੇ ਸੁਆਹ

ਮਲੋਟ 7 ਅਕਤੂਬਰ। ਮਲੋਟ ਦੇ ਸਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਇਕ ਘਰ ਵਿਚ ਅੱਗ ਲੱਗ ਗਈ ਜਿਸ ਨਾਲ ਘਰ ਅੰਦਰ ਪਿਆ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਇਸ ਸਬੰਧੀ ਫਾਇਰ ਅਫਸਰ ਬਲਜੀਤ ਸਿੰਘ ਲੁਹਾਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਐੱਮ. ਸੀ ਹਰਜੀਤ ਸਿੰਘ ਨੇ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੇ ਵਾਰਡ ਦੀ ਗਲੀ ਨੰਬਰ 11 ਵਿਚ ਇਕ ਘਰ ਅੰਦਰ ਅੱਗ ਲੱਗ ਗਈ ਹੈ ਫਾਇਰ ਟੀਮ ਨੇ ਮੌਕੇ 'ਤੇ ਪੁੱਜ ਕੇ ਵੇਖਿਆ ਤਾਂ ਅੱਗ ਪੂਰੀ ਤਰ੍ਹਾਂ ਫੈਲੀ ਹੋਈ ਸੀ। ਇਹ ਘਰ ਗਗਨਦੀਪ ਸਿੰਘ ਪੁੱਤਰ ਪ੍ਰੇਮ ਸਿੰਘ ਦਾ ਹੈ। ਫਾਇਰ ਟੀਮ ਨੇ ਸਥਿਤੀ ਵੇਖਦਿਆਂ ਦੂਜੀ ਗੱਡੀ ਵੀ ਮੌਕੇ 'ਤੇ ਬੁਲਾਈ ਅਤੇ ਟੀਮ ਨੇ ਸ਼ਖ਼ਤ ਨਾਲ ਅੱਗ 'ਤੇ ਕਾਬੂ ਪਾਇਆ। ਟੀਮ ਦੀ ਮਿਹਨਤ ਨਾਲ ਅੱਗ ਹੋਰ ਥਾਵਾਂ 'ਤੇ ਫੈਲਣ ਤੋਂ ਰੋਕ ਲਿਆ ਗਿਆ ਅਤੇ ਕਿਸੇ ਵੱਡੇ ਜਾਨੀ ਨੁਕਸਾਨ ਤੋਂ ਬਚਾ ਹੋ ਗਿਆ ਪਰ ਇਸ ਭਿਆਨਕ ਅੱਗ ਵਿਚ ਘਰ ਅੰਦਰ ਪਿਆ ਸਾਰਾ ਸਮਾਨ ਸੜ ਗਿਆ। ਫਾਇਰ ਬ੍ਰਿਗੇਡ ਅਧਿਕਾਰੀ ਨੇ ਦੱਸਿਆ ਕਿ ਗਲੀਆਂ ਭੀੜੀਆਂ ਹੋਣ ਕਰਕੇ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਮੌਕੇ 'ਤੇ ਪੁੱਜਣ ਲਈ ਭਾਰੀ ਸਮੱਸਿਆ ਆਈ। ਇਸ ਮੌਕੇ ਫਾਇਰ ਅਫਸਰ ਬਲਜੀਤ ਸਿੰਘ, ਫਾਇਰ ਅਫਸਰ ਹਰਜੀਤ ਸਿੰਘ, ਰਿਟਾਇਰਡ ਫਾਇਰ ਅਫਸਰ ਗੁਰਸ਼ਰਨ ਸਿੰਘ, ਹਰਜਿੰਦਰ ਕੁਮਾਰ, ਰਵਿੰਦਰ ਕੁਮਾਰ, ਗੁਰਲਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਸਮੇਤ ਟੀਮ ਮੈਂਬਰ ਹਾਜਰ ਸਨ।

## ਭਿਆਨਕ ਹਾਦਸੇ ਵਿਚ ਪੰਜਾਬ ਪੁਲਸ ਦੇ ਏ. ਐੱਸ. ਆਈ. ਜਗਦੀਸ਼ ਸਿੰਘ ਦੀ ਮੌਤ

ਗੁਰਦਾਸਪੁਰ 7 ਅਕਤੂਬਰ। ਪਿੰਡ ਭੁੰਬਲੀ ਨੇੜੇ ਮੋਟਰਸਾਈਕਲ ਅਤੇ ਕਾਰ ਦੀ ਟੱਕਰ ਤੋਂ ਬਾਅਦ ਕਾਰ ਸਵਾਰ ਏ. ਐੱਸ. ਆਈ. ਦੀ ਮੌਤ ਹੋਣ ਦੇ ਮਾਮਲੇ 'ਚ ਥਾਣਾ ਤਿੱਬੜ ਦੀ ਪੁਲਸ ਨੇ ਮੋਟਰਸਾਈਕਲ ਚਾਲਕ ਖ?ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਬਲਕਾਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਲਾਧੂਪੁਰ ਨੇ ਦੱਸਿਆ ਕਿ ਉਸਦਾ ਭਰਾ ਏ. ਐੱਸ. ਆਈ. ਜਗਦੀਸ਼ ਸਿੰਘ ਬਿਧੀਪੁਰ ਹਾਈਟੈਕ ਨਾਕਾ ਪੁਲਸ ਜ?ਿਲ੍ਹਾ ਬਟਾਲਾ ਵਿਖੇ ਡਿਊਟੀ ਕਰਦਾ ਸੀ ਅਤੇ 5 ਦਸੰਬਰ ਨੂੰ ਉਸਦਾ ਭਰਾ ਆਪਣੀ ਆਲਟੋ ਕਾਰ ਨੰਬਰ ਪੀਬੀ 06-ਡਬਲਿਊ- 7325 'ਤੇ ਸਵਾਰ ਹੋ ਕੇ ਡਿਊਟੀ 'ਤੇ ਜਾ ਰਿਹਾ ਸੀ। ਜਦੋਂ ਉਹ ਪਿੰਡ ਭੁੰਬਲੀ ਦੇ ਪੈਟਰੋਲ ਪੰਪ ਤੋਂ ਥੋੜਾ ਅੱਗੇ ਪਹੁੰਚਿਆ ਤਾਂ ਸਾਹਮਣੇ ਤੋਂ ਇਕ ਮੋਟਰਸਾਈਕਲ ਨੰਬਰ ਪੀਬੀ 02-ਬੀ6371 ਆਇਆ, ਜਿਸ ਨੂੰ ਜਗਦੀਪ ਸਿੰਘ ਵਾਸੀ ਕੰਘ ਚਲਾ ਰਿਹਾ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਆਇਆ ਕਿ ਉਕਤ ਵਿਅਕਤੀ ਨੇ ਆਪਣਾ ਮੋਟਰਸਾਈਕਲ ਲਾਪਰਵਾਹੀ ਨਾਲ ਚਲਾਉਂਦੇ ਹੋਏ ਗਲਤ ਸਾਇਡ ਤੋਂ ਲਿਆ ਕੇ ਏ. ਐੱਸ. ਆਈ. ਜਗਦੀਸ਼ ਸਿੰਘ ਦੀ ਕਾਰ 'ਚ ਮਾਰਿਆ, ਜਿਸ ਨੂੰ ਬਚਾਉਂਦੇ ਹੋਏ ਜਗਦੀਸ਼ ਸਿੰਘ ਦੀ ਕਾਰ ਦਰੱਖਤ ਨਾਲ ਜਾ ਟਕਰਾਈ, ਜਿਸ ਨਾਲ ਜਗਦੀਸ਼ ਸਿੰਘ ਕਾਫੀ ਗੰਭੀਰ ਜਖਮੀ ਹੋ ਗਿਆ। ਉਪਰੰਤ ਜਗਦੀਸ਼ ਸਿੰਘ ਦੀ ਸਿਵਲ ਹਸਪਤਾਲ ਗੁਰਦਾਸਪੁਰ ਲਿਜਾਣ ਮੌਕੇ ਰਸਤੇ 'ਚ ਮੌਤ ਹੋ ਗਈ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਜਗਦੀਪ ਸਿੰਘ ਖਿਲਾਫ ਮਾਮਲਾ ਦਰਜ ਕੀਤਾ ਹੈ।



## ਕਪੂਰਥਲਾ ਦੇ ਵਿਅਕਤੀ ਦੀ ਸਾਊਦੀ ਅਰਬ 'ਚ ਮੌਤ, ਛੁੱਟੀ ਕੱਟਣ ਮਗਰੋਂ ਮਹੀਨਾ ਪਹਿਲਾਂ ਪਰਤਿਆ ਸੀ ਵਿਦੇਸ਼

ਕਪੂਰਥਲਾ 7 ਅਕਤੂਬਰ। ਕਪੂਰਥਲਾ ਦੇ ਪਿੰਡ ਪੀਰੇਵਾਲ ਦੇ ਰਹਿਣ ਵਾਲੇ ਵੀਰਪਾਲ ਨਾਂ ਦੇ ਵਿਅਕਤੀ ਦੀ ਸਾਊਦੀ ਅਰਬ ਵਿਚ ਮੌਤ ਹੋਣ ਦੀ ਖਬਰ ਮਿਲੀ ਹੈ। ਮੌਤ ਦਾ ਕਾਰ ਬ੍ਰੇਨ ਹੈਮਰੇਜ ਦੱਸਿਆ ਜਾ ਰਿਹਾ ਹੈ। ਉਥੇ ਹੀ ਮ੍ਰਿਤਕ ਦੇ ਪਰਿਵਾਰ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਮ੍ਰਿਤਕ ਦੀ ਦੇਹ ਵਾਪਸੀ ਲਈ ਗੁਹਾਰ ਲਗਾਈ ਹੈ। ਮ੍ਰਿਤਕ ਦੇ ਪਰਿਵਾਰ ਮੁਤਾਬਕ ਵੀਰਪਾਲ ਪਿਛਲੇ ਕਰੀਬ 10 ਸਾਲ ਤੋਂ ਸਾਊਦੀ ਅਰਬ ਵਿਚ ਕੰਮ ਕਰ ਰਿਹਾ ਸੀ, ਜਿਸ ਦੇ ਜੀਰਏ ਹੀ ਘਰ ਦਾ ਪਾਲਣ-ਪੋਸ਼ਣ ਹੋ ਰਿਹਾ ਸੀ। ਉਨ੍ਹਾਂ ਦੱਸਿਆ ਕਿ 6 ਦਸੰਬਰ ਨੂੰ ਉਨ੍ਹਾਂ ਨੂੰ ਸਾਊਦੀ ਅਰਬ ਤੋਂ ਫੋਨ ਜਰੀਏ ਸੂਚਨਾ ਮਿਲੀ ਕਿ ਵੀਰਪਾਲ ਦੀ ਬ੍ਰੇਨ ਹੈਮਰੇਜ ਕਾਰਨ ਮੌਤ ਹੋ ਗਈ ਹੈ। ਮੌਤ ਦੀ ਖਬਰ ਸੁਣਦੇ ਹੀ ਪਰਿਵਾਰ ਵਿਚ ਮਾਤਮ ਛਾ ਗਿਆ। ਪੀੜਤ ਪਰਿਵਾਰ ਦੇ ਮੁਤਾਬਕ ਵੀਰਪਾਲ ਦੇ ਦੋ ਬੱਚੇ ਹਨ, ਜਿਨ੍ਹਾਂ ਵਿਚ ਇਕ ਕੁੜੀ ਅਤੇ ਮੁੰਡਾ ਹੈ। ਦੋਹਾਂ ਦੀ ਉਮਰ ਕਰੀਬ 13 ਅਤੇ 15 ਸਾਲ ਦੱਸੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵੀਰਪਾਲ ਅਕਸਰ ਛੁੱਟੀ 'ਤੇ ਘਰ ਆਉਂਦਾ ਰਹਿੰਦਾ ਸੀ ਅਤੇ ਕਰੀਬ ਇਕ ਮਹੀਨਾ ਪਹਿਲਾਂ ਉਹ ਵਾਪਸ ਸਾਊਦੀ ਅਰਬ ਗਿਆ ਸੀ ਅਤੇ ਉਹ ਰੋਜਾਨਾ ਆਪਣੇ ਪਰਿਵਾਰ ਨਾਲ ਫੋਨ 'ਤੇ ਗੱਲ ਕਰਦਾ ਸੀ। ਉਨ੍ਹਾਂ ਦੱਸਿਆ ਕਿ ਉਹ ਕਿਸੇ ਵੀ ਤਰ੍ਹਾਂ ਦੀ ਬੀਮਾਰੀ ਤੋਂ ਪੀੜਤ ਨਹੀਂ ਸੀ ਅਤੇ ਪੂਰੀ ਤਰ੍ਹਾਂ ਤੰਦਰੁਸਤ ਸੀ। ਅਚਾਨਕ ਮੌਤ ਦੀ ਖਬਰ ਸੁਣ ਕੇ ਪਰਿਵਾਰ ਵਾਲੇ ਸਦਮੇ ਵਿਚ ਹਨ। ਪੀੜਤ ਪਰਿਵਾਰ ਨੇ ਵੀਰਪਾਲ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਪੰਜਾਬ ਦੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਮਦਦ ਦੀ ਮੰਗ ਕੀਤੀ ਹੈ, ਜਿਸ ਲਈ ਉਨ੍ਹਾਂ ਦੇ ਦਫਤਰ ਵਿਚ ਮੰਗ ਪੱਤਰ ਵੀ ਦਿੱਤਾ ਗਿਆ ਹੈ।



## ਰੇਲਵੇ ਵਿਭਾਗ ਨੇ ਟਿਕਟ ਚੈਕਿੰਗ ਵਲੋਂ 4.45 ਕਰੋੜ ਰੁਪਏ ਦਾ ਜੁਰਮਾਨਾ ਵਸੂਲਿਆ

ਫਿਰੋਜ਼ਪੁਰ 7 ਅਕਤੂਬਰ। ਰੇਲ ਗੱਡੀਆਂ 'ਚ ਅਣਅਧਿਕਾਰਤ ਤੌਰ 'ਤੇ ਸਫ਼ਰ ਕਰਨ ਵਾਲੇ ਯਾਤਰੀਆਂ ਦੇ ਇਸ ਰੁਝਾਨ ਨੂੰ ਰੋਕਣ ਲਈ ਫਿਰੋਜ਼ਪੁਰ ਡਵੀਜ਼ਨ ਦੀ ਟਿਕਟ ਚੈਕਿੰਗ ਟੀਮ ਵੱਲੋਂ ਰੇਲ ਗੱਡੀਆਂ ਵਿਚ ਲਗਾਤਾਰ ਟਿਕਟਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਡਵੀਜ਼ਨ ਦੇ ਟਿਕਟ ਚੈਕਿੰਗ ਸਟਾਫ਼ ਅਤੇ ਮੁੱਖ ਟਿਕਟ ਇੰਸਪੈਕਟਰਾਂ ਵੱਲੋਂ ਨਵੰਬਰ 2023 ਦੌਰਾਨ ਰੇਲ ਗੱਡੀਆਂ ਵਿਚ ਟਿਕਟਾਂ ਦੀ ਚੈਕਿੰਗ ਦੌਰਾਨ ਕੁੱਲ 43501 ਯਾਤਰੀ ਬਿਨਾਂ ਟਿਕਟ ਅਤੇ ਅਨਿਯਮਿਤ ਤੌਰ 'ਤੇ ਯਾਤਰਾ ਕਰਦੇ ਪਾਏ ਗਏ। ਉਨ੍ਹਾਂ ਤੋਂ ਜੁਰਮਾਨੇ ਵਜੋਂ ਲਗਭਗ 4.45 ਕਰੋੜ ਰੁਪਏ ਦੀ ਮਾਲੀਆ ਵਸੂਲਿਆ ਗਿਆ, ਜੋ ਪਿਛਲੇ ਸਾਲ ਦੇ ਮੁਕਾਬਲੇ 48 ਫੀਸਦੀ ਵੱਧ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਆਰ. ਐੱਮ ਫਿਰੋਜ਼ਪੁਰ ਸੰਜੇ ਸਾਹੂ ਨੇ ਦੱਸਿਆ ਕਿ ਮੁੱਖ ਦਫ਼ਤਰ ਵੱਲੋਂ ਨਵੰਬਰ ਮਹੀਨੇ ਦੌਰਾਨ ਫਿਰੋਜ਼ਪੁਰ ਡਵੀਜ਼ਨ ਨੂੰ ਟਿਕਟਾਂ ਦੀ ਚੈਕਿੰਗ ਰਾਹੀਂ ਮਾਲੀਆ ਵਸੂਲ ਕਰਨ ਦਾ 4 ਕਰੋੜ ਦਾ ਟੀਚਾ ਦਿੱਤਾ ਗਿਆ ਸੀ। ਨਵੰਬਰ ਮਹੀਨੇ ਦੌਰਾਨ ਕਿਸਾਨਾਂ ਦੇ ਰੇਲ ਰੋਕੋ ਅੰਦੋਲਨ ਦੇ ਚੱਲਦਿਆਂ ਰੇਲ ਆਵਾਜਾਈ ਪ੍ਰਭਾਵਿਤ ਹੋਈ। ਇਸ ਦੇ ਬਾਵਜੂਦ ਡਿਵੀਜ਼ਨ ਦੇ ਟਿਕਟ ਚੈਕਿੰਗ ਸਟਾਫ ਵੱਲੋਂ ਮਿੱਥੇ ਟੀਚੇ ਨਾਲੋਂ 11 ਫੀਸਦੀ ਵੱਧ ਮਾਲੀਆ ਵਸੂਲਿਆ ਗਿਆ। ਨਵੰਬਰ ਮਹੀਨੇ ਦੌਰਾਨ ਸਭ ਤੋਂ ਵੱਧ ਮਾਲੀਆ ਵਸੂਲ ਕਰਨ ਵਾਲੇ 10 ਟਿਕਟ ਚੈਕਿੰਗ ਸਟਾਫ਼ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਡਵੀਜ਼ਨ ਦੇ ਰੇਲਵੇ ਸਟੇਸ਼ਨਾਂ ਨੂੰ ਸਾਫ਼ ਸੁਥਰਾ ਰੱਖਣ ਅਤੇ ਆਮ ਲੋਕਾਂ ਨੂੰ ਸਟੇਸ਼ਨਾਂ 'ਤੇ ਕੂੜਾ ਸੁੱਟਣ ਤੋਂ ਰੋਕਣ ਅਤੇ ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ ਡਵੀਜ਼ਨ ਦੇ ਮੁੱਖ ਸਟੇਸ਼ਨਾਂ 'ਤੇ ਲਗਾਤਾਰ ਚੈਕਿੰਗ ਕੀਤੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਨਵੰਬਰ ਮਹੀਨੇ ਦੌਰਾਨ 445 ਯਾਤਰੀਆਂ ਨੂੰ ਸਟੇਸ਼ਨ ਕੰਪਲੈਕਸ ਕੂੜਾ ਸੁੱਟਣ ਕਾਰਨ (ਐਂਟੀ ਲਿਟਰਿੰਗ ਐਕਟ ਤਹਿਤ) ਉਨ੍ਹਾ ਤੋਂ 60 ਹਜ਼ਾਰ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਗਈ। ਡਿਵੀਜ਼ਨਲ ਰੇਲਵੇ ਮੈਨੇਜਰ ਸੰਜੇ ਸਾਹੂ ਨੇ ਦੱਸਿਆ ਕਿ ਫਿਰੋਜ਼ਪੁਰ ਡਵੀਜ਼ਨ ਵਿਚ ਟਿਕਟ ਚੈਕਿੰਗ ਮੁਹਿੰਮ ਜਾਰੀ ਰਹੇਗੀ। ਟਿਕਟ ਚੈਕਿੰਗ ਦਾ ਮੁੱਖ ਉਦੇਸ਼ ਰੇਲਵੇ ਟਿਕਟਾਂ ਦੀ ਵਿਕਰੀ ਵਿਚ ਸੁਧਾਰ ਕਰਨਾ ਅਤੇ ਬਿਨਾਂ ਟਿਕਟ ਸਫ਼ਰ ਕਰਨ ਵਾਲੇ ਯਾਤਰੀਆਂ ਤੋਂ ਜੁਰਮਾਨਾ ਵਸੂਲਣਾ ਹੈ ਤਾਂ ਜੋ ਭਵਿੱਖ ਵਿਚ ਉਹ ਸਹੀ ਟਿਕਟਾਂ ਨਾਲ ਹੀ ਸਫ਼ਰ ਕਰ ਸਕਣ। ਡਵੀਜ਼ਨਲ ਰੇਲਵੇ ਮੈਨੇਜਰ ਨੇ ਸਾਰੇ ਟਿਕਟ ਚੈਕਿੰਗ ਸਟਾਫ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਸਾਂਝੇ ਯਤਨਾਂ ਅਤੇ ਸਖ਼ਤ ਮਿਹਨਤ ਸਦਕਾ ਸੰਭਵ ਹੋਇਆ ਹੈ।



## 'ਲਵ ਮੈਰਿਜ' ਦਾ ਦਰਦਨਾਕ ਅੰਤ: ਨੌਜਵਾਨ ਨੇ ਕੀਤੀ ਖੁਦਕੁਸ਼ੀ, ਲਾਸ਼ ਵੇਖ ਧਾਹਾਂ ਮਾਰ ਰੋਇਆ ਪਰਿਵਾਰ

ਜਲੰਧਰ 7 ਅਕਤੂਬਰ। ਜਲੰਧਰ ਦੇ ਅਵਤਾਰ ਨਗਰ 'ਚ ਇਕ ਨੌਜਵਾਨ ਨੇ ਫਾਹਾ ਲੈ ਕੇ ਖੁਦਕੁਸੀ ਕਰ ਲਈ। ਮ੍ਰਿਤਕ ਦੀ ਪਛਾਣ ਬਸਤੀ ਖੇਤਰ ਦੀ ਮੰਗੂ ਬਸਤੀ ਦੇ ਰਹਿਣ ਵਾਲੇ ਸਫਰਾਨ ਸਾਹਿਲ (ਹੁਣ ਅਵਤਾਰ ਨਗਰ) ਵਜੋਂ ਹੋਈ ਹੈ। ਮ੍ਰਿਤਕ ਦਾ ਇਕ ਸਾਲ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ। ਸਾਹਿਲ ਦੀ ਮੌਤ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਦੇਰ ਰਾਤ ਸਿਵਲ ਹਸਪਤਾਲ 'ਚ ਹੰਗਾਮਾ ਕਰ ਦਿੱਤਾ। ਥਾਣਾ ਭਾਰਗਵ ਕੈਂਪ ਦੀ ਪੁਲਸ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ। ਦੇਰ ਰਾਤ ਪੁਲਸ ਨੇ ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ ਹੈ। ਜਾਂਚ ਲਈ ਦੇਰ ਰਾਤ ਸਿਵਲ ਹਸਪਤਾਲ ਪੁੱਜੇ ਭਾਰਗਵ ਕੈਂਪ ਥਾਣੇ ਵਿੱਚ ਤਾਇਨਾਤ ਸਬ ਇੰਸਪੈਕਟਰ ਸਰਬਜੀਤ ਸਿੰਘ ਨੇ ਕਿਹਾ ਕਿ ਫਿਲਹਾਲ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਮ੍ਰਿਤਕ ਨੌਜਵਾਨ ਦੀ ਮਾਂ ਰੂਬੀ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਦਾ ਨਾਂ ਸੇਖ ਸਫਰਾਨਾ ਉਰਫ ਸਾਹਿਲ ਸੀ। ਕਰੀਬ ਇਕ ਸਾਲ ਪਹਿਲਾਂ ਸਾਹਿਲ ਨੇ ਖੁਦ ਸਜਨੀ ਨਾਂ ਦੀ ਕੁੜੀ ਨਾਲ ਵਿਆਹ ਕਰਵਾਇਆ ਸੀ। ਸਾਡਾ ਪੂਰਾ ਪਰਿਵਾਰ ਮੂਲ ਰੂਪ ਤੋਂ ਬਿਹਾਰ ਦਾ ਹੈ। ਸਾਨੂੰ ਫੋਨ ਆਇਆ ਕਿ ਸਾਹਿਲ ਬੀਮਾਰ ਹੈ। ਫਿਰ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਸ ਨੂੰ ਹਸਪਤਾਲ ਲੈ ਜਾਓ ਪਰ ਉਨ੍ਹਾਂ ਨੂੰ ਇਥੇ ਆਉਣ ਲਈ ਕਿਹਾ ਗਿਆ, ਕਿਉਂਕਿ ਉਸ ਦੀ ਸਿਹਤ ਬਹੁਤ ਖਰਾਬ ਸੀ। ਜਦੋਂ ਅਸੀਂ ਹਸਪਤਾਲ ਪਹੁੰਚੇ ਤਾਂ ਪਤਾ ਲੱਗਾ ਕਿ ਸਾਹਿਲ ਦੀ ਮੌਤ ਹੋ ਚੁੱਕੀ ਹੈ। ਪਰਿਵਾਰ ਨੇ ਕਿਹਾ ਕਿ ਸਾਹਿਲ ਸਾਡੇ ਨਾਲ ਨਹੀਂ ਰਹਿੰਦਾ ਸੀ, ਉਹ ਅਵਤਾਰ ਨਗਰ 'ਚ ਆਪਣੀ ਪਤਨੀ ਨਾਲ ਰਹਿੰਦਾ ਸੀ। ਜੋ ਸਾਡੇ ਘਰ ਤੋਂ ਕਰੀਬ ਡੇਢ ਕਿਲੋਮੀਟਰ ਦੂਰ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਨੌਜਵਾਨ ਦੀ ਗਰਦਨ 'ਤੇ ਨਿਸਾਨ ਸੀ, ਜਾਂਚ ਤੋਂ ਬਾਅਦ ਕੁਝ ਹੋਰ ਪਤਾ ਲੱਗੇਗਾ। ਸਫਰਾਨ ਦੇ ਪਿਤਾ ਸੇਖ ਨੇ ਦੱਸਿਆ ਕਿ ਮਕਾਨ ਮਾਲਕ ਨੇ ਦੱਸਿਆ ਸੀ ਕਿ ਸਾਹਿਲ ਸਾਮ ਤੱਕ ਬਹੁਤ ਖੁਸ ਸੀ। ਸਭ ਕੁਝ ਠੀਕ ਚੱਲ ਰਿਹਾ ਸੀ ਪਰ ਦੇਰ ਰਾਤ ਜਦੋਂ ਉਹ ਘਰ ਵਿਚ ਸੀ ਤਾਂ ਉਨ੍ਹਾਂ ਨੂੰ ਖੁਦਕੁਸੀ ਕਰਨ ਦਾ ਪਤਾ ਲੱਗਾ, ਜਿਸ ਤੋਂ ਬਾਅਦ ਕਿਸੇ ਤਰ੍ਹਾਂ ਦਰਵਾਜਾ ਖੋਲ੍ਹਿਆ ਗਿਆ ਅਤੇ ਉਸ ਨੂੰ ਫਾਹੇ ਤੋਂ ਹੇਠਾਂ ਉਤਾਰ ਕੇ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ ਸੀ। ਹੁਣ ਥਾਣਾ ਭਾਰਗਵ ਕੈਂਪ ਦੀ ਪੁਲਸ ਮਾਮਲੇ ਦੀ ਜਾਂਚ ਕਰਕੇ ਅਗਲੇਰੀ ਕਾਰਵਾਈ ਕਰੇਗੀ।

## ਜਲੰਧਰ ਵਿਖੇ ਖਾਣਾ ਬਣਾਉਂਦੇ ਸਮੇਂ ਰਸੋਈ ਨੂੰ ਲੱਗੀ ਅੱਗ

ਜਲੰਧਰ 7 ਅਕਤੂਬਰ। ਵਿਕਾਸਪੁਰੀ ਮੁਹੱਲੇ 'ਚ ਘਰ ਦੇ ਅੰਦਰ ਖਾਣਾ ਬਣਾਉਂਦੇ ਹੋਏ ਅਚਾਨਕ ਰਸੋਈ 'ਚ ਅੱਗ ਲੱਗ ਗਈ। ਅੱਗ ਲੱਗਣ ਨਾਲ ਖਾਣਾ ਬਣਾ ਰਹੀ ਬੈਂਕ ਮੈਨੇਜਰ ਦੀ ਪਤਨੀ ਬੁਰੀ ਤਰ੍ਹਾਂ ਝੁਲਸ ਗਈ, ਜਿਸ ਨੂੰ ਕਿਸੇ ਤਰ੍ਹਾਂ ਬਾਹਰ ਕੱਢ ਕੇ ਇਲਾਜ ਲਈ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਅੱਗ ਦੀਆਂ ਲਾਟਾਂ ਦੀ ਲਪੇਟ 'ਚ ਆਉਣ ਕਾਰਨ 37 ਸਾਲਾ ਦੀਪਿਕਾ ਪਤਨੀ ਕੁਮਾਰ ਅਮਿਤ ਵਾਸੀ ਵਿਕਾਸਪੁਰੀ ਦੀ ਹਾਲਤ ਗੰਭੀਰ ਬਣੀ ਹੋਈ ਹੈ। ਥਾਣਾ ਨੰ. 8 ਦੇ ਏ. ਐੱਸ. ਆਈ. ਮਨਜੀਤ ਰਾਮ ਨੇ ਦੱਸਿਆ ਕਿ ਦੀਪਿਕਾ ਰਸੋਈ ਵਿਚ ਖਾਣਾ ਬਣਾ ਰਹੀ ਸੀ, ਜਦੋਂ ਕਿ ਉਸ ਦਾ ਪਤੀ ਅਤੇ 10 ਸਾਲਾ ਪੁੱਤਰ ਕਮਰੇ ਵਿਚ ਮੌਜੂਦ ਸਨ। ਇਸ ਦੌਰਾਨ ਅਣਪਛਾਤੇ ਕਾਰਨਾਂ ਕਾਰਨ ਰਸੋਈ 'ਚ ਅੱਗ ਲੱਗ ਗਈ, ਜਿਸ ਕਾਰਨ ਦੀਪਿਕਾ ਝੁਲਸ ਗਈ। ਉਨ੍ਹਾਂ ਦੱਸਿਆ ਕਿ ਦੀਪਿਕਾ ਦਾ ਪਤੀ ਉਸ ਨੂੰ ਬਾਹਰ ਕੱਢ ਕੇ ਹਸਪਤਾਲ ਲੈ ਗਿਆ। ਫਿਲਹਾਲ ਦੀਪਿਕਾ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਜਦੋਂ ਪੁਲਸ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਦੀਪਿਕਾ ਦੇ ਘਰ ਪਹੁੰਚੀ ਤਾਂ ਉਥੇ ਤਾਲਾ ਲੱਗਿਆ ਹੋਇਆ ਸੀ, ਜਿਸ ਕਾਰਨ ਜਾਂਚ ਅੱਗੇ ਨਹੀਂ ਵਧ ਸਕੀ।

## ਘੁੰਮਣ-ਫਿਰਨ ਦੇ ਮਾਮਲੇ 'ਚ ਭਾਰਤ ਸਾਲ 2027 ਤੱਕ ਬਣ ਜਾਵੇਗਾ 5ਵਾਂ ਸਭ ਤੋਂ ਵੱਡਾ ਬਾਜਾਰ

ਬਿਜਨੈੱਸ ਡੈਸਕ 7 ਅਕਤੂਬਰ। ਵਿਦੇਸਾਂ ਵਿੱਚ ਘੁੰਮਣ ਦੀ ਭਾਰਤੀਆਂ ਵਿੱਚ ਵਧਦੀ ਜਾ ਰਹੀ ਦਿਲਚਸਪੀ ਦੇਸ ਨੂੰ ਵਿਦੇਸ ਯਾਤਰਾ ਦੇ ਲਿਹਾਜ ਨਾਲ ਇੱਕ ਵੱਡਾ ਬਾਜਾਰ ਬਣਾਉਣ ਜਾ ਰਹੀ ਹੈ। ਅਜਿਹੇ 'ਚ ਭਾਰਤ 2027 ਤੱਕ ਪੰਜਵਾਂ ਸਭ ਤੋਂ ਵੱਡਾ ਬਾਜਾਰ ਬਣ ਜਾਵੇਗਾ ਅਤੇ ਇੱਥੋਂ ਦੇ ਲੋਕ ਵਿਦੇਸ਼ਾਂ 'ਚ ਜਾ ਕੇ 89 ਅਰਬ ਡਾਲਰ ਤੱਕ ਦਾ ਖਰਚ ਕਰਨਗੇ। ਇਸ ਗੱਲ ਦਾ ਅਨੁਮਾਨ ਇਕ ਅਜਿਹੀ ਰਿਪੋਰਟ ਵਿੱਚ ਪ੍ਰਗਟ ਕੀਤਾ ਗਿਆ ਹੈ, ਜੋ ਅਗਲੇ ਕੁਝ ਸਾਲਾਂ ਵਿੱਚ ਪ੍ਰਮੁੱਖ ਸੈਰ-ਸਪਾਟਾ ਬਾਜਾਰਾਂ ਦੀ ਖੋਜ ਕਰ ਰਹੀ ਹੈ। ਦੱਸ ਦੇਈਏ ਕਿ ਵਰਤਮਾਨ ਵਿੱਚ, ਭਾਰਤ ਇਸ ਸਬੰਧ ਵਿੱਚ ਦਸਵਾਂ ਸਭ ਤੋਂ ਵੱਡਾ ਬਾਜਾਰ ਹੈ ਅਤੇ 2019 ਵਿੱਚ ਭਾਰਤੀਆਂ ਨੇ 38 ਬਿਲੀਅਨ ਡਾਲਰ ਵਿਦੇਸਾਂ ਵਿੱਚ ਖਰਚ ਕੀਤੇ ਹਨ। ਰਿਪੋਰਟ ਅਨੁਸਾਰ ਭਾਰਤ 2027 ਤੱਕ ਵਿਦੇਸੀ ਸੈਲਾਨੀਆਂ ਦੀ ਆਮਦ ਦੇ ਮਾਮਲੇ ਵਿੱਚ ਤੀਜਾ ਸਭ ਤੋਂ ਵੱਡਾ ਬਾਜਾਰ ਬਣ ਜਾਵੇਗਾ, ਜਿੱਥੇ ਸੈਲਾਨੀ ਵਲੋਂ 174 ਬਿਲੀਅਨ ਡਾਲਰ ਖਰਚ ਕੀਤੇ ਜਾਣਗੇ। ਭਾਰਤ 2019 ਵਿੱਚ 127 ਬਿਲੀਅਨ ਡਾਲਰ ਖਰਚ ਕੇ ਪੰਜਵਾਂ ਸਭ ਤੋਂ ਵੱਡਾ ਬਾਜਾਰ ਸੀ। ਜੇਕਰ ਇੱਥੋਂ ਦੇ ਵਿਦੇਸ ਜਾਣ ਵਾਲੇ ਲੋਕਾਂ ਦੀ ਗੱਲ ਕਰੀਏ ਤਾਂ ਭਾਰਤ ਸਿਰਫ ਅਮਰੀਕਾ, ਚੀਨ, ਜਰਮਨੀ ਅਤੇ ਬਰਤਾਨੀਆ ਤੋਂ ਪਿੱਛੇ ਰਹਿ ਜਾਵੇਗਾ ਪਰ ਇਟਲੀ, ਦੱਖਣੀ ਕੋਰੀਆ, ਆਸਟ੍ਰੇਲੀਆ, ਕੈਨੇਡਾ ਅਤੇ ਫਰਾਂਸ ਵਰਗੇ ਦੇਸਾਂ ਤੋਂ ਅੱਗੇ ਹੋਵੇਗਾ। ਭਾਰਤ ਆਉਣ ਵਾਲੇ ਸੈਲਾਨੀਆਂ ਦਾ ਬਾਜਾਰ 2019 ਤੋਂ 76 ਫੀਸਦੀ ਦੇ ਵਾਧੇ ਦੇ ਬਾਵਜੂਦ 2027 ਤੱਕ ਸਿਰਫ 60 ਅਰਬ ਡਾਲਰ ਤੱਕ ਪਹੁੰਚ ਜਾਵੇਗਾ ਪਰ ਇਹ ਚੋਟੀ ਦੇ 10 ਬਾਜਾਰਾਂ 'ਚ ਸਾਮਲ ਨਹੀਂ ਹੋ ਸਕੇਗਾ। ਇਸ ਦਾ ਕਾਰਨ ਇਹ ਹੈ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਇਥੇ 80 ਫੀਸਦੀ ਲੋਕ 60 ਸਾਲ ਤੋਂ ਘੱਟ ਉਮਰ ਦੇ ਹਨ। ਵਿਦੇਸ ਜਾਣ ਵਾਲੇ ਲਗਭਗ 75 ਫੀਸਦੀ ਯਾਤਰੀ ਛੁੱਟੀਆਂ ਬਿਤਾਉਣ ਜਾਂ ਵਿਦੇਸ ਵਿੱਚ ਵਸੇ ਆਪਣੇ ਰਿਸਤੇਦਾਰਾਂ ਜਾਂ ਦੋਸਤਾਂ ਨੂੰ ਮਿਲਣ ਲਈ ਜਾਂਦੇ ਹਨ। ਉਨ੍ਹਾਂ ਦਾ ਵਿਵਹਾਰ ਦੂਜੇ ਦੇਸਾਂ ਦੇ ਸੈਲਾਨੀਆਂ ਨਾਲੋਂ ਬਿਲਕੁਲ ਵੱਖਰਾ ਹੈ। ਭਾਰਤ ਦੇ ਲੋਕ ਜ?ਿਆਦਾਤਰ ਵਿਦੇਸਾਂ ਦੇ ਨਾਂ 'ਤੇ ਏਸੀਆਈ ਦੇਸਾਂ 'ਚ ਜਾਂਦੇ ਹਨ।



### ਸੋਨਾਲੀਕਾ ਨੇ ਨਵੰਬਰ 'ਚ 16.3 ਫੀਸਦੀ ਨਾਲ ਦਰਜ ਕੀਤਾ ਹੁਣ ਤੱਕ ਦਾ ਸਭ ਤੋਂ ਵੱਧ ਮਾਰਕੀਟ ਸ਼ੇਅਰ

ਜਲੰਧਰ 7 ਅਕਤੂਬਰ। ਦੇਸ਼ ਦੇ ਮੋਹਰੀ ਟਰੈਕਟਰ ਐਕਸਪੋਰਟ ਬ੍ਰਾਂਡ ਸੋਨਾਲੀਕਾ ਟਰੈਕਟਰਜ ਨੇ ਨਵੰਬਰ 2023 ਵਿਚ ਹੁਣ ਤੱਕ ਦੀ ਸਭ ਤੋਂ ਵੱਧ 16.3 ਫੀਸਦੀ ਬਾਜਾਰ ਦੀ ਹਿੱਸੇਦਾਰੀ ਹਾਸਲ ਕੀਤੀ ਹੈ। ਸੋਨਾਲੀਕਾ ਨੇ ਨਵੰਬਰ ਵਿਚ 12,891 ਟਰੈਕਟਰਾਂ ਦੀ ਸ਼ਾਨਦਾਰ ਵਿਕਰੀ ਦਰਜ ਕੀਤੀ, ਜੋ ਨਵੰਬਰ 2022 ਵਿਚ 10,464 ਟਰੈਕਟਰ ਵਿਕਰੀ ਦੀ ਤੁਲਨਾ ਵਿਚ 23 ਫੀਸਦੀ ਦਾ ਉਛਾਲ ਹੈ। ਇਸ ਦੇ ਨਾਲ ਹੀ ਸੋਨਾਲੀਕਾ ਨੇ ਨਵੰਬਰ 2023 ਵਿਚ ਉਦਯੋਗ ਦੇ ਵਿਕਾਸ (ਅਨੁਮਾਨਿਤ 2 ਫੀਸਦੀ) ਨੂੰ ਵੀ ਪਛਾੜ ਦਿੱਤਾ ਹੈ। ਇਸ ਨਾਲ ਸੋਨਾਲੀਕਾ ਨੇ ਲਗਾਤਾਰ 7 ਸਾਲਾਂ (ਵਿੱਤੀ ਸਾਲ 2018-ਵਿੱਤੀ ਸਾਲ 2024) ਤੋਂ 1 ਲੱਖ ਟਰੈਕਟਰ ਵਿਕਰੀ ਦਾ ਅੰਕੜਾ ਪਾਰ ਕੀਤਾ ਹੈ। ਸੋਨਾਲੀਕਾ ਟਰੈਕਟਰਸ ਮੌਜੂਦਾ ਸਮੇਂ ਵਿਚ 15 ਲੱਖ ਤੋਂ ਵੱਧ ਕਿਸਾਨਾਂ ਦਾ ਇਕ ਮਜਬੂਤ ਪਰਿਵਾਰ ਹੈ। ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟਾਉਂਦੇ ਹੋਏ ਇੰਟਰਨੈਸ਼ਨਲ ਟਰੈਕਟਰਸ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਰਮਨ ਮਿੱਤਲ ਨੇ ਕਿਹਾ ਕਿ ਇਸ ਦੇ ਨਾਲ ਹੀ ਅਸੀਂ ਸਿਰਫ 8 ਮਹੀਨਿਆਂ ਵਿਚ ਇਕ ਲੱਖ ਟਰੈਕਟਰ ਵਿਕਰੀ ਦਾ ਅੰਕੜਾ ਵੀ ਪਾਰ ਕਰ ਲਿਆ ਹੈ।

## ਸਕੱਤਰ ਦੀ ਕੁਰਸੀ 'ਤੇ ਬੈਠ ਕੇ ਸ਼ਰਾਬ ਤੇ ਕਬਾਬ ਦਾ ਆਨੰਦ ਲੈ ਰਿਹਾ ਸੀ ਇਹ ਅਧਿਕਾਰੀ

ਗੁਰਦਾਸਪੁਰ 7 ਅਕਤੂਬਰ। ਪਿਛਲੇ ਕੁਝ ਦਿਨਾਂ ਤੋਂ ਸੋਸਲ ਮੀਡੀਆ 'ਤੇ ਇਕ ਫੋਟੋ ਵਾਇਰਲ ਹੋ ਰਹੀ ਹੈ, ਜਿਸ ਵਿਚ ਇਕ ਵਿਅਕਤੀ ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦਪੁਰ ਦੇ ਸੈਕਟਰੀ ਦੇ ਦਫਤਰ ਵਿਚ ਸਕੱਤਰ ਦੀ ਕੁਰਸੀ 'ਤੇ ਬੈਠ ਕੇ ਸਰਾਬ ਅਤੇ ਕਬਾਬ ਦਾ ਆਨੰਦ ਲੈਂਦਾ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਮੰਡੀ ਬੋਰਡ ਸ੍ਰੀ ਹਰਗੋਬਿੰਦਪੁਰ ਦਾ ਇਕ ਮੁਲਾਜਮ ਦਫਤਰ ਸਕੱਤਰ ਦੇ ਕਮਰੇ 'ਚ ਸਕੱਤਰ ਦੀ ਕੁਰਸੀ 'ਤੇ ਬੈਠਾ ਸੀ। ਜਾਹਿਰ ਹੈ ਕਿ ਸਾਹਮਣੇ ਕੋਈ ਹੈ ਜਿਸ ਨੇ ਇਹ ਫੋਟੋ ਖਿੱਚੀ ਹੈ, ਨਾਲ ਹੀ ਕੋਨੇ ਵਿਚ ਵੋਡਕਾ (ਚਿੱਟੀ ਸਰਾਬ) ਦੀ ਇਕ ਖਾਲੀ ਬੋਤਲ ਅਤੇ ਇਕ ਹੋਰ ਸਰਾਬ ਹੈ। ਉਕਤ ਵਿਅਕਤੀ ਦੇ ਸਾਹਮਣੇ ਰੱਖਿਆ ਗਲਾਸ ਸਾਇਦ ਅੱਧਾ ਸ਼ਰਾਬ ਨਾਲ ਭਰਿਆ ਹੋਇਆ ਹੈ ਅਤੇ ਹੱਥ ਵਿਚ ਮਾਸ ਦਾ ਟੁਕੜਾ ਹੈ ਅਤੇ ਉਸ ਦੇ ਸਾਹਮਣੇ ਪਲੇਟ ਵਿਚ ਮੀਟ ਦੇ ਕੁਝ ਹੋਰ ਟੁਕੜੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਉਹ ਸਰਾਬ ਪੀ ਰਿਹਾ ਸੀ ਤਾਂ ਉਸ ਦੀ ਕੁਰਸੀ ਦੇ ਪਿੱਛੇ ਦੀਵਾਰ 'ਤੇ ਮੰਡੀ ਬੋਰਡ ਦੇ ਸਾਰੇ ਸਕੱਤਰਾਂ ਦਾ ਬੋਰਡ ਲੱਗਾ ਹੋਇਆ ਸੀ, ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਸੈਕਟਰੀ ਦੇ ਕਮਰੇ 'ਚ ਸਕੱਤਰ ਦੀ ਕੁਰਸੀ 'ਤੇ ਬੈਠਾ ਸੀ। ਵਾਇਰਲ ਤਸਵੀਰ ਕਣਕ ਦੇ ਸੀਜਨ ਦੌਰਾਨ ਤਿੰਨ ਤੋਂ ਚਾਰ ਮਹੀਨੇ ਪੁਰਾਣੀ ਦੱਸੀ ਜਾ ਰਹੀ ਹੈ। ਚੰਡੀਗੜ੍ਹ ਸਥਿਤ ਮੰਡੀ ਬੋਰਡ ਦੇ ਮੁੱਖ ਦਫਤਰ ਵਿਖੇ ਕੀਤੀ ਗਈ ਇਕ ਗੁੰਮਨਾਮ ਸ?ਿਕਾਇਤ 'ਤੇ ਜਾਂਚ ਸੁਰੂ ਕੀਤੀ ਗਈ ਸੀ ਅਤੇ ਜਦੋਂ ਉਥੋਂ ਦੀ ਇਕ ਟੀਮ 18 ਸਤੰਬਰ ਨੂੰ ਗੁਰਦਾਸਪੁਰ ਪਹੁੰਚੀ ਤਾਂ ਮੰਡੀ ਬੋਰਡ ਦੇ ਜ?ਿਲ੍ਹਾ ਅਧਿਕਾਰੀ ਚੰਡੀਗੜ੍ਹ ਵਿਭਾਗ ਦੀ ਮੀਟਿੰਗ ਵਿਚ ਸਾਮਲ ਹੋਣ ਲਈ ਗਏ ਹੋਏ ਸਨ। ਉਸ ਨੂੰ ਬਾਅਦ 'ਚ ਜਾਂਚ ਕਰਨ ਆਈ ਟੀਮ ਬਾਰੇ ਪਤਾ ਲੱਗਿਆ ਅਤੇ ਟੀਮ ਕਿਹੜੇ ਨਤੀਜੇ 'ਤੇ ਪਹੁੰਚੀ ਇਸ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਸਬੰਧੀ ਜ?ਿਲ੍ਹਾ ਮੰਡੀ ਅਫਸਰ ਕੁਲਜੀਤ ਸਿੰਘ ਸੈਣੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਘਟਨਾ ਦੀ ਪੁਸਟੀ ਕਰਦਿਆਂ ਕਿਹਾ ਕਿ 18 ਸਤੰਬਰ ਨੂੰ ਮੰਡੀ ਬੋਰਡ ਦੇ ਅਧਿਕਾਰੀਆਂ ਦੀ ਟੀਮ ਸ੍ਰੀ ਹਰਗੋਬਿੰਦਪੁਰ ਪੁੱਜੀ ਅਤੇ ਦਫਤਰ ਦੇ ਮੁਲਾਜਮਾਂ ਦੇ ਬਿਆਨ ਦਰਜ ਕੀਤੇ। ਫਿਲਹਾਲ ਇਸ ਗੱਲ ਦਾ ਖੁਲਾਸਾ ਨਹੀਂ ਹੋਇਆ ਹੈ ਕਿ ਦੋਸੀ ਦਫਤਰੀ ਸਮੇਂ ਦੌਰਾਨ ਸਰਾਬ ਪੀ ਰਿਹਾ ਸੀ ਜਾਂ ਦਫਤਰੀ ਸਮੇਂ ਤੋਂ ਬਾਅਦ। ਮੰਡੀ ਅਫਸਰ ਕੁਲਜੀਤ ਸਿੰਘ ਸੈਣੀ ਨੇ ਵੀ ਮੰਨਿਆ ਹੈ ਕਿ ਕੋਈ ਵੀ ਸਮਾਂ ਹੋਵੇ ਉਹ ਦਫਤਰ ਵਿਚ ਸਕੱਤਰ ਦੀ ਕੁਰਸੀ 'ਤੇ ਬੈਠ ਕੇ ਸਰਾਬ ਪੀ ਰਿਹਾ ਹੈ। ਇਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ ਅਤੇ ਇਸ ਲਈ ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਭਾਵੇਂ ਇਸ ਮਾਮਲੇ ਸਬੰਧੀ ਮੁਲਜਮ ਨਾਲ ਫੋਨ 'ਤੇ ਗੱਲ ਕਰਨ ਦੀ ਕਈ ਵਾਰ ਕੋਸ?ਿਸ ਕੀਤੀ ਗਈ

## ਨੌਜਵਾਨ ਮੁੰਡੇ-ਕੁੜੀ ਨੇ ਭਾਖੜਾ ਨਹਿਰ ਵਿਚ ਮਾਰੀ ਛਾਲ, ਇਕੱਠੇ ਪੜ੍ਹਦੇ ਸੀ ਦੋਵੇਂ

ਪਟਿਆਲਾ 7 ਅਕਤੂਬਰ। ਪਟਿਆਲਾ ਦੀ ਪਸਿਆਣਾ ਭਾਖੜਾ ਨਹਿਰ ਵਿਚੋਂ ਇਕ ਮੁੰਡੇ ਕੁੜੀ ਨੇ ਛਾਲ ਮਾਰ ਦਿੱਤੀ। ਕੁੜੀ ਦੀ ਮ੍ਰਿਤਕ ਦੇਹ ਨਹਿਰ 'ਚੋਂ ਬਾਹਰ ਕੱਢ ਲਈ ਗਈ ਹੈ ਜਿਸ ਪਹਿਚਾਣ ਸਰਬਜੀਤ ਕੌਰ ਵਜੋਂ ਹੋਈ ਹੈ। ਮਿਲੀ ਜਾਣਕਾਰੀ ਮੁਤਾਬਿਕ ਇਹ ਲੜਕੀ ਆਪਣੇ ਸਾਥੀ ਦੀਵਨੂਰ ਸਿੰਘ ਨਾਲ ਉਸਦੀ ਸਕੂਟਰੀ 'ਤੇ ਬੈਠ ਕੇ ਭਾਖੜਾ ਨਹਿਰ 'ਤੇ ਪਹੁੰਚੀ ਸੀ, ਜਿੱਥੇ ਇਸ ਨੇ ਆਪਣਾ ਫੋਨ ਅਤੇ ਉਸ ਮੁੰਡੇ ਦਾ ਫੋਨ ਸਕੂਟਰੀ ਦੀ ਡਿੱਗੀ ਵਿਚ ਰੱਖ ਦਿੱਤਾ ਅਤੇ ਨਹਿਰ ਵਿਚ ਛਾਲ ਮਾਰ ਦਿੱਤੀ। ਇਸ ਦੌਰਾਨ ਮੁੰਡੇ ਨੇ ਕੁੜੀ ਨੂੰ ਬਚਾਉਣਲਈ ਨਹਿਰ ਵਿਚ ਛਾਲ ਮਾਰ ਦਿੱਤੀ ਅਤੇ ਉਹ ਵੀ ਡੁੱਬ ਗਿਆ। ਫਿਲਹਾਲ ਕੁੜੀ ਦੀ ਲਾਸ਼ ਗੋਤਾਖੋਰਾਂ ਨੇ ਬਾਹਰ ਕੱਢ ਲਈ ਹੈ। ਦੋਵਾਂ ਦੀ ਉਮਰ 20 ਤੋਂ 24 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ। ਮੁੰਡੇ ਦੇ ਪਰਿਵਾਰਿਕ ਮੈਂਬਰਾਂ ਦੇ ਦੱਸਣ ਮੁਤਾਬਕ ਪਰਿਵਾਰ ਪਟਿਆਲਾ ਦੇ ਤੋਪਖਾਨਾ ਮੋੜ ਦਾ ਰਹਿਣ ਵਾਲਾ ਹੈ। ਮੁੰਡਾ ਬੀ. ਸੀ. ਏ. ਦੀ ਪੜ੍ਹਾਈ ਅਸੋਕਾ ਇੰਸਟੀਟਿਊਟ ਪਸਿਆਣਾ ਰੋਡ ਤੋਂ ਕਰ ਰਿਹਾ ਸੀ ਅਤੇ ਕੁੜੀ ਵੀ ਉਸਦੇ ਨਾਲ ਪੜ੍ਹਦੀ ਸੀ। ਅੱਜ ਦਿਵਨੂਰ ਘਰ ਤੋਂ ਕਹਿ ਕੇ ਨਿਕਲਿਆ ਸੀ ਕਿ ਉਹ ਰੋਲ ਨੰਬਰ ਲੈਣ ਲਈ ਜਾ ਰਿਹਾ ਹੈ ਪਰ ਇੰਨੇ ਵਿਚ ਹੀ ਇਹ ਘਟਨਾ ਵਾਪਰ ਗਈ। ਫਿਲਹਾਲ ਗੋਤਾਖੋਰਾਂ ਵਲੋਂ ਮੁੰਡੇ ਦੀ ਨਹਿਰ ਵਿਚ ਭਾਲ ਕੀਤੀ ਜਾ ਰਹੀ ਹੈ ਜਦਕਿ ਕੁੜੀ ਦੀ ਲਾਸ਼ ਨੂੰ ਮੋਰਚਰੀ ਵਿਚ ਰਖਵਾ ਦਿੱਤਾ ਗਿਆ ਹੈ।



## ਨਾਰਥ ਇੰਡੀਆ ਦਾ ਪਹਿਲਾ ਸਕਿਨ ਬੈਂਕ ਸ਼ੁਰੂ : ਪੀ. ਜੀ. ਆਈ. 'ਚ ਬ੍ਰੇਨ ਡੈੱਡ ਦੀ ਵੀ ਡੋਨੇਟ ਹੋ ਸਕੇਗੀ ਸਕਿਨ

ਚੰਡੀਗੜ੍ਹ 7 ਅਕਤੂਬਰ। ਪੀ. ਜੀ. ਆਈ. 'ਚ ਹੁਣ ਸਕਿਨ ਡੋਨੇਸ਼ਨ ਵੀ ਹੋ ਸਕੇਗੀ। ਪੀ. ਜੀ. ਆਈ. 'ਚ ਸਕਿਨ ਬੈਂਕ ਦੀ ਸ਼ੁਰੂਆਤ ਹੋ ਗਈ ਹੈ। ਨਾਰਥ ਰੀਜਨ 'ਚ ਇਹ ਪਹਿਲਾ ਅਜਿਹਾ ਮੈਡੀਕਲ ਸੰਸਥਾਨ ਬਣ ਗਿਆ ਹੈ, ਜਿਥੇ ਬ੍ਰੇਨ ਡੈੱਡ ਜਾਂ ਡੈੱਡ ਬਾਡੀ ਤੋਂ ਸਕਿਨ ਨੂੰ ਲਿਆ ਜਾ ਸਕੇਗਾ। ਪਲਾਸਟਿਕ ਸਰਜਰੀ ਵਿਭਾਗ ਦੇ ਹੈੱਡ ਡਾ. ਅਤੁਲ ਪਰਾਸ਼ਰ ਦੀ ਮੰਨੀਏ ਤਾਂ ਬੈਂਕ ਨੂੰ ਦੋ ਫੇਜ਼ 'ਚ ਖੋਲ੍ਹਣ ਦੀ ਤਿਆਰੀ ਹੈ। ਫਿਲਹਾਲ ਬੈਂਕ ਖੁੱਲ੍ਹ ਗਿਆ ਹੈ ਪਰ ਅਜੇ ਹਾਰਵੈਸਟਿੰਗ (ਸਕਿਨ ਨੂੰ ਕੱਢਣ ਦਾ ਕੰਮ) ਸ਼ੁਰੂ ਨਹੀਂ ਹੋਈ ਹੈ। ਪੀ. ਜੀ. ਆਈ. 'ਚ ਬ੍ਰੇਨ ਡੈੱਡ ਮਰੀਜ਼ਾਂ ਨੂੰ ਡੋਨੇਸ਼ਨ ਦੀ ਅਪੀਲ ਹੋਵੇਗੀ। ਨਾਲ ਹੀ ਅਗਲੇ ਕੁੱਝ ਮਹੀਨਿਆਂ 'ਚ ਹੁਣ ਕਮਿਊਨਿਟੀ ਲੇਵਲ 'ਤੇ ਕਈ ਐੱਨ. ਜੀ. ਓ. ਦੇ ਨਾਲ ਮਿਲ ਕੇ ਅਵੇਅਰਨੈੱਸ ਪ੍ਰੋਗਰਾਮ ਸ਼ੁਰੂ ਕਰਾਂਗੇ। ਅਜੇ ਲੋਕਾਂ ਨੂੰ ਪਤਾ ਹੀ ਨਹੀਂ ਹੈ ਕਿ ਸਕਿਨ ਵੀ ਡੋਨੇਟ ਹੋ ਸਕਦੀ ਹੈ। ਦੇਸ਼ 'ਚ ਮਹਾਰਾਸ਼ਟਰ ਇਕਲੌਤਾ ਅਜਿਹਾ ਸੂਬਾ ਹੈ, ਜਿਥੇ ਦੇਸ਼ ਭਰ ਤੋਂ 20 ਫੀਸਦੀ ਲੋਕ ਇਸ ਦੇ ਬਾਰੇ 'ਚ ਜਾਣਦੇ ਹਨ। ਯੋਜਨਾ ਹੈ ਕਿ ਇਕ ਹੈਲਪਲਾਈਨ ਨੰਬਰ ਜਾਰੀ ਕੀਤਾ ਜਾਵੇਗਾ। ਡਾਕਟਰਾਂ ਅਨੁਸਾਰ 40 ਫੀਸਦੀ ਤੋਂ ਜ?ਿਆਦਾ ਸੜਨ 'ਤੇ ਹੀ ਮਰੀਜ ਨੂੰ ਕਿਸੇ ਹੋਰ ਤੋਂ ਚਮੜੀ ਲੈਣੀ ਪੈਂਦੀ ਹੈ। ਇਕ ਵਾਰ ਚਮੜੀ ਦੀ ਗ੍ਰਾਫਟ ਹੋਣ 'ਤੇ 2 ਤੋਂ 3 ਹਫਤਿਆਂ 'ਚ ਮਰੀਜ ਦੇ ਖੁਦ ਦੇ ਜਖਮ ਠੀਕ ਹੋਣ ਲੱਗਦੇ ਹਨ। ਰਿਕਵਰੀ ਨੂੰ ਦੇਖਿਆ ਜਾਂਦਾ ਹੈ, ਜੇ ਲੱਗਦਾ ਹੈ ਕਿ ਮਰੀਜ ਨੂੰ ਚਮੜੀ ਦੀ ਗ੍ਰਾਫਟਿੰਗ ਦੀ ਜਰੂਰਤ ਹੈ ਤਾਂ ਮੁੜ ਗ੍ਰਾਫਟਿੰਗ ਕੀਤੀ ਜਾਂਦੀ ਹੈ। ਚਮੜੀ ਲਾਉਣ ਦਾ ਮਤਲਬ ਇਹ ਨਹੀਂ ਹੈ ਕਿ ਮਰੀਜ ਨੂੰ ਸਥਾਈ ਤੌਰ 'ਤੇ ਚਮੜੀ ਲਗਾ ਦੇਣੀ ਹੈ। ਇਹ ਇਕ ਆਰਜੀ ਪ੍ਰਕਿਰਿਆ ਹੈ, ਤਾਂ ਕਿ ਉਸ ਦੇ ਜਖਮ ਜਲਦੀ ਠੀਕ ਹੋਣ ਤੇ ਖੁਦ ਦੀ ਸਕਿਨ ਆਉਣ ਤੱਕ ਇਸ ਨੂੰ ਸਪੋਰਟ ਮਿਲੇ। ਪੀ. ਜੀ. ਆਈ. 'ਚ ਹਰ ਸਾਲ 500 ਬਰਨ ਮਰੀਜ ਰਜਿਸਟਰਡ ਕੀਤੇ ਜਾਂਦੇ ਹਨ। ਚਮੜੀ ਲੈਣ ਤੋਂ ਬਾਅਦ, ਉਸ ਦੀ ਸਕ੍ਰੀਨਿੰਗ ਕਰ ਕੇ ਉਸਨੂੰ ਜਾਂਚਿਆ ਜਾਵੇਗਾ। 5 ਸਾਲ ਤੱਕ ਲੋਅ ਟੈਂਪ੍ਰੇਚਰ 'ਚ ਚਮੜੀ ਨੂੰ ਸਟੋਰ ਕਰ ਕੇ ਰੱਖਿਆ ਜਾ ਸਕਦਾ ਹੈ। ਡਾ. ਅਤੁਲ ਪਰਾਸਰ ਨੇ ਦੱਸਿਆ ਕਿ ਹੁਣ ਤੱਕ ਅਸੀਂ ਪੀ. ਜੀ. ਆਈ. 'ਚ ਚਮੜੀ ਨੂੰ ਸਟੋਰ ਕਰਨ ਲਈ ਅਸਥਾਈ ਸਟੋਰੇਜ ਦੀ ਵਰਤੋਂ ਕਰਦੇ ਸੀ। ਨਾਲ ਹੀ ਹਾਲੇ ਸੜਨ ਦੇ ਕੇਸ ਵਿਚ ਮਰੀਜ ਦੇ ਸਰੀਰ ਦੇ ਕਿਸੇ ਵੀ ਹਿੱਸੇ ਦੀ ਚਮੜੀ ਲੈ ਕੇ ਉਸ ਨੂੰ ਸੜੇ ਹੋਏ ਹਿੱਸੇ 'ਤੇ ਲਗਾ ਦਿੰਦੇ ਹਾਂ ਪਰ ਬੈਂਕ ਸੁਰੂ ਹੋਣ ਨਾਲ ਮਰੀਜਾਂ ਨੂੰ ਵੀ ਫਾਇਦਾ ਹੋਵੇਗਾ।




### ਦਸੰਬਰ-ਫਰਵਰੀ ਦੇ ਮਹੀਨੇ ਸਰਕਾਰ ਵਲੋਂ ਜਾਰੀ ਕੀਤੀ ਜਾਵੇਗੀ ਸਾਵਰੇਨ ਗੋਲਡ ਬਾਂਡ ਦੀ ਕਿਸ਼ਤ

ਨਵੀਂ ਦਿੱਲੀ 12 ਦਸੰਬਰ। ਸਰਕਾਰ ਦਸੰਬਰ ਦੇਮ ਮਹੀਨੇ ਸਾਵਰੇਨ ਗੋਲਡ ਬਾਂਡ () ਦੀ ਇੱਕ ਕਿਸਤ ਜਾਰੀ ਕਰਨ ਦੀ ਤਿਆਰੀ 'ਚ ਹੈ। ਇਸ ਦੀ ਦੂਜੀ ਕਿਸਤ ਫਰਵਰੀ ਵਿੱਚ ਜਾਰੀ ਕੀਤੀ ਜਾਵੇਗੀ। ਵਿੱਤ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ 2023-24 ਸੀਰੀਜ-3 ਇਸ ਮਹੀਨੇ 18-22 ਦਸੰਬਰ ਨੂੰ ਖੁੱਲ੍ਹੇਗੀ। ਸੀਰੀਜ 4 ਲਈ 12-16 ਫਰਵਰੀ ਦੀ ਤਾਰੀਖ ਤੈਅ ਕੀਤੀ ਗਈ ਹੈ। ਸੀਰੀਜ-ਇਕ 19-23 ਜੂਨ ਅਤੇ ਸੀਰੀਜ-2 11-15 ਸਤੰਬਰ ਦੇ ਵਿਚਕਾਰ ਖੁੱਲ੍ਹੀ ਸੀ ਬਾਂਡ ਦੀ ਇਹ ਵਿਕਰੀ ਬੈਂਕਾਂ, ਸਟਾਕ ਹੋਲਡਿੰਗ ਕਾਰਪੋਰੇਸਨ ਆਫ ਇੰਡੀਆ ਲਿਮਿਟੇਡ, ਮਨੋਨੀਤ ਡਾਕਘਰਾਂ ਅਤੇ ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਅਤੇ ਦੁਆਰਾ ਵੇਚੇ ਜਾਣਗੇ। ਰਵਾਇਤੀ ਸੋਨੇ ਦੀ ਮੰਗ ਘਟਾਉਣ ਅਤੇ ਘਰੇਲੂ ਬੱਚਤਾਂ ਦੇ ਇਕ ਹਿੱਸੇ ਦੇ ਤੌਰ 'ਤੇ ਸੋਨੇ ਦੇ ਬਾਂਡਾਂ ਦੀ ਵਿਕਰੀ ਪਹਿਲੀ ਵਾਰ ਨਵੰਬਰ 2015 ਵਿੱਚ ਸੁਰੂ ਕੀਤੀ ਗਈ ਸੀ। ਗੋਲਡ ਬਾਂਡ ਦੀ ਮਿਆਦ ਪੂਰੀ ਹੋਣ ਦੀ ਮਿਆਦ ਅੱਠ ਸਾਲ ਹੋਵੇਗੀ ਪਰ ਪੰਜ ਸਾਲ ਪੂਰੇ ਹੋਣ ਤੋਂ ਬਾਅਦ ਬਾਹਰ ਨਿਕਲਣ ਦਾ ਵਿਕਲਪ ਹੋਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਕੂਲ ਵੈਨ 'ਚ ਦੋ ਮਾਸੂਮ ਬੱਚੀਆਂ ਦਾ ਜਿਨਸੀ ਸੋਸਣ, ਮੁਲਜਮ ਡਰਾਈਵਰ ਗ੍ਰਿਫਤਾਰ

ਪੁਣੇ 7 ਅਕਤੂਬਰ। ਮਹਾਰਾਸਟਰ ਦੇ ਪੁਣੇ ਸਹਿਰ 'ਚ ਦੋ ਛੇ ਸਾਲਾ ਵਿਦਿਆਰਥਣਾਂ ਦੇ ਜਿਨਸੀ ਸੋਸਣ ਦਾ ਮਾਮਲਾ ਅਜੇ ਤੱਕ ਸੁਲਝਿਆ ਨਹੀਂ ਹੈ। ਜਿੱਥੇ ਇਸ ਮਾਮਲੇ ਨੂੰ ਲੈ ਕੇ ਲੋਕਾਂ 'ਚ ਗੁੱਸਾ ਹੈ, ਉੱਥੇ ਹੀ ਪੁਲਸ ਨੇ ਇਸ ਮਾਮਲੇ 'ਚ ਕਾਰਵਾਈ ਕਰਦੇ ਹੋਏ ਮੁਲਜਮ ਸਕੂਲ ਵੈਨ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ। ਹੁਣ ਮੁਲਜਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਣੇ ਪੁਲਸ ਮੁਤਾਬਕ ਇਹ ਘਟਨਾ 30 ਸਤੰਬਰ ਨੂੰ ਵੈਨ 'ਚ ਉਸ ਸਮੇਂ ਵਾਪਰੀ ਜਦੋਂ ਸਹਿਰ ਦੇ ਵਾਨਵਾੜੀ ਇਲਾਕੇ 'ਚ ਬੱਚੇ ਸਕੂਲ ਤੋਂ ਘਰ ਪਰਤ ਰਹੇ ਸਨ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਉਸ ਸਮੇਂ ਵੈਨ 'ਚ ਕੋਈ ਮਹਿਲਾ ਸੇਵਾਦਾਰ ਮੌਜੂਦ ਸੀ ਜਾਂ ਨਹੀਂ? ਵਾਨਵਾੜੀ ਥਾਣੇ ਦੇ ਅਧਿਕਾਰੀ ਨੇ ਦੱਸਿਆ ਕਿ 45 ਸਾਲਾ ਦੋਸੀ ਨੇ ਦੋਵਾਂ ਲੜਕੀਆਂ ਦੇ ਗੁਪਤ ਅੰਗਾਂ ਨੂੰ ਛੂਹਿਆ। ਬਾਅਦ 'ਚ ਇੱਕ ਵਿਦਿਆਰਥਣ ਨੇ ਘਟਨਾ ਬਾਰੇ ਆਪਣੀ ਮਾਂ ਨੂੰ ਦੱਸਿਆ, ਜਿਸ ਨੇ ਪੁਲਸ ਨੂੰ ਸੂਚਿਤ ਕੀਤਾ ਅਤੇ ਮਾਮਲਾ ਦਰਜ ਕਰ ਲਿਆ ਗਿਆ। ਇਸ ਮਾਮਲੇ 'ਚ ਪੁਲਸ ਨੇ ਬੁੱਧਵਾਰ ਨੂੰ ਸ਼ਿਕਾਇਤ ਦਰਜ ਕੀਤੀ ਅਤੇ ਮੁਲਜਮ ਸੰਜੇ ਰੈਡੀ 'ਤੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 64 ਤੇ 65 (2) ਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਦੋਸੀ ਸੰਜੇ ਰੈਡੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਡਿਪਟੀ ਕਮਿਸਨਰ ਆਫ ਪੁਲਸ (ਜੋਨ ) ਐੱਸ ਰਾਜਾ ਨੇ ਦੱਸਿਆ ਕਿ ਨਾਬਾਲਗ ਲੜਕੀ ਦੀ ਮਾਂ ਨੇ ਪੁਲਸ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਪੁਲਸ ਨੇ



ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਮੁਲਜਮ ਨੇ ਇਸ ਤੋਂ ਪਹਿਲਾਂ ਵੀ ਕਿਸੇ ਹੋਰ ਵਿਦਿਆਰਥਣ ਨੂੰ ਇਸ ਤਰ੍ਹਾਂ ਦਾ ਸ਼ਿਕਾਰ ਬਣਾਇਆ ਸੀ ਜਾਂ ਨਹੀਂ। ਇਹ ਪੁੱਛੇ ਜਾਣ ਉੱਤੇ ਕਿ ਕੀ ਵੈਨ ਵਿੱਚ ਕੋਈ ਮਹਿਲਾ ਸੇਵਾਦਾਰ ਮੌਜੂਦ ਸੀ? ਡੀਸੀਪੀ ਨੇ ਕਿਹਾ ਕਿ ਪੁਲਸ ਸਕੂਲ ਸਮੇਤ ਇਸ ਦੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਸਕੂਲ ਕੋਲ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਗੱਡੀ ਉਨ੍ਹਾਂ ਦੀ ਹੈ ਜਾਂ ਉਨ੍ਹਾਂ ਨੇ ਠੇਕੇ 'ਤੇ ਲਈ ਹੈ। ਮਹਾਰਾਸਟਰ ਵਿੱਚ ਸਕੂਲੀ ਬੱਸਾਂ ਜਾਂ ਵੈਨਾਂ ਵਿੱਚ ਮਹਿਲਾ ਸੇਵਾਦਾਰਾਂ ਦਾ ਹੋਣਾ ਲਾਜਮੀ ਹੈ। ਮਹਾਰਾਸਟਰ ਰਾਜ ਮਹਿਲਾ ਕਮਿਸਨ ਦੀ ਚੇਅਰਪਰਸਨ ਰੂਪਾਲੀ ਚਕਾਂਕਰ ਨੇ ਕਿਹਾ ਕਿ ਉਨ੍ਹਾਂ ਨੇ ਪੁਲਸ ਤੋਂ ਘਟਨਾ ਬਾਰੇ ਵਿਸਥਾਰਤ ਰਿਪੋਰਟ ਮੰਗੀ ਹੈ। ਉਨ੍ਹਾਂ ਕਿਹਾ ਕਿ ਮੁਲਜਮਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਐਨਸੀਪੀ (ਸਪਾ) ਦੀ ਸਹਿਰੀ ਇਕਾਈ ਦੇ ਪ੍ਰਧਾਨ ਪ੍ਰਸਾਂਤ ਜਗਤਾਪ ਨੇ ਦੋਸੀ ਡਰਾਈਵਰ ਖ਼ਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਵੰਚਿਤ ਬਹੁਜਨ ਅਗਾੜੀ ਦੇ ਮੈਂਬਰਾਂ ਨੇ ਸਕੂਲ ਵੈਨ ਨੂੰ ਜਦੋਂ ਵਾਨਵਾੜੀ ਥਾਣੇ ਲਿਆਂਦਾ ਗਿਆ ਤਾਂ ਉਸ ਦੀ ਭੰਨਤੋੜ ਕੀਤੀ। ਇਹ ਘਟਨਾ ਬਦਲਾਪੁਰ ਮਾਮਲੇ ਦੇ ਪਿਛੋਕੜ ਵਿਚ ਆਈ ਹੈ, ਜਿਸ ਵਿਚ ਠਾਣੇ ਜ਼ਿਲ੍ਹੇ ਦੇ ਬਦਲਾਪੁਰ ਕਸਬੇ ਵਿਚ ਇਕ ਸਕੂਲ ਦੇ ਟਾਇਲਟ ਵਿਚ ਇਕ ਠੇਕਾ ਸਵੀਪਰ ਦੁਆਰਾ ਦੋ ਚਾਰ ਸਾਲਾਂ ਦੀਆਂ ਵਿਦਿਆਰਥਣਾਂ ਦਾ ਕਥਿਤ ਤੌਰ 'ਤੇ ਜਿਨਸੀ ਸੋਸਣ ਕੀਤਾ ਗਿਆ ਸੀ, ਜਿਸ ਕਾਰਨ ਭਾਰੀ ਵਿਰੋਧ ਪ੍ਰਦਰਸਨ ਹੋਇਆ ਸੀ। ਦੋਸੀ ਅਕਸੈ ਸ਼ਿੰਦੇ ਨੂੰ ਬਾਅਦ ਵਿਚ ਗ੍ਰਿਫਤਾਰ ਕਰ ਲਿਆ ਗਿਆ।

## ਪੰਜਾਬ ਦੇ ਸਕੂਲ 'ਚ ਬੰਬ ਦੀ ਧਮਕੀ ਨੂੰ ਲੈ ਕੇ ਸਨਸਨੀਖੇਜ ਖੁਲਾਸਾ

ਲੁਧਿਆਣਾ 7 ਅਕਤੂਬਰ। ਲੁਧਿਆਣਾ ਵਿਚ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ ਨੇ ਅੱਜ ਸਨਸਨੀ ਫੈਲਾ ਦਿੱਤੀ ਸੀ। ਇਸ ਮਗਰੋਂ ਸਕੂਲ ਮੈਨੇਜਮੈਂਟ ਦੇ ਨਾਲ-ਨਾਲ ਪੁਲਸ ਪ੍ਰਸ਼ਾਸਨ ਨੂੰ ਵੀ ਭਾਜੜਾਂ ਪੈ ਗਈਆਂ ਸਨ। ਸਕੂਲ ਵਿਚ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ ਸੀ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਹੁਣ ਇਸ ਮਾਮਲੇ ਵਿਚ ਹੈਰਾਨੀਜਨਕ ਖੁਲਾਸਾ ਹੋਇਆ ਹੈ। ਦਰਅਸਲ, ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲਾ ਕੋਈ ਅੱਤਵਾਦੀ ਸੰਗਠਨ ਨਹੀਂ ਸਗੋਂ ਸਕੂਲ ਦਾ ਹੀ ਇਕ ਵਿਦਿਆਰਥੀ ਨਿਕਲਿਆ। ਸੂਤਰਾਂ ਮੁਤਾਬਕ ਪੁਲਸ ਨੇ ਮਾਮਲਾ ਟ੍ਰੇਸ ਕਰ ਲਿਆ ਹੈ ਤੇ 15 ਸਾਲਾ ਬੱਚੇ ਨੂੰ ਰਾਊਂਡ-ਅੱਪ ਕੀਤਾ ਗਿਆ ਹੈ। ਹਾਲਾਂਕਿ ਪੁਲਸ ਇਸ ਮਾਮਲੇ ਬਾਰੇ ਫ਼ਿਲਹਾਲ ਕੋਈ ਜਾਣਕਾਰੀ ਸਾਂਝੀ ਨਹੀਂ ਕਰ ਰਹੀ ਹੈ। ਪਰ ਸੂਤਰਾਂ ਦੀ ਮੰਨੀਏ ਤਾਂ ਇਹ ਸਕੂਲ ਵਿਚ ਹੀ ਪੜ੍ਹਨ ਵਾਲੇ ਇਕ ਵਿਦਿਆਰਥੀ ਦੀ ਸ਼ਰਾਰਤ ਸੀ। ਉਸ ਨੇ ਸਕੂਲ ਵਿਚ ਛੁੱਟੀ ਕਰਵਾਉਣ ਲਈ ਇਹ ਕਾਰਨਾਮਾ ਕੀਤਾ ਸੀ। ਉਸ ਨੇ ਜਾਅਲੀ ਈ-ਮੇਲ ਆਈ.ਡੀ. ਬਣਾ ਕੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਵਿਚ ਬੰਬ ਹੋਣ ਦੀ ਗੱਲ ਆਖੀ ਸੀ, ਜਿਸ ਮਗਰੋਂ ਸਕੂਲ ਵਿਚ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ ਸੀ।

## ਲੁਧਿਆਣਾ 'ਚ ਸ਼ਰਾਬ ਦੇ ਠੇਕਿਆਂ 'ਤੇ ਸਖਤ ਕਾਰਵਾਈ ! ਕੱਟੇ 22 ਚਲਾਨ

ਲੁਧਿਆਣਾ 7 ਅਕਤੂਬਰ। ਡਰਾਈ-ਡੇ 'ਤੇ ਸਰਾਬ ਦੀ ਵਿਕਰੀ ਦੀ ਖਬਰ ਪ੍ਰਕਾਸ਼ਿਤ ਹੋਣ ਤੋਂ ਬਾਅਦ ਆਬਕਾਰੀ ਵਿਭਾਗ ਹਰਕਤ 'ਚ ਆਇਆ ਅਤੇ 22 ਲਾਇਸੈਂਸਧਾਰਕਾਂ ਦੇ ਚਲਾਨ ਕੱਟੇ। ਇਹ ਕਾਰਵਾਈ ਸਹਾਇਕ ਲੁਧਿਆਣਾ ਪੂਰਬੀ ਰੇਂਜ ਡਾ. ਸ਼ਿਵਾਨੀ ਗੁਪਤਾ ਅਤੇ ਸਹਾਇਕ ਲੁਧਿਆਣਾ ਪੱਛਮੀ ਰੇਂਜ ਇੰਦਰਜੀਤ ਸਿੰਘ ਨਾਗਪਾਲ ਦੇ ਦਿਸਾ-ਨਿਰਦੇਸਾਂ 'ਤੇ ਆਬਕਾਰੀ ਅਫਸਰ ਅਮਿਤ ਗੋਇਲ, ਅਸੋਕ ਕੁਮਾਰ, ਨਵਦੀਪ ਸਿੰਘ, ਤਨੁਲ ਗੋਇਲ ਅਤੇ ਆਬਕਾਰੀ ਇੰਸਪੈਕਟਰ ਵੱਲੋਂ ਕੀਤੀ ਗਈ। ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਕਾਨੂੰਨ ਦੀ ਸਰੇਆਮ ਉਲੰਘਣਾ ਕਰਦਿਆਂ ਡਰਾਈ-ਡੇ 'ਤੇ ਸਰਾਬ ਵੇਚਦੇ ਪਾਏ ਗਏ ਸਥਾਨਕ ਲਾਇਸੈਂਸਧਾਰਕਾਂ ਵਿਰੁੱਧ 22 ਚਲਾਨ ਕੱਟ ਕੇ ਤੁਰੰਤ ਕਾਰਵਾਈ ਕੀਤੀ ਗਈ। ਵਿਸੇਸ ਤੌਰ 'ਤੇ ਗਾਂਧੀ ਜੈਅੰਤੀ ਵਰਗੀਆਂ ਮਹੱਤਵਪੂਰਨ ਤਰੀਕਾਂ ਦੀ ਪਾਲਣਾ ਨੂੰ ਬਰਕਰਾਰ ਰੱਖਣ ਲਈ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਗਈ। ਜਾਣਕਾਰੀ ਅਨੁਸਾਰ ਆਬਕਾਰੀ ਅਫਸਰਾਂ ਅਤੇ ਆਬਕਾਰੀ ਇੰਸਪੈਕਟਰਾਂ ਨੇ ਖੁਦ ਨਕਲੀ ਗਾਹਕ ਬਣ ਕੇ ਸਰਾਬ ਠੇਕਿਆ ਜਾਂਚ ਕੀਤੀ। ਇਹ ਕਾਰਵਾਈ ਨਿਯਮਾਂ ਨੂੰ ਬਰਕਰਾਰ ਰੱਖਣ ਅਤੇ ਪੂਰੇ ਸੈਕਟਰ 'ਚ ਜ਼ਿੰਮੇਵਾਰ ਕਾਰੋਬਾਰੀ ਅਭਿਆਸਾਂ ਨੂੰ ਯਕੀਨੀ ਬਣਾਉਣ ਲਈ ਵਿਭਾਗ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਸਵ. ਮਲਕੀਅਤ ਸਿੰਘ ਬੁਟੇਰਲਾ ਦੀ ਯਾਦ ਵਿੱਚ ਲਗਾਇਆ ਖੂਨਦਾਨ ਕੈਂਪ

**- ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ, ਕੇਂਦਰੀ ਰਾਜ ਸਭਾ ਮੈਂਬਰ ਸਤਨਾਮ ਸੰਧੂ, ਕੈਬਨਿਟ ਮੰਤਰੀ ਪੰਜਾਬ ਤਰਨਪ੍ਰੀਤ ਸਿੰਘ ਸੌਧ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਆਹਲੂਵਾਲੀਆ ਨੇ ਕੈਂਪ ਵਿੱਚ ਪਹੁੰਚ ਕੇ ਖੂਨਦਾਨੀਆਂ ਦੀ ਹੌਸਲਾ ਅਫ਼ਜਾਈ ਅਤੇ ਬੁਟੇਰਲਾ ਪਰਿਵਾਰ ਦੀ ਕੀਤੀ ਸ਼ਲਾਘਾ**

ਚੰਡੀਗੜ੍ਹ, 7 ਸਤੰਬਰ: ਚੰਡੀਗੜ੍ਹ ਨਗਰ ਨਿਗਮ ਦੇ ਵਾਰਡ ਨੰਬਰ 30 ਤੋਂ ਮਿਉਂਸਪਲ ਕੌਂਸਲਰ ਅਤੇ ਚੰਡੀਗੜ੍ਹ ਕੋਆਪਰੇਟਿਵ ਬੈਂਕ ਲਿਮਟਿਡ ਦੇ ਡਾਇਰੈਕਟਰ ਹਰਦੀਪ ਸਿੰਘ ਬੁਟੇਰਲਾ ਵੱਲੋਂ ਆਪਣੇ ਭਰਾ ਸਵਰਗੀ ਮਲਕੀਅਤ ਸਿੰਘ ਦੀ ਦਸਵੀਂ ਬਰਸੀ 'ਤੇ 28ਵਾਂ ਖੂਨਦਾਨ ਕੈਂਪ ਲਗਾਇਆ ਗਿਆ। ਇਸ ਦੇ ਨਾਲ ਹੀ ਦੰਦਾਂ ਦੇ ਮੁਫਤ ਚੈੱਕਅੱਪ ਕੈਂਪ, ਸਿਹਤ ਤੇ ਤੰਦਰੁਸਤੀ ਕੈਂਪ, ਮੁਫਤ ਖੂਨ ਚੈਕਅੱਪ ਅਤੇ ਮੁਫ਼ਤ ਡਾਈਟੀਸ਼ਿਅਨ ਸਲਾਹ ਕੈਂਪ ਵੀ ਲਗਾਏ ਗਏ ਜਿਨ੍ਹਾਂ ਵਿੱਚ ਪਹੁੰਚੇ ਲੋਕਾਂ ਦੇ ਮੁਫ਼ਤ ਚੈਕਅੱਪ ਵੀ ਕੀਤੇ ਗਏ। ਪਿੰਗਲਵਾੜਾ ਆਸ਼ਰਮ ਵੱਲੋਂ ਮੁਫ਼ਤ ਲਿਟਰੇਚਰ ਅਤੇ ਬੂਟੇ ਵੰਡੇ ਗਏ। ਕੈਂਪ ਦਾ ਉਦਘਾਟਨ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਅਤੇ ਕੇ ਦਰੀ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਕੀਤਾ ਗਿਆ। ਕੈਬਨਿਟ ਮੰਤਰੀ ਪੰਜਾਬ ਤਰਨਪ੍ਰੀਤ ਸਿੰਘ ਸੌਧ ਅਤੇ ਸੀਵਰੇਜ ਬੋਰਡ ਪੰਜਾਬ ਦੇ ਚੇਅਰਮੈਨ ਡਾ. ਸੰਨੀ ਆਹਲੂਵਾਲੀਆ ਨੇ ਵੀ ਪਹੁੰਚ ਕੇ ਖੂਨਦਾਨੀਆਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਪਰਿਵਾਰ ਦੇ ਮੌਜੂਦਾ ਦੌਰ ਵਿੱਚ ਸਮਾਜ ਕਲਿਆਣ ਦੇ ਉਦਮਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਕੁਲਦੀਪ ਕੁਮਾਰ




ਢਿਲੋਂਡ, ਫਿਲਮੀ ਅਦਾਕਾਰ ਵਨਿੰਦਰ ਬੰਨੀ, ਚੰਡੀਗੜ੍ਹ ਸਟੇਟ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ ਮਨਜੀਤ ਰਾਣਾ, ਗੁਰਪ੍ਰੀਤ ਸਿੰਘ ਬਡਹੇੜੀ, ਸੁਰਜੀਤ ਸਿੰਘ ਢਿੱਲੋਂ, ਤਰਲੋਚਨ ਸਿੰਘ, ਜਨਰਲ ਮੈਨੇਜਰ ਦਿਲਬਾਗ ਸਿੰਘ ਵੀ ਵਿਸ਼ੇਸ਼ ਤੌਰ 'ਤੇ ਖੂਨਦਾਨੀਆਂ ਨੂੰ ਉਤਸ਼ਾਹਿਤ ਕਰਨ ਲਈ ਹਾਜ਼ਰ ਸਨ। ਕੌਂਸਲਰ ਹਰਦੀਪ ਸਿੰਘ ਬੁਟੇਰਲਾ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਅਤੇ ਕੇਂਦਰੀ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਉਨ੍ਹਾਂ ਦੇ ਹਰੇਕ ਕੈਂਪ ਵਿੱਚ ਪਹੁੰਚ ਕੇ ਉਤਸ਼ਾਹਿਤ ਕਰਦੇ ਹਨ। ਸ੍ਰ. ਬੁਟੇਰਲਾ ਨੇ ਦੱਸਿਆ ਕਿ ਜੀ.ਐੱਮ.ਐੱਸ.ਐੱਚ. ਸੈਕਟਰ 16 ਤੋਂ ਪਹੁੰਚੀ ਡਾ. ਸਿਮਰਨਜੀਤ ਕੌਰ ਦੀ ਅਗਵਾਈ ਵਾਲੀ ਡਾਕਟਰਾਂ ਦੀ ਟੀਮ ਨੇ ਕੈਂਪ ਵਿੱਚ 105 ਯੂਨਿਟ ਖੂਨ ਦੇ ਇਕੱਤਰ ਕੀਤੇ। ਖੂਨਦਾਨੀਆਂ ਲਈ ਰਿਫਰੈਸ਼ਮੈਂਟ ਦੇ ਪ੍ਰਬੰਧ ਕੀਤੇ ਗਏ ਸਨ ਅਤੇ ਖੂਨਦਾਨੀਆਂ ਨੂੰ ਸਨਮਾਨ ਚਿੰਨ੍ਹ, ਸਰਟੀਫਿਕੇਟ ਅਤੇ ਪੌਦੇ ਵੰਡ ਕੇ ਸਨਮਾਨਿਤ ਵੀ ਕੀਤਾ ਗਿਆ। ਕੈਂਪ ਵਿੱਚ ਸਵਰਗੀ ਮਲਕੀਅਤ ਸਿੰਘ ਦੀ 18 ਸਾਲਾ ਬੇਟੀ ਅਮਨਜੋਤ ਕੌਰ ਅਤੇ ਸਪੁੱਤਰ ਅਰਸ਼ਦੀਪ ਸਿੰਘ ਅਤੇ ਖੁਦ ਹਰਦੀਪ ਸਿੰਘ ਬੁਟੇਰਲਾ ਨੇ ਵੀ ਖੂਨਦਾਨ ਕੀਤਾ। ਇਸ ਮੌਕੇ ਨਿਗਮ ਕੌਂਸਲਰ ਪ੍ਰੇਮ ਲਤਾ, ਸੌਰਭ ਜੋਸ਼ੀ, ਯੋਗੇਸ਼ ਢੀਂਗਰਾ, ਦਰਸ਼ਨਾ ਦੇਵੀ, ਜਸਬੀਰ ਬੰਟੀ, ਸਾਬਕਾ ਕੌਂਸਲਰ ਅਨਿਲ ਦੂਬੇ, ਆਮ ਆਦਮੀ ਪਾਰਟੀ ਦੇ ਮੁਲਾਜ਼ਮ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ ਆਦਿ ਵੀ ਹਾਜ਼ਰ ਸਨ।

# ਸੱਪ ਦੇ ਡੱਸਣ ਨਾਲ ਹੋਈ ਨੌਜਵਾਨ ਦੀ ਮੌਤ, ਲੋਕਾਂ ਨੇ ਸੱਪ ਨੂੰ ਵੀ ਚਿਖਾ ਨਾਲ ਜ਼ਿੰਦਾ ਸਾੜਿਆ

ਕੋਰਬਾ 7 ਅਕਤੂਬਰ। ਛੱਤੀਸਗੜ੍ਹ ਦੇ ਕੋਰਬਾ ਜ਼ਿਲ੍ਹੇ 'ਚ ਜਹਿਰੀਲੇ ਸੱਪ ਦੇ ਡੱਸਣ ਕਾਰਨ 22 ਸਾਲਾ ਨੌਜਵਾਨ ਦੀ ਮੌਤ ਤੋਂ ਬਾਅਦ ਪਿੰਡ ਵਾਸੀਆਂ ਨੇ ਕਥਿਤ ਤੌਰ 'ਤੇ ਨੌਜਵਾਨ ਦੇ ਅੰਤਿਮ ਸੰਸਕਾਰ 'ਤੇ ਸੱਪ ਨੂੰ ਜ਼ਿੰਦਾ ਸਾੜ ਦਿੱਤਾ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਬੈਗਾਮਾਰ ਪਿੰਡ 'ਚ ਐਤਵਾਰ ਨੂੰ ਸੱਪ ਦੇ ਡੱਸਣ ਕਾਰਨ ਡਿਗੇਸਵਰ ਰਾਠੀਆ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਡਿਗੇਸਵਰ ਦੀ ਚਿਖਾ ਦੇ ਨਾਲ ਸੱਪ ਨੂੰ ਵੀ ਜ਼ਿੰਦਾ ਸਾੜ ਦਿੱਤਾ। ਉਸ ਨੇ ਦੱਸਿਆ ਕਿ ਸਨੀਵਾਰ ਰਾਤ ਜਦੋਂ ਡਿਗੇਸਵਰ ਸੌਣ ਦੀ ਤਿਆਰੀ ਕਰ ਰਿਹਾ ਸੀ, ਉਦੋਂ ਉਸ ਨੂੰ ਇਕ ਕਰੈਤ ਸੱਪ ਨੇ ਡੱਸ ਲਿਆ। ਜਦੋਂ ਉਸ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਇਸ ਦੀ ਸੂਚਨਾ ਦਿੱਤੀ, ਉਦੋਂ ਪਰਿਵਾਰ ਵਾਲੇ ਉਸ ਨੂੰ ਕੋਬਰਾ ਦੇ ਮੈਡੀਕਲ ਕਾਲਜ ਹਸਪਤਾਲ ਲੈ ਕੇ ਪਹੁੰਚੇ। ਇਲਾਜ ਦੌਰਾਨ ਐਤਵਾਰ ਸਵੇਰੇ ਡਿਗੇਸ਼ਵਰ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ਼ ਨੂੰ ਅੰਤਿਮ ਸੰਸਕਾਰ ਲਈ ਪਰਿਵਾਰ ਨੂੰ ਸੌਂਪ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਦੂਜੇ ਪਾਸੇ ਸੱਪ ਦੇ ਡੱਸਣ ਦੀ ਘਟਨਾ ਤੋਂ ਬਾਅਦ ਪਿੰਡ ਵਾਲਿਆਂ ਨੇ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਬੈਗਾਮਾਰ ਪਿੰਡ 'ਚ ਐਤਵਾਰ ਨੂੰ ਸੱਪ ਦੇ ਡੱਸਣ ਕਾਰਨ ਡਿਗੇਸਵਰ ਰਾਠੀਆ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਡਿਗੇਸਵਰ ਦੀ ਚਿਖਾ ਦੇ ਨਾਲ ਸੱਪ ਨੂੰ ਵੀ ਜ਼ਿੰਦਾ ਸਾੜ ਦਿੱਤਾ। ਉਸ ਨੇ ਦੱਸਿਆ ਕਿ ਸਨੀਵਾਰ ਰਾਤ ਜਦੋਂ ਡਿਗੇਸਵਰ ਸੌਣ ਦੀ ਤਿਆਰੀ ਕਰ ਰਿਹਾ ਸੀ, ਉਦੋਂ ਉਸ ਨੂੰ ਇਕ ਕਰੈਤ ਸੱਪ ਨੇ ਡੱਸ ਲਿਆ। ਜਦੋਂ ਉਸ ਨੇ ਆਪਣੇ ਪਰਿਵਾਰ ਦੇ ਮੈਂਬਰਾਂਸੱਪ ਨੂੰ ਫੜਨ 'ਚ ਕਾਮਯਾਬੀ ਹਾਸਲ ਕੀਤੀ ਅਤੇ ਉਸ ਨੂੰ ਇਕ ਟੋਕਰੀ 'ਚ ਰੱਖ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਡਿਗੇਸ਼ਵਰ ਦੀ ਮੌਤ ਤੋਂ ਬਾਅਦ ਪਿੰਡ ਵਾਸੀਆਂ ਨੇ ਸੱਪ ਨੂੰ ਇਕ ਡੰਡੇ ਨਾਲ ਲਟਕੀ ਰੱਸੀ ਨਾਲ ਬੰਨ੍ਹ ਦਿੱਤਾ। ਜਦੋਂ ਡਿਗੇਸ਼ਵਰ ਦੀ ਸ਼ਵ ਯਾਤਰਾ ਉਸ ਦੇ ਘਰ ਤੋਂ ਸ਼ਮਸ਼ਾਨ ਘਾਟ ਲਈ ਨਿਕਲੀ, ਉਦੋਂ ਪਿੰਡ ਵਾਸੀ ਸੱਪ ਨੂੰ ਵੀ ਉੱਥੇ ਲੈ ਗਏ। ਬਾਅਦ 'ਚ ਪਿੰਡ ਵਾਸੀਆਂ ਨੇ ਸੱਪ ਨੂੰ ਡਿਗੇਸ਼ਵਰ ਦੀ ਚਿਖਾ 'ਤੇ ਜ਼ਿੰਦਾ ਸਾੜ ਦਿੱਤਾ। ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਡਰ ਸੀ ਕਿ ਜਹਿਰੀਲਾ ਸੱਪ ਕਿਸੇ ਹੋਰ ਨੂੰ ਆਪਣਾ ਸ਼ਿਕਾਰ ਬਣਾ ਸਕਦਾ ਹੈ, ਇਸ ਲਈ ਉਨ੍ਹਾਂ ਨੇ ਸੱਪ ਨੂੰ ਚਿਖਾ 'ਤੇ ਹੀ ਸਾੜ ਦਿੱਤਾ। ਘਟਨਾ ਬਾਰੇ ਪੁੱਛੇ ਜਾਣ 'ਤੇ ਕੋਰਬਾ ਦੇ ਉੱਪਮੰਡਲ ਅਧਿਕਾਰੀ (ਜੰਗਲਾਤ) ਆਸ਼ੀਸ਼ ਖੇਲਵਾਰ ਨੇ ਕਿਹਾ ਕਿ ਸੱਪ ਨੂੰ ਮਾਰਨ ਲਈ ਪਿੰਡ ਵਾਲਿਆਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਖੇਲਵਾਰ ਨੇ ਕਿਹਾ ਕਿ ਸੱਪਾਂ ਅਤੇ ਸੱਪ ਦੇ ਡੱਸਣ ਬਾਰੇ ਲੋਕਾਂ ਨੂੰ ਸਿੱਖਿਅਤ ਕਰਨ ਅਤੇ ਜਾਗਰੂਕਤਾ ਫੈਲਾਉਣ ਦੀ ਜਰੂਰਤ ਹੈ।

## ਔਰਤ ਨੇ ਦੋਸਤ ਨਾਲ ਮਿਲ ਨੌਜਵਾਨ ਦਾ ਤੇਜਧਾਰ ਹਥਿਆਰ ਨਾਲ ਕਰ 'ਤਾ ਕਤਲ

ਠਾਣੇ 7 ਅਕਤੂਬਰ। ਮਹਾਰਾਸਟਰ ਦੇ ਠਾਣੇ ਸਹਿਰ 'ਚ ਸੁੱਕਰਵਾਰ ਨੂੰ ਇਕ ਔਰਤ ਅਤੇ ਉਸ ਦੇ ਦੋਸਤ ਨੇ ਮਿਲ ਕੇ 24 ਸਾਲਾ ਨੌਜਵਾਨ 'ਤੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਇਸ ਵਾਰਦਾਤ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਉਕਤ ਨੌਜਵਾਨ ਕਥਿਤ ਤੌਰ 'ਤੇ ਔਰਤ ਦੀਆਂ ਇਤਰਾਜਯੋਗ ਤਸਵੀਰਾਂ ਭੇਜ ਕੇ ਉਸ ਨੂੰ ਬਲੈਕਮੇਲ ਕਰਦਾ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਸਤੀਸ ਪਰਾਂਜਪੇ 'ਤੇ ਸਵੇਰੇ ਸਹਿਰ ਦੇ ਕੋਪਰੀ ਇਲਾਕੇ 'ਚ ਤੇਜਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ ਗਿਆ। ਪੁਲਸ ਨੇ ਇਸ ਘਟਨਾ ਦੇ ਸਬੰਧ ਵਿੱਚ ਇੱਕ 20 ਸਾਲਾ ਔਰਤ ਅਤੇ ਉਸਦੇ




ਦੋਸਤ ਮਯੂਰੇਸ ਨੰਦਕੁਮਾਰ ਧੂਮਲ (24) ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਕਿਹਾ ਕਿ ਪਰਾਂਜਪੇ ਨੇ ਅਪਰੈਲ ਵਿੱਚ ਇੱਕ ਵਿਆਹ ਸਮਾਗਮ ਵਿੱਚ ਦੋਸੀ ਔਰਤ ਨਾਲ ਮੁਲਾਕਾਤ ਕੀਤੀ ਸੀ ਅਤੇ ਉਸ ਨੂੰ ਆਪਣੇ ਨਾਲ ਬਾਹਰ ਘੁੰਮਣ ਲਈ ਮਨਾ ਲਿਆ। ਔਰਤ ਨੇ ਦਾਅਵਾ ਕੀਤਾ ਕਿ ਉਹ ਉਸ ਨੂੰ ਨਸੀਲਾ ਪਦਾਰਥ ਪਿਲਾ ਕੇ ਆਪਣੇ ਘਰ ਲੈ ਗਿਆ ਅਤੇ ਉਸ ਦੀਆਂ ਇਤਰਾਜਯੋਗ ਤਸਵੀਰਾਂ ਖਿੱਚੀਆਂ। ਅਧਿਕਾਰੀ ਨੇ ਦੱਸਿਆ ਕਿ ਔਰਤ ਨੇ ਦੋਸ ਲਾਇਆ ਹੈ ਕਿ ਪਰਾਂਜਪੇ ਨੇ ਉਸ ਨੂੰ ਬਲੈਕਮੇਲ ਕੀਤਾ ਅਤੇ ਧਮਕੀ ਭਰੇ ਸੰਦੇਸ ਭੇਜ ਕੇ ਮਿਲਣ ਲਈ ਕਿਹਾ। ਇਸ ਤੋਂ ਬਾਅਦ ਔਰਤ ਨੇ ਆਪਣੇ ਦੋਸਤ ਧੂਮਲ ਨੂੰ ਸਾਰੀ ਗੱਲ ਦੱਸੀ ਅਤੇ ਦੋਵਾਂ ਨੇ ਪਰਾਂਜਪੇ ਨੂੰ ਤਸਵੀਰਾਂ ਡਿਲੀਟ ਕਰਨ ਲਈ ਕਿਹਾ। ਅਧਿਕਾਰੀ ਨੇ ਦੱਸਿਆ ਕਿ ਝਗੜੇ ਤੋਂ ਬਾਅਦ ਧੂਮਲ ਨੇ ਕਥਿਤ ਤੌਰ 'ਤੇ ਪਰਾਂਜਪੇ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਪੁਲਸ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ।

## ਰਸਤੇ 'ਚ ਨੌਜਵਾਨ ਨੂੰ ਰੋਕ ਪਾਇਆ ਘੇਰਾ, ਹਥਿਆਰਾਂ ਨਾਲ ਹਮਲਾ ਕਰਕੇ ਪਾੜ 'ਤਾ ਸਿਰ

ਮੋਗਾ 7 ਅਕਤੂਬਰ। ਮੋਗਾ ਦੇ ਪਿੰਡ ਕਪੂਰੇ ਵਿਚ ਪੁਰਾਣੀ ਰੰਜਿਸ਼ ਨੂੰ ਲੈ ਕੇ ਪਿੰਡ ਦੇ ਮੁੰਡਿਆਂ ਨੇ ਆਪਣੇ ਹੀ ਪਿੰਡ ਦੇ ਇਕ ਨੌਜਵਾਨ ਦੀ ਤੇਜਧਾਰ ਹਥਿਆਰਾਂ ਨਾਲ ਕੁੱਟਮਾਰ ਕਰ ਦਿੱਤੀ। ਜਿਸ ਵਿੱਚ ਨੌਜਵਾਨ ਨੂੰ ਕਾਫੀ ਸੱਟਾਂ ਲੱਗੀਆਂ ਹਨ। ਮੌਕੇ ਉਤੇ ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਸ ਨੇ ਇਸ ਮਾਮਲੇ ਵਿੱਚ ਜਖਮੀ ਨੌਜਵਾਨ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਜਖਮੀ ਨੌਜਵਾਨ ਇੰਦਰਜੀਤ ਸਿੰਘ ਦੇ ਪਿਤਾ ਨੇ ਦੱਸਿਆ ਕਿ ਮੇਰਾ ਲੜਕਾ ਕਿਸੇ ਦੇ ਘਰੋਂ ਸਾਈਕਲ ਲੈਣ ਗਿਆ ਸੀ ਤਾਂ ਉਸ ਥਾਂ 'ਤੇ ਪਹਿਲਾਂ ਤੋਂ ਹੀ ਕੁਝ ਨੌਜਵਾਨ ਖੜ੍ਹੇ ਸਨ, ਜਿੰਨਾ ਨੇ ਮੇਰੇ ਲੜਕੇ ਦੇ ਸਿਰ ਵਿਚ ਰਾਡਾਂ ਮਾਰੀਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਲੜਕੇ ਦੀ ਅੱਜ ਤੋਂ ਮਹੀਨਾ ਪਹਿਲਾਂ ਕਿਸੇ ਗੱਲ ਨੂੰ ਲੈ ਕੇ ਉਕਤ ਮੁੰਡਿਆਂ ਨਾਲ ਬਹਿਸਬਾਜੀ ਹੋਈ ਸੀ। ਪਿਤਾ ਵੱਲੋਂ ਇਨਸਾਫ ਦੀ ਮੰਗ ਕੀਤੀ ਗਈ ਹੈ। ਇਸ ਮਾਮਲੇ ਸਬੰਧੀ ਡਾਕਟਰ ਅਜਮੇਰ ਸਿੰਘ ਕਾਲੜਾ ਨੇ ਦੱਸਿਆ ਕਿ ਇੰਦਰਜੀਤ ਸਿੰਘ (23) ਪੁੱਤਰ ਜਰਨੈਲ ਸਿੰਘ ਪਿੰਡ ਕਪੂਰੇ ਦਾ ਰਹਿਣ ਵਾਲਾ ਹੈ, ਜਿਸ ਨੂੰ ਕਾਫੀ ਸੱਟਾਂ ਲੱਗੀਆਂ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮਰੀਜ ਵੈਂਟੀਲੇਟਰ 'ਤੇ ਹੈ। ਤੇਜਧਾਰ ਹਥਿਆਰਾਂ ਨਾਲ ਹਮਲਾ ਹੋਣ ਕਰਕੇ ਨੌਜਵਾਨ ਨੂੰ ਜ਼ਿਆਦਾ ਸੱਟਾਂ ਲੱਗੀਆਂ ਹੋਈਆਂ ਹਨ। ਸਿਰ ਵੀ ਥਾਂ-ਥਾਂ ਤੋਂ ਪਾੜਿਆ ਹੋਇਆ ਸੀ ਅਤੇ ਹੱਥਾਂ 'ਤੇ ਕਾਫੀ ਸੱਟਾਂ ਲੱਗੀਆਂ ਹੋਈਆਂ ਹਨ। ਇਸ ਮਾਮਲੇ ਵਿੱਚ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਵਰਿੰਦਰ ਕੁਮਾਰ ਨੇ ਕਿਹਾ ਕਿ 18 ਤਾਰੀਖ ਰਾਤ ਨੂੰ ਕਿਸੇ ਦੇ ਘਰੋਂ ਸਾਈਕਲ ਲੈਣ ਲਈ ਨੋਨੇ ਨਾਮ ਦਾ ਲੜਕਾ ਜਖਮੀ ਨੌਜਵਾਨ ਨੂੰ ਆਪਣੇ ਨਾਲ ਲੈ ਕੇ ਚਲਾ ਗਿਆ ਸੀ। ਜਦੋਂ ਰਸਤੇ ਵਿਚ ਪਹੁੰਚੇ ਤਾਂ ਉਥੇ ਪਹਿਲਾਂ ਤੋਂ ਕਰੀਬ 8 ਮੁੰਡੇ ਬੇਸਬਾਲ, ਟਕੂਏ, ਗੰਡਾਸੇ ਲੈ ਕੇ ਖੜ੍ਹੇ ਸਨ, ਜਿਨਾਂ ਨੇ ਇੰਦਰਜੀਤ ਸਿੰਘ ਨਾਲ ਕੁੱਟਮਾਰ ਕੀਤੀ। ਇਸ ਹਮਲੇ ਵਿਚ ਇੰਦਰਜੀਤ ਸਿੰਘ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਮੋਗਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ

# ਪੁੱਤ ਨੇ 22 ਸਾਲ ਬਾਅਦ ਲਿਆ ਪਿਓ ਦੀ ਹੱਤਿਆ ਦਾ ਬਦਲਾ ! ਬੋਲੈਰੋ ਨਾਲ ਕੁਚਲ ਕੇ ਮਾਰ 'ਤਾ

ਅਹਿਮਦਾਬਾਦ 7 ਅਕਤੂਬਰ। ਗੁਜਰਾਤ ਦੇ ਅਹਿਮਦਾਬਾਦ ਤੋਂ 22 ਸਾਲ ਪੁਰਾਣੀ ਦੁਸਮਣੀ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਇਹ ਕਤਲ ਕੀਤਾ ਗਿਆ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਜਾਂਚ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਬੋਲੈਰੋ ਚਾਲਕ ਗੋਪਾਲ ਸਿੰਘ ਨੇ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਇਹ ਕਦਮ ਚੁੱਕਿਆ ਸੀ। ਪੁਲਸ ਮੁਤਾਬਕ ਗੋਪਾਲ ਸਿੰਘ ਦੇ ਪਿਤਾ ਹਰੀ ਸਿੰਘ ਨੂੰ 2002 ਵਿਚ ਜੈਸਲਮੇਰ ਵਿਚ ਇਕ ਕਾਰ ਨੇ ਕੁਚਲ ਕੇ ਮਾਰ ਦਿੱਤਾ ਸੀ। ਇਸ ਘਟਨਾ ਵਿਚ ਨਛੱਤਰ ਸਿੰਘ ਭਾਟੀ ਅਤੇ ਹੋਰ ਲੋਕ ਵੀ ਸਾਮਲ ਸਨ। ਫਿਰ ਹਰੀ ਸਿੰਘ ਅਤੇ ਉਸਦੇ ਭਰਾ ਨੇ ਜੈਸਲਮੇਰ ਵਿਚ ਇਕ ਹੋਟਲ ਖੋਲ੍ਹਿਆ ਸੀ ਅਤੇ ਉਸੇ ਹੋਟਲ ਵਿਚ ਖਾਣੇ ਦੇ ਬਿੱਲ ਨੂੰ ਲੈ ਕੇ ਵਿਵਾਦ ਹਿੰਸਕ ਰੂਪ ਲੈ ਗਿਆ ਸੀ। ਲੜਾਈ ਦੌਰਾਨ ਹਰੀ ਸਿੰਘ ਨੂੰ ਕਾਰ ਨੇ ਕੁਚਲ ਦਿੱਤਾ। ਇਸ ਮਾਮਲੇ ਵਿਚ ਨਛੱਤਰ ਸਿੰਘ ਅਤੇ ਹੋਰ ਦੋਸੀਆਂ ਨੂੰ ਸਜਾ ਹੋਈ ਸੀ ਪਰ ਬਾਅਦ ਵਿਚ ਨਛੱਤਰ ਸਿੰਘ ਹਾਈ ਕੋਰਟ ਤੋਂ ਜਮਾਨਤ 'ਤੇ ਬਾਹਰ ਆ ਗਿਆ ਸੀ। 22 ਸਾਲ ਪਹਿਲਾਂ ਪਿਤਾ



ਦੇ ਕਤਲ ਸਮੇਂ ਗੋਪਾਲ ਸਿੰਘ ਦੀ ਉਮਰ ਸਿਰਫ 6 ਸਾਲ ਸੀ। ਉਦੋਂ ਹੀ ਉਸਨੇ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਦਾ ਫੈਸਲਾ ਕੀਤਾ। ਰਿਸਤੇਦਾਰਾਂ ਤੋਂ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਗੋਪਾਲ ਸਿੰਘ ਨੇ ਬਦਲਾ ਲੈਣ ਦਾ ਫੈਸਲਾ ਕੀਤਾ। ਉਸਨੇ ਪੋਖਰਨ ਵਿਚ ਟਾਇਰਾਂ ਦੀ ਦੁਕਾਨ ਦੇ ਕੰਮ ਤੋਂ ਸਮਾਂ ਕੱਢਿਆ ਅਤੇ ਕਈ ਵਾਰ ਅਹਿਮਦਾਬਾਦ ਦਾ ਦੌਰਾ ਕੀਤਾ ਅਤੇ ਨਛੱਤਰ ਸਿੰਘ ਦੀਆਂ ਸਾਰੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਇਕੱਠੀ ਕੀਤੀ। ਘਟਨਾ ਵਾਲੇ ਦਿਨ ਨਛੱਤਰ ਸਿੰਘ ਭਾਟੀ ਅਹਿਮਦਾਬਾਦ ਦੇ ਗਿਆਨਬਾਗ ਪਾਰਟੀ ਪਲਾਟ ਤੋਂ ਸਾਈਕਲ 'ਤੇ ਜਾ ਰਿਹਾ ਸੀ। ਉਦੋਂ ਇਕ ਤੇਜ ਰਫਤਾਰ ਬੋਲੈਰੋ ਸਵਾਰ ਗੋਪਾਲ ਸਿੰਘ ਨੇ ਉਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਮੁਲਜਮ ਗੋਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਏਸੀਪੀ ਐੱਸ. ਐੱਮ. ਪਟੇਲ ਨੇ ਦੱਸਿਆ ਕਿ ਗੋਪਾਲ ਸਿੰਘ ਨੇ ਪੂਰੀ ਯੋਜਨਾ ਅਨੁਸਾਰ ਇਸ ਕਤਲ ਨੂੰ ਅੰਜਾਮ ਦਿੱਤਾ ਹੈ। ਇਹ ਘਟਨਾ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਸੀ, ਜੋ 22 ਸਾਲ ਦੇ ਜਖਮਾਂ ਤੋਂ ਪੈਦਾ ਹੋਈ ਸੀ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

ਕੌਮੀ ਪੱਤ੍ਰਿਕਾ

## ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਰੋਜ਼ਾਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*



ਵਿਅੰਗ

# ਲੀਡਰ ਜ਼ਿੰਦਾਬਾਦ!

*ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। ਅਸੀਂ ਸਦਾ ਤੁਹਾਡੇ ਨਾਲ ਹਾਂ। ਅਸੀਂ ਤਾਂ ਧੜੇਬੰਦੀਆਂ ਵਿਚ ਵੰਡੇ ਹੋਏ ਤੁਹਾਡੇ ਗ਼ੁਲਾਮ ਹਾਂ। ਗ਼ੁਲਾਮ ਕਦੇ ਹੱਕ ਨਹੀਂ ਮੰਗਦੇ ਹੁੰਦੇ। ਤੁਹਾਡੀ ਲੀਡਰੀ ਤੁਹਾਨੂੰ ਮੁਬਾਰਕ! ਸਾਡੀ ਗ਼ੁਲਾਮੀ ਸਾਨੂੰ ਮੁਬਾਰਕ ਹੋਵੇ...*



• ਜਸਵਿੰਦਰ ਸਿੰਘ ਢਿੱਲੋਂ
82849-16049

ਆਹ ਰਵਾਇਤੀ ਲੀਡਰ ਤਾਂ ਸਾਡੀ ਜਿੰਦਜਾਨ ਨੇ। ਅਸੀਂ ਪੰਜਾਬ ਦੇ ਮਹਾਨ ਲੋਕ ਆਪਣੇ ਪਰਿਵਾਰਾਂ ਦੀ ਓਨੀ ਫ਼ਿਕਰ ਨਹੀਂ ਕਰਦੇ ਜਿੰਨੀ ਅਸੀਂ ਪਰਿਵਾਰਵਾਦੀ, ਰਾਜਸ਼ਾਹੀ ਅਤੇ ਰਜਵਾੜਾਸ਼ਾਹੀ ਲੀਡਰਾਂ ਦੀ ਕਰਦੇ ਹਾਂ..? ਲੀਡਰੋ ਤੁਸੀਂ ਬੇਫ਼ਿਕਰ ਹੋ ਕੇ ਆਪਣੇ ਢਿੱਡ ਭਰੋ ਸਾਨੂੰ ਕੋਈ ਗ਼ੁੱਸਾ-ਗਿਲਾ ਨਹੀਂ। ਸਾਡੇ ਆਹ ਧਰਨਿਆਂ-ਧੁਰਨਿਆਂ ਦਾ ਅਤੇ ਹੜਤਾਲਾਂ-ਹੁੜਤਾਲਾਂ ਦਾ ਬਹੁਤਾ ਫ਼ਿਕਰ ਨਾ ਕਰਿਆ ਕਰੋ। ਇਹ ਤਾਂ ਅਸੀਂ ਵੈਸੇ ਹੀ ਸ਼ੁਗਲ-ਮੇਲਾ ਜਿਹਾ ਕਰ ਲੈਂਦੇ ਹਾਂ ਨਾਲੇ ਸਾਡੇ ਕਿਸਾਨਾਂ ਦੇ ਆਪੇ ਬਣੇ ਲੀਡਰਾਂ ਨੇ ਵੀ ਆਪਣੀ ਥੋੜ੍ਹਕੀ ਲੀਡਰੀ ਜਿਹੀ ਚਮਕਉਣੀ ਹੁੰਦੀ ਹੈ ਤਾਂ ਕਿ ਵੋਟਾਂ ਵੇਲੇ ਤੁਸੀਂ ਉਨ੍ਹਾਂ ਦਾ ਮਾੜਾ ਮੋਟਾ ਜਿਹਾ ਮੁੱਲ ਪਾ ਦਿਉ।

ਸਾਡੇ ਕੰਨਿਓਂ ਬੇਫ਼ਿਕਰ ਰਿਹਾ ਕਰੋ। ਜੇ ਅਸੀਂ ਫ਼ਸਲਾਂ ਦੇ ਭਾਅ ਲੈਣੇ ਹੋਣ, ਨਕਲੀ ਰੇਹਾਂ-ਸਪਰੇਹਾਂ ਤੋਂ ਬੱਚਣਾ ਹੋਵੇ, ਸਾਨੂੰ ਸੋਧੇ ਹੋਏ ਚੰਗੇ ਬੀ ਮਿਲਣ, ਜੇ ਅਸੀਂ ਝੋਨੇ ਵਰਗੀ ਮਾਰੂ ਫ਼ਸਲ ਤੋਂ ਖਹਿੜਾ ਛੁਡਾਉਣਾ ਹੋਵੇ, ਜੇ ਸਾਨੂੰ ਚੰਗੀਆਂ ਸਿਹਤ ਸਹੂਲਤਾਂ ਦੀ ਲੋੜ ਹੋਵੇ, ਜੇ ਅਸੀਂ ਆਪਣੇ ਬੱਚਿਆਂ ਲਈ ਮਿਆਰੀ ਸਿੱਖਿਆ ਚਾਹੁੰਦੇ ਹੋਈਏ.. ਜੇ ਅਸੀਂ ਤਹਿਸੀਲਾਂ, ਥਾਣਿਆਂ ਤੇ ਕਚਹਿਰੀਆਂ ਵਿਚ ਬਿਨਾਂ ਰਿਸ਼ਵਤ ਤੋਂ ਕੰਮ ਕਰਾਉਣਾ ਹੋਵੇ ਜਾਂ ਜੇ ਅਸੀਂ ਆਪਣੇ ਧੀਆਂ-ਪੁੱਤਾਂ ਨੂੰ ਨੌਕਰੀ 'ਤੇ ਲਵਾਉਣਾ ਹੋਵੇ.. ਮੁੱਕਦੀ ਗੱਲ ਬਈ ਜੇ ਅਸੀਂ ਆਵਦਾ ਭਲਾ ਚਾਹੁੰਦੇ ਹੋਈਏ ਤੇ ਫੇਰ ਅਸੀਂ ਵੋਟਾਂ ਵੇਲੇ ਥੋੜੀ ਗਿੱਚੀ ਨਾ ਫੜ੍ਹੀਏ..? ਜੇ ਅਸੀਂ ਚੰਗਾ ਚਾਹੁੰਦੇ ਹੋਈਏ ਫੇਰ ਅਸੀਂ ਇਮਾਨਦਾਰ ਆਵਦੇ ਲੀਡਰ ਨਾ ਚੁਣ ਲਈਏ?

ਤੁਹਾਨੂੰ ਫ਼ਿਕਰਮੰਦ ਹੋਣ ਦੀ ਕੋਈ ਲੋੜ ਨਹੀਂ। ਤੁਹਾਡਾ ਅਤੇ ਤੁਹਾਡੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੈ। ਸਾਡੀ ਵਫ਼ਾਦਾਰੀ ਦਾ ਤਾਂ ਤੁਹਾਨੂੰ ਵੀ ਅੰਦਾਜ਼ਾ ਹੋਣਾ। ਤੁਸੀਂ ਜਦੋਂ ਵੀ ਸਾਡੇ ਪਿੰਡ ਆਉਂਦੇ ਹੋ ਅਸੀਂ ਕਦੇ ਵਿਰੋਧ ਨਹੀਂ ਕੀਤਾ। ਅਸੀਂ ਤੁਹਾਡੇ ਸਵਾਗਤ ਲਈ ਕਈ-ਕਈ ਘੰਟੇ ਹੱਥਾਂ 'ਚ ਹਾਰ ਲੈ ਕੇ ਖੜ੍ਹੇ ਰਹਿੰਦੇ ਹਾਂ। ਕਦੇ ਤੁਹਾਨੂੰ ਕੋਈ ਸਵਾਲ ਕੀਤਾ ਹੈ? ਸਗੋਂ ਅਸੀਂ ਤਾਂ ਕਰਜ਼ਾ ਲੈ ਕੇ ਪੱਲਿਓਂ ਪੈਸੇ ਖ਼ਰਚ ਕਰ ਕੇ ਤੁਹਾਡੀਆਂ ਰੈਲੀਆਂ ਵਿਚ ਹਾਜ਼ਰੀ ਭਰਦੇ ਹਾਂ। ਜੇ ਕੀਤੇ ਤੁਸੀਂ ਸਾਡੇ ਘਰੇ ਆਉਣਾ ਹੋਵੇ.. ਫ਼ੇਰ ਤਾਂ ਸਾਡੇ ਸਾਰੇ ਟੱਬਰ ਦਾ ਚਾਅ ਨਹੀਂ ਚੁੱਕਿਆ ਜਾਂਦਾ। ਅਸੀਂ ਆਵਦੇ ਜਵਾਕ ਨੂੰ ਭਾਵੇਂ ਪੰਜ ਰੁਪਇਆਂ ਦਾ ਬਿਸਕੁਟਾਂ ਦਾ ਪੈਕਟ ਨਾ ਦਵਾਇਆ ਹੋਵੇ.. ਪਰ ਥੋੜੇ ਮੂਹਰੇ ਅਸੀਂ ਵਿਆਜ 'ਤੇ ਪੈਸੇ ਲੈ ਕੇ ਪੰਜ-ਪੰਜ ਹਜ਼ਾਰ ਦੇ ਕਾਜੂ-ਬਦਾਮਾਂ ਦੇ ਢੇਰ ਲਾ ਦਿੰਦੇ ਹਾਂ। ਤੁਸੀਂ ਭਾਵੇਂ ਸਾਨੂੰ ਗਿਆਂ ਨੂੰ ਆਪਣੇ ਦਫ਼ਤਰ ਵਿਚ ਵੜਨ ਨਾ ਦਿਉਂ ਪਰ ਅਸੀਂ ਤਾਂ ਪੂਰੇ ਹੁੱਬਕੇ ਆਪਣਿਆਂ ਕਮਰਿਆਂ ਵਿਚ ਬਿਠਾ ਕੇ ਤੁਹਾਡੀ ਸੇਵਾ ਕਰਦੇ ਹਾਂ।

ਲੀਡਰੋ ਤੁਸੀਂ ਸਾਡਾ ਬਾਹਲਾ ਫ਼ਿਕਰ ਨਾ ਕਰਿਆ ਕਰੋ। ਜਦੋਂ ਸਾਨੂੰ ਖ਼ੁਦ ਨੂੰ ਆਪਣਾ ਕੋਈ ਫ਼ਿਕਰ ਨਹੀਂ ਅਤੇ ਨਾ ਸਾਨੂੰ ਆਪਣੇ ਜੁਆਕਾਂ ਦਾ ਕੋਈ ਫ਼ਿਕਰ ਹੈ ਫੇਰ ਤੁਹਾਨੂੰ ਕਾਹਦਾ ਫ਼ਿਕਰ? ਸਾਨੂੰ ਤਾਂ ਤੁਹਾਡਾ ਅਤੇ ਤੁਹਾਡੇ ਜੁਆਕਾਂ ਦਾ ਹੀ ਫ਼ਿਕਰ ਦਿਨ ਰਾਤ ਵੱਢ-ਵੱਢ ਖਾਈ ਜਾਂਦਾ ਹੈ। ਤੁਸੀਂ ਦੇਖਿਆ ਨਹੀਂ ਵੋਟਾਂ ਵੇਲੇ ਕਿਵੇਂ ਸਾਡਾ ਜ਼ੋਰ ਲੱਗਿਆ ਹੁੰਦਾ ਹੈ। ਬਈ ਫਲਾਣਾ ਲੀਡਰ ਨਾ ਹਰਜੇ.. ਫਲਾਣੇ ਲੀਡਰ ਦਾ ਮੁੰਡਾ ਜਾਂ ਕੁੜੀ ਨਾ ਹਾਰਜੇ। ਸਾਨੂੰ ਤਾਂ ਤੁਹਾਡੇ ਭਤੀਜੇ-ਭਤੀਜੀਆਂ, ਜਵਾਈਆਂ-ਸਾਲਿਆਂ, ਭੈਣਾਂ ਅਤੇ ਭਾਣਜੇ-ਭਾਣਜੀਆਂ ਦਾ ਹੀ ਫ਼ਿਕਰ ਨਹੀਂ ਮੁੱਕਦਾ.. ਅਸੀਂ ਆਪਣਾ ਜਾਂ ਆਪਣੇ ਜੁਆਕਾਂ ਦਾ ਸੁਆਹ ਫ਼ਿਕਰ ਕਰਨਾ ਹੈ..?.. ਆਹ ਅਸੀਂ ਪੰਜ ਸਾਲ ਤੁਹਾਡੀ ਰੱਜਕੇ ਸੇਵਾ ਕਰਦੇ ਹਾਂ, ਵੋਟਾਂ ਵੇਲੇ ਜਿਹੜੀ ਤੁਸੀਂ ਚਾਰ-ਪੰਜ ਦਿਨ ਗੋਲੀਆਂ ਆਲੀ ਦੋ ਨੰਬਰ ਦੀ ਸ਼ਰਾਬ ਜੀ ਪਿਆਕੇ ਤੁਸੀ ਸਾਡੀ ਸੇਵਾ ਕਰਦੇ ਓ... ਉਹਦੇ ਨਾਲ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ.. ਬਈ ਚਲੋ ਸਾਡਾ ਲੀਡਰ ਸਾਡੀ ਵੀ ਸੇਵਾ ਕਰਦਾ ਹੈ। ਉਂ ਜੇ ਤੁਸੀਂ ਉਹ ਵੀ ਨਾ ਕਰੋ ਤਾਂ ਕੋਈ ਗੱਲ ਨਹੀ ਵੋਟਾਂ ਤਾਂ ਫੇਰ ਵੀ ਅਸੀਂ ਤੁਹਾਨੂੰ ਹੀ ਪਾਉਣੀਆਂ ਹਨ।

ਸਾਨੂੰ ਜਦੋਂ ਕੋਈ ਆ ਕੇ ਦੱਸਦਾ ਹੈ ਬਈ ਫਲਾਣੇ ਲੀਡਰ ਦੀਆਂ ਪੰਜ ਤੋਂ ਪੰਜ ਸੌ ਬੱਸਾਂ ਹੋ ਗਈਆਂ ਧਰਮ ਨਾਲ ਸਾਡਾ ਸੀਨਾ ਮਾਣ ਨਾਲ ਗੱਜ ਚੌੜਾ ਹੋ ਜਾਂਦਾ ਹੈ। ਸਾਡੀ ਆਵਦੀ ਭਾਵੇਂ ਪੰਜ ਕਿੱਲਿਆਂ ਤੋਂ ਪੰਜ ਕਨਾਲਾਂ ਰਹਿਜੇ.. ਕੋਈ ਫ਼ਿਕਰ ਨਹੀਂ। ਪਿਛਲੇ ਸੱਤਰ ਸਾਲਾਂ ਤੋਂ ਸਾਡੀਆਂ ਸੱਤ ਪੀੜ੍ਹੀਆਂ ਅੱਖਾਂ ਬੰਦ ਕਰ ਕੇ ਤੁਹਾਨੂੰ ਵੋਟਾਂ ਪਾਈ ਜਾਂਦੀਆਂ ਨੇ। ਤੁਸੀਂ ਭਾਵੇਂ ਸਾਨੂੰ ਖ਼ੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਪਰ ਅਸੀਂ ਕਦੇ ਥੋਨੂੰ ਸਵਾਲ ਕੀਤਾ ਹੈ। ਸਾਡੇ ਮੂੰਹੋਂ ਕਦੇ ਸੁਣਿਆ ਹੈ ਬਈ ਅਸੀ ਤੁਹਾਨੂੰ ਵੋਟ ਨਹੀਂ ਪਾਉਂਦੇ। ਅਸੀਂ ਪੀੜ੍ਹੀਆਂ ਤੋਂ ਤੁਹਾਡੇ ਮੁਰੀਦ ਹਾਂ। ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। •



• ਰਾਜਿੰਦਰ ਸਿੰਘ ਢੱਡਾ
82849-16049

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕਹਾਣੀ

# ਠੰਢੀ ਰਾਖ

*ਕਹਿੰਦੇ ਨੇ ਸ਼ਰੀਕ ਮਿੱਟੀ ਦਾ ਵੀ ਮਾੜਾ ਹੁੰਦਾ ਪਰ ਇਸ ਕਹਾਣੀ ਵਿਚਲੇ ਸ਼ਰੀਕ ਤਾਂ ਧਨਾਢ ਹਨ। ਅਮੀਰ ਬੰਦਾ ਕਦੋਂ ਬਰਦਾਸ਼ਤ ਕਰਦਾ ਕਿ ਕੋਈ ਉਸ ਨੂੰ ਨਾਂਹ ਕਰੇ। ਆਪਣੀ ਹਿੰਡ ਪੁਗਾਉਣ ਅਤੇ ਜ਼ਮੀਨ ਹੜੱਪਣ ਲਈ ਉਸ ਇਕ ਮਾਸੂਮ ਦੀ ਬਲੀ ਲੈ ਲਈ...*



ਉਸਨੇ ਅਸਲੀ ਰੁੱਕਾ ਅੰਦਰ ਟਰੰਕ ਵਿਚ ਰੱਖ ਦਿੱਤਾ ਅਤੇ ਉਹ ਫੋਟੋ ਸਟੇਟ ਵਾਲੀ ਕਾਪੀ ਆਪਣੇ ਖੀਸੇ ਵਿਚ ਪਾ ਕੇ ਧੀ ਨੂੰ ਲੈਣ ਅੱਡੇ ਵੱਲ ਚੱਲ ਗਿਆ। ਧੀ ਬਾਰੇ ਉਸ ਨੂੰ ਬੁਰੇ-ਬੁਰੇ ਖ਼ਿਆਲਾਂ ਨੇ ਉਸ ਨੂੰ ਜਕੜ ਲਿਆ ਸੀ। ਫਿਰ ਉਹ ਸੋਚਣ ਲੱਗਾ ਅਗਰ ਉਹ ਇਕੱਲਾ ਧੀ ਨੂੰ ਲੈਣ ਉਨ੍ਹਾਂ ਦੇ ਘਰ ਗਿਆ ਤਾਂ ਉਹ ਸ਼ਾਇਦ ਉਸ ਨੂੰ ਧੀ ਨਾਲ ਮਿਲਣ ਹੀ ਨਾ ਦੇਣ। ਕਿਉਂ ਨਾ ਪੁਲਿਸ ਦੀ ਮਦਦ ਲਈ ਜਾਵੇ। ਲਾਗਲੇ ਪੁਲਿਸ ਥਾਣੇ ਦਾ ਪਤਾ ਕਰ ਕੇ ਬਾਬਾ ਉੱਥੇ ਪਹੁੰਚ ਗਿਆ। ਥਾਣਾ ਮੁਖੀ ਆਪਣੇ ਦਫ਼ਤਰ ਅੰਦਰ ਹੀ ਬੈਠਾ ਸੀ। ਬਾਬੇ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ। ਥਾਣੇਦਾਰ ਨੇ ਬਾਬੇ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

'ਬਾਬਾ ਜੀ ਕਿਵੇਂ ਆਉਣਾ ਹੋਇਆ?'

'ਜਨਾਬ ਇੱਥੇ ਲਾਗੇ ਹੀ ਕੁਰਾਲੀਆ ਪਿੰਡ ਵਿਚ ਮੇਰੀ ਧੀ ਵਿਆਹੀ ਹੋਈ ਹੈ, ਉਸ ਦੇ ਸਹੁਰੇ ਉਸ ਨੂੰ ਬਹੁਤ ਤੰਗ-ਪਰੇਸ਼ਾਨ ਕਰਦੇ ਹਨ। ਘਰ ਵਿਚ ਉਸ ਨੂੰ ਇਕ ਕਿਸਮ ਦਾ ਗ਼ੁਲਾਮ ਬਣਾ ਕੇ ਹੀ ਰੱਖਿਆ ਹੋਇਆ ਹੈ। ਕਿਰਪਾ ਕਰ ਕੇ ਮੇਰੀ ਧੀ ਨੂੰ ਉਨ੍ਹਾਂ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਮੇਰੀ ਮਦਦ ਕਰੋ।'

'ਅੱਛਾ..ਅੱਛਾ... ਤਾਂ ਤੂੰ ਉਨ੍ਹਾਂ ਏਜੰਟਾਂ ਦੀ ਨੂੰਹ ਦੀ ਗੱਲ ਕਰਦਾਂ?"

'ਜੀ ਜਨਾਬ!'

'ਬਾਬਾ ਤੇਰੀ ਧੀ ਨੇ ਤਾਂ ਕਲ੍ਹ ਹੀ ਮਿੱਟੀ ਦਾ ਤੇਲ ਪਾ ਕੇ ਸੁਸਾਇਡ ਕਰ ਲਿਆ।'

'ਕੀ ਕਰ ਲਿਆ?'

'ਸੁਸਾਇਡ ਮਤਲਬ ਆਤਮ ਹੱਤਿਆ।' ਉਸ ਦੇ ਹੱਥਾਂ ਦਾ ਲਿਖਿਆ ਸੁਸਾਇਡ ਤੈਨੂੰ ਮੈਂ ਪੜ੍ਹ ਕੇ ਸੁਣਾਉਂਦਾਂ।

"ਮੈਂ ਆਪਣੀ ਮਰਜ਼ੀ ਨਾਲ ਸੁਸਾਇਡ ਕਰ ਰਹੀ ਹਾਂ। ਇਨ੍ਹਾਂ ਨੂੰ ਮੇਰਾ ਬਾਹਰਲੇ ਬੰਦਿਆਂ ਨਾਲ ਮਿਲਣਾ ਜੁਲਣਾ ਪਸੰਦ ਨਹੀਂ ਸੀ। ਮੈਂ ਇਸ ਤਰ੍ਹਾਂ ਘਰ ਦੀ ਬੰਦਿਸ਼ ਵਿਚ ਨਹੀਂ ਰਹਿ ਸਕਦੀ। ਮੈਂ ਸੁਸਾਇਡ ਕਰ ਰਹੀ ਹਾਂ ਇਸ ਵਿਚ ਇਸ ਘਰ ਦੇ ਕਿਸੇ ਵੀ ਫੈਮਿਲੀ ਮੈਂਬਰ ਦਾ ਕੋਈ ਫਾਲਟ ਨਹੀਂ ਹੈ ਇਨ੍ਹਾਂ 'ਤੇ ਕੋਈ ਐਕਸ਼ਨ ਨਾ ਲਿਆ ਜਾਵੇ।'

ਸਿਮਰਜੀਤ ਕੌਰ

ਇਹ ਸਭ ਸੁਣ ਕੇ ਬਾਬੇ ਬਿਸ਼ਨੇ ਦੇ ਹੋਸ਼ ਉੱਡ ਗਏ।

'ਤਾਂ ਉਨ੍ਹਾਂ ਮੇਰੀ ਧੀ ਨੂੰ ਮਾਰ ਹੀ ਦਿੱਤਾ।'

'ਉਨ੍ਹਾਂ ਨੀ ਮਾਰਿਆ ਉਹ ਤਾਂ ਖ਼ੁਦ ਮਰੀ। ਇਹੋ ਜਿਹੀ ਅਯਾਸ਼ ਕੁੜੀ ਨੂੰ ਤਾਂ ਬਾਬਾ ਘਰੇ ਹੀ ਮਾਰ ਦਿੰਦਾ।'

'ਥਾਣੇਦਾਰਾ ਕੁਝ ਉੱਪਰ ਵਾਲੇ ਦਾ ਖ਼ੌਫ਼ ਖਾਹ। ਤੂੰ ਵੀ ਨਿੱਕਿਆਂ ਨਿਆਣਿਆਂ ਵਾਲਾ ਲੱਗਦਾਂ, ਇਕ ਰੁੱਕਾ ਜਿਹਾ ਖ਼ੁਦ ਲਿਖ ਕੇ ਤੈਨੂੰ ਉਨ੍ਹਾਂ ਫੜ੍ਹਾ ਦਿੱਤਾ ਤੇ ਤੂੰ ਇਸ ਕਤਲ ਦੀ ਕੋਈ ਤਫ਼ਤੀਸ਼ ਨਹੀਂ ਕੀਤੀ। ਉਨ੍ਹਾਂ ਧੋਖੇ ਨਾਲ ਅੱਠ ਕਿੱਲੇ ਪੈਲੀ ਇਕ ਕਰੋੜ ਦੀ ਵੇਚ ਦਿੱਤੀ ਜੋ ਮੇਰੀ ਧੀ ਦੇ ਨਾਂ ਸੀ ਅਤੇ ਮੇਰੀ ਧੀ ਨੂੰ ਉਨ੍ਹਾਂ ਮਾਰ ਦਿੱਤਾ। ਉਸ ਇਕ ਕਰੋੜ ਵਿੱਚੋਂ ਕੁਝ ਹਿੱਸਾ ਤੇਰੀ ਜੇਬ ਵਿਚ ਵੀ ਪੈ ਗਿਆ ਹੋਣਾ ਤਾਂ ਤੇਰੀ ਜ਼ਬਾਨ ਬੰਦ ਹੋ ਗਈ।'

'ਯਾਦ ਰੱਖੀਂ ਜੁਰਮ ਕਰਨ ਵਾਲਾ ਕਿਤੇ ਨਾ ਕਿਤੇ ਕੋਈ ਨਾ ਕੋਈ ਸਬੂਤ ਛੱਡ ਹੀ ਜਾਂਦਾ। ਸ਼ਾਇਦ ਤੈਨੂੰ ਪਤਾ ਨੀ ਹੋਣਾ ਕਿ ਮੇਰੀ ਧੀ ਤਾਂ ਪੰਜਵੀਂ ਤਕ ਹੀ ਪੜ੍ਹੀ ਸੀ। ਉਹ ਆਹ ਗਰੇਜੀ ਗਰੂਜੀ ਦੇ ਅੱਖਰ ਤਾਂ ਜਾਣਦੀ ਹੀ ਨਹੀਂ ਸੀ। ਜੋ ਇਸ ਰੁੱਕੇ ਵਿਚ ਲਿਖਕੇ ਤੈਨੂੰ ਦਿੱਤੇ ਗਏ। ਆ ਦੇਖ ਇਕ ਚਿੱਠੀ ਜੋ ਮੇਰੀ ਧੀ ਨੇ ਮੈਨੂੰ ਲਿਖੀ ਜਿਸ ਵਿਚ ਉਸ 'ਤੇ ਹੋ ਰਹੇ ਜ਼ੁਲਮਾਂ ਬਾਰੇ ਲਿਖਿਆ।'

ਬਾਬੇ ਬਿਸ਼ਨੇ ਨੇ ਉਹੀ ਫੋਟੋ ਕਾਪੀ ਥਾਣੇਦਾਰ ਨੂੰ ਦਿੱਤੀ। ਥਾਣੇਦਾਰ ਨੇ ਸਾਰੀ ਚਿੱਠੀ ਪੜ੍ਹੀ।

'ਇਸ ਦੀ ਅਸਲੀ ਕਾਪੀ ਕਿੱਥੇ ਆ?'

'ਥਾਣੇਦਾਰਾ ਇਸ ਦੀ ਅਸਲੀ ਕਾਪੀ ਮੈਂ ਉੱਪਰ ਪੇਸ਼ ਕਰੂੰ। ਯਾਦ ਰੱਖੀਂ ਮੇਰੀ ਧੀ ਦੇ ਕਤਲ ਵਿਚ ਤੂੰ ਵੀ ਓਨਾ ਹੀ ਭਾਈਵਾਲ ਏ ਜਿੰਨੇ ਉਹ।'

ਇੰਨੀ ਗੱਲ ਕਹਿ ਕੇ ਬਾਬਾ ਉੱਠ ਕੇ ਬਾਹਰ ਨੂੰ ਜਾਣ ਲੱਗਾ ਤਾਂ ਇਕਦਮ ਥਾਣੇਦਾਰ ਉੱਠ ਕੇ ਬਾਬੇ ਦੇ ਗੋਡਿਆਂ ਨੂੰ ਹੱਥ ਲਾ ਕੇ ਬੋਲਿਆ।

'ਬਾਬਾ ਜੀ ਮੈਂ ਹੱਥ ਜੋੜ ਕੇ ਤੁਹਾਡੇ ਕੋਲੋਂ ਮਾਫ਼ੀ ਮੰਗਦਾ ਮੈਨੂੰ ਮੇਰੇ ਬੱਚਿਆਂ ਦੀ ਸਹੁੰ, ਮੈਨੂੰ ਮੇਰੇ ਰੱਬ ਦੀ ਸਹੁੰ, ਮੈਂ ਕੁੱਤੀ ਦਾ ਪੁੱਤ ਹੋਵਾਂ ਜੇ ਮੈਨੂੰ ਸੱਚਾਈ ਦਾ ਪਤਾ ਹੋਵੇ। ਇਕ ਮਿੰਟ ਬੈਠੋ ਮੈਂ ਤੁਹਾਨੂੰ ਸਭ ਸੱਚੋ ਸੱਚ ਦੱਸਦਾਂ।'

ਬਾਬਾ ਬਿਸ਼ਨਾ ਉੱਥੇ ਬੈਠਣਾ ਨਹੀਂ ਸੀ ਚਾਹੁੰਦਾ। ਉਸ ਦਾ ਦਿਲ ਫਟਦਾ ਜਾ ਰਿਹਾ ਸੀ। ਉਸ ਦੀ ਧੀ ਦੂਰ ਜਾ ਚੁੱਕੀ ਸੀ। ਫਿਰ ਵੀ ਥਾਣੇਦਾਰ ਨੇ ਮਿੰਨਤਾਂ ਤਰਲੇ ਕਰ ਕੇ ਬਾਬੇ ਨੂੰ ਬਿਠਾ ਲਿਆ।

"ਬਾਬਾ ਜੀ ਮੈਨੂੰ ਨਹੀਂ ਸੀ ਪਤਾ ਇਹ ਸਾਲੇ ਇੰਨੇ ਘਟੀਆ ਬੰਦੇ ਆ ਤੁਸੀਂ ਯਕੀਨ ਕਰਿਓ ਕਦੀ ਏਜੰਟ ਆਪ ਆਉਂਦਾ, ਕਦੀ ਕਿਸੇ ਨੂੰ ਭੇਜਦਾ ਕਿ ਉਨ੍ਹਾਂ ਦੀ ਵਹੁਟੀ ਨੇ ਜੀਣਾ ਹਰਾਮ ਕੀਤਾ ਹੋਇਆ ਹੈ। ਉਹ ਬਾਹਰਲੇ ਬੰਦਿਆਂ ਨਾਲ ਮਿਲਦੀ-ਜੁਲਦੀ ਹੈ। ਵੱਖ-ਵੱਖ ਬੰਦੇ ਆ ਕੇ ਮੇਰੇ ਪਾਸ ਉਹੀ ਬੋਲੀ ਬੋਲਦੇ। ਮੇਰਾ ਤਾਂ ਉਨ੍ਹਾਂ ਨੇ ਪੂਰੀ ਤਰ੍ਹਾਂ ਬਰੇਨ ਵਾਸ਼ ਕਰ ਦਿੱਤਾ ਸੀ। ਪਰ ਤੁਸੀਂ ਵੇਖਦੇ ਜਾਓ ਮੈਂ ਕਿੱਦਾਂ ਸੱਚਾਈ ਉਗਲਾ ਲੈਨਾਂ ਹੁਣੇ। ਇਨ੍ਹਾਂ ਕੁੱਤੀ ਦੇ ਪੁੱਤਾਂ ਨੇ ਮੈਨੂੰ ਹੀ ਬੇਵਕੂਫ਼ ਬਣਾ ਦਿੱਤਾ। ਪਰ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਮੇਰਾ ਨਾਂ ਵੀ ਖ਼ੁਸ਼ਵੰਤ ਸਿੰਘ ਨੂੰਡਮਾਰ ਆ। ਮੈਂ ਤਾਂ ਨੂੰਡੇ ਮਾਰ-ਮਾਰ ਅਗਲੇ ਦੀ ਭੜੀ ਕੱਢ ਦਿੰਦਾ ਹੁੰਨਾ। ਆ ਬਾਬਾ ਤੇਰੀ ਧੀ ਦਾ ਲਿਖਿਆ ਰੁੱਕਾ ਹੀ ਉਨ੍ਹਾਂ ਨੂੰ ਫਾਂਸੀ ਦੇ ਫੰਦੇ ਤਕ ਪਹੁੰਚਾਉਣ ਲਈ ਕਾਫ਼ੀ ਆ। ਬਾਬਾ ਉਹ ਤੇਰੀ ਧੀ ਨਹੀਂ ਸੀ ਉਹ ਮੇਰੀ ਵੀ ਧੀ ਸੀ। ਜਿਸ ਨੂੰ ਉਨ੍ਹਾਂ ਕੰਜਰਾਂ ਨੇ ਖ਼ੁਦ ਅੱਗ ਲਾ ਕੇ ਫੂਕ ਦਿੱਤਾ। ਤੂੰ ਦੇਖਦਾ ਜਾਈਂ 302 ਦਾ ਬਣਾਊਂ ਕੇਸ ਤੇ ਜਾਅਲੀ ਰਜਿਸਟਰੀ ਕਰਾਉਣ ਲਈ ਉਨ੍ਹਾਂ ਦੀ ਕੁੜੀ 'ਤੇ ਪਾਊਂ 420 ਤੇ ਧੋਖਾਧੜੀ ਦਾ ਕੇਸ ਤੇ ਨਾਲੇ ਉਨ੍ਹਾਂ ਦੇ ਮੁੰਡੇ ਦੀ ਕਰਾਊਂ ਡਾਕਟਰੀ ਜੋ ਸਾਲਾ ਖ਼ੁਦ ਬਿਮਾਰੀ ਦਾ ਮਾਰਿਆ ਸੀ। ਇਕ ਭੋਲੀ ਭਾਲੀ ਕੁੜੀ ਦੀ ਜ਼ਿੰਦਗੀ ਕਾਹਤੋਂ ਖ਼ਰਾਬ ਕੀਤੀ। ਬਸ ਬਾਬਾ ਜੀ ਦੇਖਦੇ ਜਾਓ ਮੈਂ ਕਿੱਦਾਂ ਇਨ੍ਹਾਂ ਦੇ ਡੰਡਾ ਚਾੜ੍ਹਦਾਂ।"

ਥਾਣੇਦਾਰ ਨੇ ਇਕ ਏ.ਐਸ.ਆਈ ਤੇ ਤਿੰਨ ਸਿਪਾਹੀਆਂ ਨੂੰ ਹੁਕਮ ਦਿੱਤਾ,'ਉਏ ਅਵਤਾਰ ਉਨ੍ਹਾਂ ਚਾਰਾਂ ਨੂੰ ਮੁਸ਼ਕਾਂ ਬੰਨ੍ਹ ਕੇ ਮੇਰੇ ਪਾਸ ਲੈ ਕੇ ਆਓ, ਖ਼ਾਲੀ ਹੱਥੀਂ ਨਹੀਂ ਆਉਣਾ।'

ਅਵਤਾਰ ਸਿੰਘ ਏ.ਐਸ.ਆਈ ਥਾਣੇ ਦੀ ਗੱਡੀ ਵਿਚ ਪੁਲਿਸ ਕਰਮਚਾਰੀਆਂ ਨੂੰ ਬਿਠਾ ਕੇ ਨਾਜ਼ਰ ਸਿੰਘ ਤੇ ਉਸਦੇ ਪਰਿਵਾਰ ਨੂੰ ਲੈਣ ਚਲਾ ਗਿਆ।

ਦਫ਼ਤਰ ਵਿਚ ਬੈਠ ਕੇ ਥਾਣੇਦਾਰ ਨੇ ਬਾਬੇ ਨੂੰ ਜ਼ਮੀਨ ਸਬੰਧੀ ਪੁੱਛਿਆ ਕਿ ਉਸ ਕਿਸ ਪਾਸ ਤੇ ਕਿਵੇਂ ਵੇਚੀ। ਬਾਬੇ ਨੇ ਪਿੰਡ ਦੇ ਸਵਰਨੇ ਬਾਰੇ ਸਾਰਾ ਕੁੱਝ ਥਾਣੇਦਾਰ ਨੂੰ ਦੱਸ ਦਿੱਤਾ। ਤਕਰੀਬਨ ਪੰਜ ਕੁ ਵਜੇ ਪੁਲਿਸ ਕਰਮਚਾਰੀ ਏਜੰਟ ਨਾਜ਼ਰ ਸਿੰਘ ਨੂੰ ਫੜ ਕੇ ਲੈ ਆਏ। ਬਾਕੀ ਤਿੰਨੋਂ ਘਰ ਨਹੀਂ ਸਨ।

"ਅਵਤਾਰ ਸਿਆਂ ਦੋ ਲੇਡੀਜ਼ ਸਟਾਫ਼ ਨੂੰ ਲੈ ਕੇ ਮਾਂ ਤੇ ਧੀ ਨੂੰ ਵੀ ਫੜ ਕੇ ਜਿੱਥੇ ਉਹ ਹੋਣ ਅੱਜ ਹੀ ਰਾਤ ਲੈ ਕੇ ਆਓ ਤੇ ਨਾਲੇ ਉਸ ਸਾਲੇ ਗੰਦੀ ਨਾਲੀ ਦੇ ਕੀੜੇ ਨੂੰ ਵੀ। ਭੈਣ ਚੋ ਰੰਡੀਆਂ ਕੋਲ ਜਾ-ਜਾ ਕੇ ਆਪ ਤਾਂ ਕੀੜੇ ਪਵਾ ਲਏ ਤੇ ਇਕ ਭੋਲੀ ਭਾਲੀ ਕੁੜੀ ਨਾਲ ਵਿਆਹ ਕਰ ਕੇ ਜ਼ਮੀਨ ਖ਼ਾਤਰ ਉਸ ਨੂੰ ਵੀ ਮਾਰ ਦਿੱਤਾ ਕੁੱਤੀ ਦੇ ਪੁੱਤਾਂ ਨੇ। ਉਏ ਮੀਕੇ ਪਾ ਇਸ ਧੀ ਦੇ ਖਸਮ ਨੂੰ ਪੁੱਠਾ ਲੰਮਾ ਤੇ ਬੈਠ ਇਹਦੇ ਢੂਹੇ 'ਤੇ। ਫੜ ਇਹ ਦੀਆਂ ਲੱਤਾਂ ਗਿੱਟਿਆਂ ਤੋਂ।'

ਅਮਰੀਕ ਸਿੰਘ ਸਿਪਾਹੀ ਨੇ ਏਜੰਟ ਨੂੰ ਪੁੱਠਾ ਲੰਮਾ ਪਾ ਕੇ ਉਸਨੂੰ ਗਿੱਟਿਆਂ ਤੋਂ ਫੜ ਲਿਆ ਤੇ ਥਾਣੇਦਾਰ ਨੇ ਪੰਜ-ਛੇ ਬੈਂਤਾਂ ਪੂਰੇ ਜ਼ੋਰ ਨਾਲ ਏਜੰਟ ਦੇ ਪੈਰਾਂ 'ਤੇ ਮਾਰੀਆਂ। ਏਜੰਟ ਦਾ ਅੜ੍ਹਾਟ ਪੂਰੇ ਥਾਣੇ ਵਿਚ ਸੁਣਾਈ ਦਿੱਤਾ।

"ਕਿਉਂ ਸਾਲਿਆ ਤੂੰ ਤੇ ਆਂਦਾ ਸੀ ਸਾਡੀ ਵਹੁਟੀ ਬਾਹਰੋਂ ਬੰਦੇ ਬੁਲਾਉਂਦੀ ਹੈ। ਕੰਜਰਾ ਬੰਦੇ ਤਾਂ ਤੇਰੀ ਧੀ ਬਾਹਰੋਂ ਬੁਲਾਉਂਦੀ ਸੀ। ਖੋਤੇ ਦੇ ਖੁਰਾ ਧੀ ਨੂੰ ਵਹੁਟੀ ਬਣਾ ਕੇ ਤਹਿਸੀਲੇ ਜਾ ਕੇ ਫੋਟੋ ਖਿੱਚਵਾ ਲਈ ਤੇ ਜ਼ਮੀਨ ਦਾ ਇਕ ਕਰੋੜ ਹਜ਼ਮ ਕਰ ਲਿਆ। ਕੱਲ੍ਹ ਨੂੰ ਪੇਸ਼ ਕਰਕੇ ਅਦਾਲਤ ਵਿਚ ਲੈਂਨਾ ਤੁਹਾਡਾ ਰਿਮਾਂਡ... ਕਰ ਉਏ ਇਸ ਸਾਲੇ ਨੂੰ ਅੰਦਰ।"

ਥੋੜ੍ਹਾ-ਥੋੜ੍ਹਾ ਹਨੇਰਾ ਹੋ ਚੱਲਿਆ ਸੀ। ਥਾਣੇਦਾਰ ਨੇ ਚਾਹ ਮੰਗਵਾਈ ਤੇ ਚਾਹ ਪੀਂਦੇ-ਪੀਂਦੇ ਥਾਣੇਦਾਰ ਬੋਲਿਆ, "ਬਾਬਾ ਜੀ ਇਹੋ ਜਿਹੇ ਬੰਦਿਆਂ ਦਾ ਵਿਆਹ ਤੋਂ ਪਹਿਲਾਂ ਪਤਾ ਕਰ ਲੈਣਾ ਸੀ। ਚਲੋ ਉਸ ਵਿਚਾਰੀ ਦੇ ਸਾਹ ਇੰਨੇ ਹੀ ਲਿਖੇ ਹੋਏ ਸੀ। ਪਰ ਯਕੀਨ ਕਰਿਓ ਛੱਡਦਾ ਮੈਂ ਇਨ੍ਹਾਂ ਨੂੰ ਵੀ ਨਹੀਂ। ਬਾਬਾ ਜੀ ਤੁਸੀਂ ਸਹਿਮਤ ਹੋਵੋ ਤਾਂ ਇਉਂ ਕਰੀਏ ਬੇਟੀ ਦੇ ਅਸਥ ਚੁੱਗ ਲਈਏ। ਇਨ੍ਹਾਂ ਨੂੰ ਤਾਂ ਮੈਂ ਹੁਣ ਥਾਣਿਉਂ ਬਾਹਰ ਨਿਕਲ ਨਹੀਂ ਦੇਣਾ। ਇਸ ਤਰ੍ਹਾਂ ਹੋਰ ਕਿਸੇ ਨੇ ਬੇਟੀ ਦੇ ਅਸਥ ਨਹੀ ਚੁੱਗਣੇ ਕਿਉਂ ਨਾ ਆਪਾਂ ਜਾ ਕੇ ਹੁਣੇ ਹੀ ਬੇਟੀ ਦੇ ਅਸਥ ਚੁੱਗ ਲਿਆਈਏ। ਬੇਟੀ ਦਾ ਦਾਗ ਕੱਲ੍ਹ ਦਾ ਦਿੱਤਾ ਹੋਇਆ, ਰਾਖ ਤਾਂ ਕਲ੍ਹ ਦੀ ਹੀ ਠੰਢੀ ਹੋ ਗਈ ਹੋਣੀ ਆ।"

"ਜਿਵੇਂ ਤੁਹਾਡੀ ਮਰਜ਼ੀ" ਬਾਬਾ ਇੰਨਾ ਹੀ ਆਖ ਸਕਿਆ। ਥਾਣੇਦਾਰ ਨੇ ਮੀਕੇ ਨੂੰ ਆਵਾਜ਼ ਮਾਰੀ। ਅਮਰੀਕ ਸਿੰਘ ਜਿਸ ਨੂੰ ਥਾਣੇ ਵਿਚ ਸਾਰੇ ਮੀਕਾ ਹੀ ਸੱਦਦੇ ਸਨ ਥਾਣੇਦਾਰ ਦਾ ਖ਼ਾਸਮਖ਼ਾਸ ਬੰਦਾ ਸੀ। ਉਹ ਥਾਣੇਦਾਰ ਦੇ ਸਾਰੇ ਇੱਕਾ-ਦੁੱਕਾ ਕੰਮਾਂ ਦਾ ਰਾਜ਼ਦਾਰ ਸੀ। ਥਾਣੇਦਾਰ ਦਾ ਸਾਰਾ ਲੈਣ-ਦੇਣ ਉਸਦੇ ਜਰੀਏ ਹੀ ਹੁੰਦਾ ਸੀ। ਮੀਕਾ ਗੱਡੀ ਦਾ ਡਰਾਈਵਰ ਵੀ ਸੀ।

"ਬਾਬਾ ਜੀ ਆਓ ਮੇਰੇ ਨਾਲ।"

"ਥਾਣੇਦਾਰ ਬਾਬੇ ਬਿਸ਼ਨੇ ਨੂੰ ਲੈ ਕੇ ਗੱਡੀ ਵਿਚ ਬੈਠ ਗਿਆ। ਮੀਕਿਆ ਕੋਈ ਥੈਲੀ ਵਗੈਰਾ ਵੀ ਅਸਥ ਰੱਖਣ ਲਈ ਆਪਣੇ ਨਾਲ ਲੈ ਲੈਣੀ ਸੀ।"

"ਜਨਾਬ ਮੈਂ ਲਿਫ਼ਾਫ਼ਾ ਲੈ ਲਿਆ। ਕੋਈ ਅੱਧੇ ਘੰਟੇ ਵਿਚ ਹੀ ਗੱਡੀ ਪਿੰਡ ਦੇ ਸਿਵਿਆਂ ਵਿਚ ਪਹੁੰਚ ਗਈ। ਗੱਡੀ ਦੀਆਂ ਲਾਈਟਾਂ ਵਿਚ ਥਾਣੇਦਾਰ ਅਤੇ ਮੀਕੇ ਨੇ ਸਿਮਰ ਦੀ ਠੰਢੀ ਹੋਈ ਰਾਖ ਵਿੱਚੋਂ ਅਸਥੀਆਂ ਚੁੱਗਕੇ ਲਿਫ਼ਾਫ਼ੇ ਵਿਚ ਪਾ ਲਈਆਂ। ਬਾਬਾ ਬਿਸ਼ਨਾ ਗੱਡੀ ਨਾਲ ਢੋਅ ਲਾ ਕੇ ਬੁੱਤ ਬਣਿਆ ਧੀ ਦੀ ਠੰਢੀ ਹੋਈ ਰਾਖ ਨੂੰ ਵੇਖ ਰਿਹਾ ਸੀ। ਅੱਖਾਂ ਵਿਚ ਤਾਂ ਹੁਣ ਪਾਣੀ ਵੀ ਨਹੀਂ ਸੀ। ਉਹ ਬੇਵੱਸ ਲਚਾਰ ਬੁੱਢਾ ਆਦਮੀ ਇਸ ਮਤਲਬਪ੍ਰਸਤ ਦੁਨੀਆ ਵਿਰੁੱਧ ਕਰ ਵੀ ਕੀ ਸਕਦਾ ਸੀ।"

"ਜਨਾਬ ਅਸਥੀਆਂ ਤਾਂ ਚੁੱਗ ਲਈਆਂ ਜੇ ਕਹੋ ਤਾਂ ਦਰਿਆ ਇੱਥੋਂ ਲਾਗੇ ਹੀ ਪੈਂਦਾ ਬਾਬਾ ਜੀ ਉੱਥੇ ਅਸਥੀਆਂ ਜਲ-ਪ੍ਰਵਾਹ ਕਰ ਦੇਣਗੇ ਤਾਂ ਅਸੀਂ ਇਨ੍ਹਾਂ ਨੂੰ ਪਿੰਡ ਛੱਡਕੇ ਵਾਪਸ ਆ ਜਾਵਾਂਗੇ।"

"ਗੱਲ ਤਾਂ ਤੇਰੀ ਮੀਕੇ ਠੀਕ ਆ। ਮੇਰੇ ਤਾਂ ਧਿਆਨ ਵਿਚ ਹੀ ਨੀ ਆਇਆ। ਪਾਣੀ ਵਿਚ ਧੀ ਦੀਆਂ ਅਸਥੀਆਂ ਤਾਰ ਕੇ ਰੱਬ ਅੱਗੇ ਉਸ ਦੀ ਆਤਮਾ ਲਈ ਸ਼ਾਂਤੀ ਦੀ ਅਰਦਾਸ ਕਰਾਂਗੇ। ਗੱਡੀ ਦਰਿਆ ਵੱਲ ਮੁੜ ਗਈ। ਥੋੜ੍ਹੀ ਦੇਰ ਬਾਅਦ ਦਰਿਆ ਆ ਗਿਆ।

"ਬਾਬਾ ਜੀ ਆ ਲਉ ਧੀ ਦੀਆਂ ਅਸਥੀਆਂ, ਚੱਲੋ ਮੈਂ ਵੀ ਤੁਹਾਡੇ ਨਾਲ ਚੱਲਦਾਂ ਮੇਰੀ ਵੀ ਤਾਂ ਉਹ ਧੀ ਹੀ ਸੀ।"

ਬਾਬੇ ਬਿਸ਼ਨੇ ਨੂੰ ਮੋਢੇ ਤੋਂ ਫੜ ਕੇ ਸਹਾਰਾ ਦਿੰਦਾ ਥਾਣੇਦਾਰ ਬਾਬੇ ਨੂੰ ਵਗਦੇ ਦਰਿਆ ਵੱਲ ਲੈ ਗਿਆ।

"ਬਾਬਾ ਜੀ ਲਓ ਰੱਬ ਦਾ ਨਾਂ ਧੀ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰ ਕੇ ਰੱਬ ਅੱਗੇ ਅਰਦਾਸ ਕਰੋ ਕਿ ਉਹ ਉਸਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇ ਕੇ ਚੁਰਾਸੀ ਦੇ ਗੇੜ ਤੋਂ ਮੁਕਤ ਕਰੇ।"

ਬਾਬੇ ਬਿਸ਼ਨੇ ਨੇ ਥੋੜ੍ਹਾ ਅੱਗੇ ਹੋ ਕੇ ਅਸਥੀਆਂ ਨੂੰ ਪਾਣੀ ਵਿਚ ਸੁੱਟਿਆ। ਇਸ ਦੇ ਨਾਲ ਹੀ 'ਧੜੱਮ' ਦੀ ਇਕ ਆਵਾਜ਼ ਨੇ ਸ਼ਾਂਤ ਚੱਲ ਰਹੇ ਪਾਣੀ ਵਿਚ ਹਲ-ਚੱਲ ਪੈਦਾ ਤਕ ਦਿੱਤੀ। ਥੋੜ੍ਹੀ ਦੇਰ ਪਾਣੀ ਦੀ ਉੱਥਲ-ਪੁੱਥਲ ਹੋਈ ਫਿਰ ਪਾਣੀ ਆਪਣੀ ਤੋਰ ਤੁਰਦਾ ਗਿਆ।

ਜੀਪ ਵਾਪਸ ਥਾਣੇ ਵੱਲ ਮੁੜ ਪਈ। ਮੀਕਾ ਥਾਣੇਦਾਰ ਵੱਲ ਵੇਖ ਕੇ ਥੋੜ੍ਹਾ ਮੁਸਕਰਾਇਆ। ਗੱਡੀ ਵਿਚ ਹੁਣ ਮੀਕਾ ਤੇ ਥਾਣੇਦਾਰ ਹੀ ਸਨ ਪਰ ਬਾਬਾ ਬਿਸ਼ਨਾ ਨਹੀਂ ਸੀ। •



# ਖ਼ਾਲੀ ਹੱਥ ਆਏ ਸਾਂ ਤੇ ਕੀ ਲੈ ਕੇ ਜਾਵਾਂਗੇ?

'ਖ਼ਾਲੀ ਹੱਥ ਆਏ ਹਾਂ ਤੇ ਖ਼ਾਲੀ ਹੱਥ ਜਾਵਾਂਗੇ' ਕਹਾਵਤ ਸਦੀਆਂ ਤੋਂ ਸੁਣਦੇ ਆ ਰਹੇ ਹਾਂ। ਪ੍ਰੰਤੂ ਜਦ ਇਸ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਕੀਤਾ ਤਾਂ ਇਹ ਗੱਲ ਤੱਥਾਂ ਉੱਪਰ ਪੂਰੀ ਉਤਰਦੀ ਨਜ਼ਰ ਨਹੀਂ ਆਈ। ਮਾਫ਼ ਕਰਨਾ ਮੈਂ ਇਕ ਉਦਾਹਰਣ ਦੇਣ ਲੱਗਿਆ ਹਾਂ। ਸਾਡਾ ਬੱਚਾ ਤਿੰਨ ਚਾਰ ਸਾਲ ਦਾ ਸਾਡੀ ਨੌਕਰਾਣੀ ਦੇ ਛੋਟੇ ਬੱਚੇ ਨਾਲ ਬਹੁਤ ਪਿਆਰ ਨਾਲ ਖੇਡਦਾ ਹੈ ਉਸ ਬੱਚੇ ਦੇ ਕੱਪੜੇ ਸਾਫ਼ ਸੁਥਰੇ ਨਾ ਹੋਣ ਕਾਰਨ ਤੇ ਨਾਲ ਹੀ ਨੌਕਰਾਣੀ ਦਾ ਬੱਚਾ ਹੋਣ ਕਾਰਨ ਅਸੀਂ ਕਈ ਤਰੀਕਿਆਂ ਨਾਲ ਆਪਣੇ ਬੱਚੇ ਨੂੰ ਉਸ ਨਾਲ ਖੇਡਣੋਂ ਰੋਕਣ ਦੀ ਕੋਸ਼ਿਸ਼ ਕਰਦੇ ਹਾਂ ਪ੍ਰੰਤੂ ਅਸੀ ਕਾਮਯਾਬ ਨਹੀਂ ਹੁੰਦੇ। ਸਾਡਾ ਬੱਚਾ ਆਪਣੇ ਖਿਡੌਣੇ ਤਕ ਵੀ ਉਸ ਨੂੰ ਦੇ ਦਿੰਦਾ ਹੈ।

ਇਸ ਦਾ ਕਾਰਨ ਹੈ ਕਿ ਜਦ ਅਸੀਂ ਸੰਸਾਰ 'ਤੇ ਆਉਂਦੇ ਹਾਂ ਤਾਂ ਰੱਬ ਸਾਨੂੰ ਆਪਣੇ ਗੁਣਾਂ ਨਾਲ ਭਰਪੂਰ ਭੇਜਦਾ ਹੈ। ਇਸ ਦੇ ਨਾਲ ਹੀ ਵਰਦਾਨ ਹੈ ਕਿ ਇਹ ਗੁਣ ਲੋੜਵੰਦਾਂ ਵਿਚ ਵੰਡਣ ਨਾਲ ਘਟਣਗੇ ਨਹੀਂ ਸਗੋਂ ਵਧਣਗੇ। ਇਨ੍ਹਾਂ ਦੀ ਪੂਰਤੀ ਕਿਸੇ ਨਾ ਕਿਸੇ ਰੂਪ ਵਿਚ ਨਾਲ ਦੀ ਨਾਲ ਹੁੰਦੀ ਰਹੇਗੀ।

ਤਿੰਨ ਚਾਰ ਸਾਲ ਦੀ ਉਮਰ ਤਕ ਸਾਡੇ ਕੋਲ ਰੱਬੀ ਗੁਣ ਹੀ ਹੁੰਦੇ ਹਨ ਤੇ ਸੰਸਾਰਕ ਔਗੁਣਾਂ ਤੋਂ ਵਾਂਝੇ ਹੁੰਦੇ ਹਾਂ। ਜਿਉਂ-ਜਿਉਂ ਅਸੀ ਵੱਡੇ ਹੁੰਦੇ ਜਾਂਦੇ ਹਾਂ ਤਾਂ ਪਰਿਵਾਰ ਦੇ ਮੈਂਬਰਾਂ ਤੋਂ ਔਗੁਣ ਸਿੱਖਣ ਲਗ ਜਾਂਦੇ ਹਾਂ ਅਤੇ ਹੌਲੀ-ਹੌਲੀ ਆਪਣੇ ਗੁਣ ਤਿਆਗਦੇ ਜਾਂਦੇ ਹਾਂ। ਹੌਲੀ-ਹੌਲੀ ਮੁਹਾਰਤ ਇੰਨੀ ਹੋ ਜਾਂਦੀ ਹੈ ਕਿ ਸਾਡੇ ਔਗੁਣਾਂ ਦਾ ਪੱਲੜਾ ਗੁਣਾਂ ਦੇ ਪੱਲੜੇ ਨਾਲੋਂ ਭਾਰੂ ਹੋ ਜਾਂਦਾ ਹੈ। ਇੱਥੋਂ ਸ਼ੁਰੂ ਹੁੰਦਾ ਹੈ ਸਾਡੀ ਬੇਚੈਨੀ ਤੇ ਬੇਅਰਾਮੀ ਦਾ ਸਫ਼ਰ ਜਾਂ ਜ਼ਿੰਦਗੀ ਦੇ ਮਾਨਸਿਕ ਤੇ ਸਰੀਰਕ ਦੁੱਖਾਂ ਦਾ ਸਿਲਸਿਲਾ। ਜਿਸ 'ਚ ਲਗਾਤਾਰਤਾ ਆਉਂਦੀ ਰਹਿੰਦੀ ਹੈ।

ਇਸ ਮਾੜੇ ਰੁਝਾਨ ਤੋਂ ਬਚਿਆ ਜਾ ਸਕਦਾ ਹੈ। ਉਸ ਲਈ ਸਾਨੂੰ ਖ਼ਿਆਲ ਰੱਖਣਾ ਹੋਵੇਗਾ ਕਿ ਸਾਡਾ ਔਗੁਣਾਂ ਵਾਲਾ ਪੱਲੜਾ ਭਾਰੂ ਨਾ ਹੋਵੇ। ਜ਼ਿੰਦਗੀ ਜਿਊਂਦਿਆਂ ਕੋਸ਼ਿਸ਼ ਕੀਤੀ ਜਾਵੇ ਜਿਸ ਨਾਲ ਗੁਣ ਕਮਾਏ ਜਾਣ ਤੇ ਔਗੁਣਾਂ ਤੋਂ ਦੂਰ ਰਿਹਾ ਜਾਵੇ। ਇਸ ਪ੍ਰਕਿਰਿਆ ਨੂੰ ਹੀ ਪੂਜਾ ਕਿਹਾ ਗਿਆ ਹੈ। ਇਹ ਕਰਨਾ ਔਖਾ ਹੈ ਤੇ ਅਸੀਂ ਸੱਚੇ ਹੋਣ ਲਈ ਹੋਰ ਸੌਖੇ ਤਰੀਕੇ ਲਭ ਲਏ ਹਨ ਤੇ ਲੋਕਾਂ ਦੀਆਂ ਨਜ਼ਰਾਂ ਵਿਚ ਧਾਰਮਿਕ ਬਣ ਜਾਂਦੇ ਹਾਂ।

• ਸੁਖਦੇਵ ਸਿੰਘ, 9417191916

## ਪੁਸਤਕ ਚਰਚਾ

ਡਾ. ਅਮਰ ਕੋਮਲ ਨਿਰੰਤਰਤਾ ਨਾਲ ਸਾਹਿਤਕ ਰਚਨਾ ਕਰਨ ਵਾਲਾ ਸਾਹਿਤਕਾਰ ਹੈ। ਉਸ ਦੀ ਸਾਹਿਤਕ ਸਾਧਨਾ ਦਾ ਹੀ ਸਿੱਟਾ ਹੈ ਕਿ ਉਸ ਨੇ ਦਰਜਨਾਂ ਸਾਹਿਤਕ ਪੁਸਤਕਾਂ ਦੀ ਰਚਨਾ ਅਤੇ ਸੰਪਾਦਨਾ ਕੀਤੀ ਹੈ। ਡਾ. ਬਲਦੇਵ ਸਿੰਘ ਬੱਦਨ ਦੁਆਰਾ ਡਾ. ਅਮਰ ਕੋਮਲ ਦੀ ਕਾਵਿ-ਰਚਨਾ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਉਸ ਦੇ ਕਾਵਿ ਸੰਗ੍ਰਹਿਆਂ ਦੀ ਪਰਖ ਪੜਚੋਲ ਦੇ ਰੂਪ ਵਿਚ ਆਪਣੀ ਨਵੀ ਪੁਸਤਕ 'ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ' ਪਾਠਕਾਂ ਦੇ ਰੂ-ਬ-ਰੂ ਕੀਤੀ ਗਈ ਹੈ। ਉਸ ਦੀਆਂ ਪਹਿਲੀਆਂ ਤਿੰਨ ਪੁਸਤਕਾਂ 'ਨੂਰ ਦੇ ਫੁੱਲ','ਬੰਦਨਬਾਰ' ਅਤੇ 'ਕਿਰਨਾਂ ਦੇ ਸਿਰਨਾਵੇਂ' ਬਾਰੇ ਅਧਿਐਨ ਪ੍ਰਸਤੁਤ ਕਰਦਿਆਂ ਡਾ. ਬੱਦਨ ਨੇ ਆਪਣੀ ਧਾਰਨਾ ਪੇਸ਼ ਕੀਤੀ ਹੈ ਕਿ ਉਸਦੀ ਮਾਨਵੀ ਦ੍ਰਿਸ਼ਟੀ ਸਮੁੱਚੀ ਦੁਨੀਆ ਲਈ ਸ਼ਾਂਤੀ, ਸੁੱਖ ਅਤੇ ਸੁਤੰਤਰਤਾ ਦਾ ਸੁਨੇਹਾ ਦਿੰਦੀ ਹੈ। ਉਸ ਦਾ ਵਿਚਾਰ ਹੈ ਕਿ ਇਨ੍ਹਾਂ ਕਵਿਤਾਵਾਂ ਵਿਚ ਉਸ ਦੀ ਆਸ਼ਾਵਾਦੀ ਪਹੁੰਚ ਦੀ ਬਹੁ ਵੀ ਲਗਦੀ ਹੈ।

ਇਸ ਤੋਂ ਪਿੱਛੋਂ ਉਸ ਦੇ ਤਿੰਨ ਹੋਰ ਕਾਵਿ ਸੰਗ੍ਰਹਿਆਂ 'ਮੇਰਾ ਸਲਾਮ', 'ਸਤਯਮੇਵ ਜਯਤੇ' ਅਤੇ 'ਤਥਾ ਅਸਤੂ' ਵਿਚ ਸਮੁੱਚੇ ਰੂਪ ਵਿਚ ਉਸ ਦੀ ਧਾਰਨਾ ਹੈ ਕਿ ਸੂਚਨਾ ਅਤੇ ਤਕਨਾਲੋਜੀ ਨੇ ਪੂੰਜੀਵਾਦ ਦਾ ਫੈਲਾਓ ਕੀਤਾ ਹੈ ਪਰ ਮਿਹਨਤੀ ਵਿਅਕਤੀ ਦੇ ਹੱਕ ਹਮੇਸ਼ਾ ਹੀ ਨਿਗੂਣੇ ਹੀ ਰਹੇ। ਤੀਜੇ ਅਧਿਆਇ ਵਿਚ ਅਧਿਐਨ ਕਰਤਾ ਨੇ 'ਉਸ ਨੂੰ ਮੇਰਾ ਸਲਾਮ' ਕਵਿਤਾ ਦੀਆਂ ਪਾਠਗਤ ਵਿਸ਼ੇਸ਼ਤਾਵਾਂ ਦਾ ਵਿਹਾਰਕ ਅਧਿਐਨ ਪ੍ਰਸਤੁਤ ਕੀਤਾ ਹੈ।



ਇਸ ਤੋਂ ਇਲਾਵਾ ਪੁਸਤਕ ਵਿਚ 'ਮੇਰੇ ਸਾਹਿਬ ਜੀਓ' ਕਾਵਿ ਸੰਗ੍ਰਹਿ ਬਾਰੇ ਡਾ. ਬੱਦਨ ਨੇ ਇਸ ਨੂੰ ਪਰਮਾਤਮਾ ਅਤੇ ਆਤਮ ਦੇ ਬੌਧਿਕ ਸੰਕਟ ਦੀ ਕਵਿਤਾ ਕਿਹਾ ਹੈ ਜਿਸ ਵਿਚ ਕਵੀ ਨੇ ਦਾਰਸ਼ਨਿਕ ਸ਼ੈਲੀ ਵਿਚ ਹਕੀਕਤ ਦੀ ਪਛਾਣ ਕਰਨ ਅਤੇ ਜਾਗ੍ਰਿਤ ਅਵਸਥਾ ਵਿਚ ਵਿਚਰਨ ਬਾਰੇ ਕਾਵਿਕ ਸਿਰਜਣਾ ਪੇਸ਼ ਕੀਤੀ ਹੈ। ਸਮੁੱਚੇ ਰੂਪ ਵਿਚ ਡਾ. ਅਮਰ ਕੋਮਲ ਦੇ ਸਾਹਿਤਕ ਸੰਸਾਰ ਨੂੰ ਸਮਝਣ ਲਈ ਇਹ ਪੁਸਤਕ ਭਰਪੂਰ ਰੂਪ ਵਿਚ ਆਲੋਚਨਾਤਮਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।

| ਪੁਸਤਕ | : ...ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ | ਪੰਨੇ | : 271 |
|---|---|---|---|

ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਸਨ ਜਿਨ੍ਹਾਂ ਨੇ ਸਿੱਖ ਧਰਮ ਅਤੇ ਹਿੰਦੁਸਤਾਨ ਦੇ ਇਤਿਹਾਸ ਵਿਚ ਗੁਰੂ ਰੂਪ, ਯੋਧੇ ਸੂਰਬੀਰ, ਦਾਨੀ ਦਾਇਆਵਾਨ ਅਤੇ ਇਕ ਬਹੁਤ ਵੱਡੇ ਸਾਹਿਤਕਾਰ ਦੇ ਰੂਪ ਵਿਚ ਉੱਤਮ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੁਆਰਾ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਕੀਤੇ ਕਾਰਜ ਇਤਿਹਾਸ ਨੂੰ ਖੋਜਣ ਵਾਚਣ ਵਾਲੇ ਵਿਦਵਾਨਾਂ ਨੂੰ ਹੈਰਾਨੀ ਵਿਚ ਪਾ ਦਿੰਦਾ ਹਨ ਕਿ ਇੰਨੀ ਛੋਟੀ ਉਮਰ ਵਿਚ ਇੰਨੇ ਵੱਡੇ ਕੰਮ ਉਨ੍ਹਾਂ ਨੇ ਸਾਰੀ ਜ਼ਿੰਦਗੀ ਬਗ਼ੈਰ ਰੁਕੇ ਜਾਂ ਆਰਾਮ ਕੀਤੇ ਕਿਵੇਂ ਕਰ ਵਿਖਾਏ ਪਰ ਇਹ ਉਨ੍ਹਾਂ ਦੀ ਅਜ਼ੀਮੀ ਸ਼ਖ਼ਸੀਅਤ ਦਾ ਪ੍ਰਮਾਣ ਹੈ ਕਿ ਉਹ ਦੁਨਿਆਵੀ ਅਤੇ ਪਰਮਾਰਥ ਦੇ ਖੇਤਰ ਵਿਚ ਬਰਾਬਰ ਵਿਚਰਦੇ ਰਹੇ।

ਡਾ. ਸਵਿੰਦਰ ਪਾਲ ਦੁਆਰਾ ਲਿਖੀ ਪੁਸਤਕ 'ਯੁੱਗ ਪਰਿਵਰਤਕ ਮਹਾਂਪੁਰਸ਼ ਗੁਰੂ ਗੋਬਿੰਦ ਸਿੰਘ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਜੀਵਨ ਕਾਲ ਦੌਰਾਨ ਕੀਤੇ ਮਹਾਨ ਕਾਰਜਾਂ ਬਾਰੇ ਚਾਨਣਾ ਪਾਉਂਦੀ ਪੁਸਤਕ ਹੈ। ਭਾਵੇਂ ਕਿ ਬਹੁਤੇ ਪਾਠਕ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਤੇ ਕਾਰਜਾਂ ਤੋਂ ਪਹਿਲਾਂ ਹੀ ਵਾਕਿਫ਼ ਹਨ ਪਰ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਸ਼ੁਰੂ ਵਿਚ ਸਮੁੱਚਾ ਜੀਵਨ ਬਿਓਰਾ ਦੇਣ ਤੋਂ ਬਾਅਦ ਉਨ੍ਹਾਂ ਬਾਰੇ ਵੱਖ-ਵੱਖ ਸਿਰਲੇਖਾਂ ਤਹਿਤ ਵਿਸਥਾਰਤ ਵੇਰਵੇ ਦਿੱਤੇ ਹਨ। ਗਿਆਨ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਲੜਾਈਆਂ/ਯੁੱਧਾਂ ਦਾ ਇਕੱਲਾ-ਇਕੱਲਾ ਵੇਰਵਾ ਦਰਜ ਕੀਤਾ ਗਿਆ ਹੈ।



ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰਚੀ ਬਾਣੀ ਬਾਰੇ ਵੀ ਵਿਸਥਾਰਤ ਰੂਪ ਵਿਚ ਚਰਚਾ ਕੀਤੀ ਹੈ ਅਤੇ ਬਾਣੀ ਦੇ ਰੂਪਕ ਪੱਖ ਬਾਰੇ ਵੀ ਚਾਨਣਾ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ, 52 ਕਵੀਆਂ ਬਾਰੇ ਵੇਰਵੇ ਤੋਂ ਇਲਾਵਾ ਖ਼ਾਲਸਾ ਪੰਥ ਦੀ ਸਾਜਨਾ ਦਾ ਇਤਿਹਾਸ, ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮ ਵੀ ਪੁਸਤਕ ਵਿਚ ਦਰਜ ਕੀਤੇ ਗਏ ਹਨ।

• ਡਾ. ਸਰਦੂਲ ਸਿੰਘ ਔਜਲਾ

| ਪੁਸਤਕ | : ਯੁੱਗ ਪਰਿਵਰਤਕ ਗੁਰੂ ਗੋਬਿੰਦ ਸਿੰਘ | ਪੰਨੇ | : 143 |
|---|---|---|---|

ਰਾਜੇਸ਼ ਜੋਸ਼ੀ ਹਿੰਦੀ ਸਾਹਿਤ ਦਾ ਮੰਨਿਆ-ਪ੍ਰਮੰਨਿਆ ਹਸਤਾਖ਼ਰ ਹੈ। ਨਰਸਿੰਘਗੜ੍ਹ (ਮੱਧ ਪ੍ਰਦੇਸ਼) ਦੇ ਇਸ ਸ਼ਾਇਰ ਨੇ ਹਿੰਦੀ ਸਾਹਿਤ ਦੀ ਝੋਲੀ 'ਚ ਕਈ ਦਰਜਨਾਂ ਕਾਵਿ ਪੁਸਤਕਾਂ ਪਈਆਂ ਹਨ ਅਤੇ ਦਰਜਨਾਂ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ। ਕਵਿਤਾ ਤੋਂ ਇਲਾਵਾ ਉਸ ਨੇ ਕਹਾਣੀਆਂ ਅਤੇ ਨਾਟਕਾਂ ਦੀ ਰਚਨਾ ਵੀ ਕੀਤੀ ਹੈ। ਰਾਜੇਸ਼ ਜੋਸ਼ੀ ਦੀਆਂ ਪੁਸਤਕਾਂ ਦਾ ਅਨੁਵਾਦ ਭਾਰਤੀ ਭਾਸ਼ਾਵਾਂ 'ਚ ਹੀ ਨਹੀ ਅੰਗਰੇਜ਼ੀ, ਰੂਸੀ ਅਤੇ ਜਰਮਨੀ ਭਾਸ਼ਾ 'ਚ ਵੀ ਹੋਇਆ ਹੈ। 'ਮਾਰੇ ਜਾਣਗੇ' ਕਾਵਿ ਸੰਗ੍ਰਹਿ ਵੀ ਇਸੇ ਲੜੀ ਦਾ ਹਿੱਸਾ ਹੈ। ਇਸ ਪੁਸਤਕ ਨੂੰ ਪੰਜਾਬੀ ਦੇ ਬਹੁਤ ਹੀ ਸੁਹਿਰਦ ਤੇ ਸੁਲਝੇ ਅਨੁਵਾਦਕ ਸ਼ਾਇਰ ਅਮਰਜੀਤ ਕੌਂਕੇ ਨੇ ਅਨੁਵਾਦ ਕੀਤਾ ਹੈ।

ਇਸ ਕਾਵਿ ਸੰਗ੍ਰਹਿ 'ਚ ਰਾਜੇਸ਼ ਜੋਸ਼ੀ ਦੀਆਂ 50 ਛੋਟੀਆਂ-ਵੱਡੀਆਂ ਕਵਿਤਾਵਾਂ ਸ਼ਾਮਿਲ ਹਨ। ਇਹ ਕਵਿਤਾਵਾਂ ਸਮਾਜਿਕ ਤਾਣੇ-ਬਾਣੇ ਦੀਆਂ ਉਲਝਣਾਂ ਨੂੰ ਬਹੁਤ ਹੀ ਸਰਲ ਤੇ ਕਲਾਤਮਕਿ ਢੰਗ ਨਾਲ ਪੇਸ਼ ਕਰਦੀਆਂ ਹਨ। ਕਵੀ ਚੌਗਿਰਦੇ 'ਚ ਵਾਪਰ ਰਹੀ ਹਰ ਛੋਟੀ ਵੱਡੀ ਘਟਨਾ ਨੂੰ ਬਹੁਤ ਹੀ ਧਿਆਨ ਨਾਲ ਵਾਚਦਾ ਹੈ ਅਤੇ ਫਿਰ ਇਸ ਘਟਨਾ ਨੂੰ ਆਪਣੀ ਕਵਿਤਾ ਦੇ ਵਿਸ਼ਾ-ਵਸਤੂ ਦੇ ਤੌਰ 'ਤੇ ਇਸਤੇਮਾਲ ਕਰਦਾ ਹੈ। ਉਸ ਦੀ ਕਵਿਤਾ ਦਾ ਵਿਸ਼ਾ ਬਰਸਾਤ 'ਚ ਬਿਜਲੀ ਖ਼ਰਾਬ ਹੋਣ 'ਤੇ ਉਸ ਨੂੰ ਠੀਕ ਕਰਨ ਆਏ ਮੁਲਾਜ਼ਮ, ਮਸਤੀ ਕਰਦੀ ਚਿੜੀ, ਨਾਨੇ ਦੀ ਸਾਇਕਲ, ਬਜ਼ੁਰਗ ਬੰਦੇ ਦਾ ਕਾਰ ਚਲਾਉਣੀ ਸਿੱਖਣਾ, ਕਿਸੇ ਦੁਖਦਾਇਕ ਘਟਨਾ ਨੂੰ ਹੋਣ ਤੋਂ ਰੋਕਣ ਦੀ ਅਪੀਲ ਲਿਖਣਾ ਅਤੇ ਝਾੜੂ ਦੀ ਨੀਤੀ ਕਥਾ ਆਦਿ ਹਨ।



ਰਾਜੇਸ਼ ਜੋਸ਼ੀ ਦੀ ਕਵਿਤਾ 'ਚ ਅਥਾਹ ਰਵਾਨੀ ਹੈ। ਸੁਰਸੰਗੀਤਮਈ ਹੈ। ਦੇਖਣ ਨੂੰ ਸਧਾਰਨ ਪਰ ਪੜ੍ਹਨ 'ਤੇ ਅਰਥ ਸਮਝ ਆਉਣ ਵਿਚ ਅਤਿ ਦਰਜੇ ਦੀ ਸੂਖਮ ਤੇ ਭਾਵਨਾਵਾਂ ਨਾਲ ਜੁੜੀ ਕਵਿਤਾ ਸਾਡੇ ਸਾਹਮਣੇ ਆਉਂਦੀ ਹੈ। ਇਕ ਵਾਰੀ ਪੜ੍ਹਨਾ ਸ਼ੁਰੂ ਕਰਨ ਉਪਰੰਤ ਕਾਵਿ ਸੰਗ੍ਰਹਿ 'ਮਾਰੇ ਜਾਣਗੇ' ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਪੁਸਤਕ ਦਾ ਸਵਾਗਤ ਹੈ।

| ਪੁਸਤਕ | : ਮਾਰੇ ਜਾਣਗੇ | ਪੰਨੇ | : 96 |
|---|---|---|---|

ਮਲਵਿੰਦਰ ਪੰਜਾਬੀ ਸਾਹਿਤ ਦਾ ਸਥਾਪਿਤ ਹਸਤਾਖ਼ਰ ਹੈ। ਹੱਥਲਾ ਸੰਗ੍ਰਹਿ 'ਸੁਪਨਿਆਂ ਦਾ ਪਿੱਛਾ ਕਰਦਿਆਂ' ਉਸ ਦਾ ਛੇਵਾਂ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਗ਼ੈਰਹਾਜ਼ਰ, ਕਾਇਆ ਦੇ ਹਰਫ਼, ਚਿੜੀਆਂ ਦਾ ਪਿੰਡ, ਬਿਨ ਸਿਰਲੇਖ, ਸਵਾਲ ਨਾ ਕਰ' ਨਾਲ ਪਾਠਕਾਂ ਦੇ ਸਨਮੁੱਖ ਹੋ ਚੁੱਕਾ ਹੈ। ਇਸ ਪੁਸਤਕ 'ਚ ਮਲਵਿੰਦਰ ਨੇ ਪਾਠਕਾਂ ਨੂੰ 85 ਛੋਟੀਆਂ-ਵੱਡੀਆਂ ਕਵਿਤਾਵਾਂ ਪਰੋਸੀਆਂ ਹਨ। ਇਨ੍ਹਾਂ ਕਵਿਤਾਵਾਂ 'ਚ ਦੇਸ਼ ਦੀ ਵਿਗੜ ਰਹੀ ਰਾਜਨੀਤਕ ਵਿਵਸਥਾ ਦੇ ਨਾਲ-ਨਾਲ ਰਾਜਸੀਆਂ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਲੋਕਾਂ ਦੇ ਭੋਲੇਪਨ ਦਾ ਫ਼ਾਇਦਾ ਉਠਾਉਣ ਦੀ ਬਾਖ਼ਬੀ ਵਿਆਖਿਆ ਕੀਤੀ ਗਈ। ਮਲਵਿੰਦਰ ਸਿੰਘ ਦੀ ਕਵਿਤਾ ਪੜ੍ਹਦਿਆਂ-ਪੜ੍ਹਦਿਆਂ ਰੁਕਣਾ ਤੇ ਸੋਚਣਾ ਪੈਂਦਾ ਹੈ। ਇਸ ਤਰ੍ਹਾਂ ਵੀ ਹੋ ਸਕਦਾ ਹੈ। ਮੇਰੇ ਇਸ ਕਥਨ ਦੀ ਸਾਦਗੀ ਉਸ ਦੀ ਕਵਿਤਾ ਰੋਗ (ਪੰਨਾ 63) ਭਰਦੀ ਹੈ। ਦੇਖੋ :

ਮੇਰਾ ਅਧਿਆਪਕ ਦੋਸਤ ਦੱਸਦਾ ਹੈ  
ਮੈਂ ਸਾਰੀ ਉਮਰ ਸ਼ਬਦਾਂ 'ਤੇ  
ਨਿਗਾਹ ਨਹੀ ਟਿਕਾਈ  
ਉਪਰੀ ਜਿਹੀ ਨਜ਼ਰ ਨਾਲ ਹੀ  
ਕੰਮ ਸਾਰਿਆ ਹੈ  
ਤਾਂ ਹੀ ਅੱਖਾਂ ਕਾਇਮ ਨੇ  
ਅਜੇ ਐਨਕ ਵੀ ਨਹੀ ਲੱਗੀ।

ਇਸੇ ਤਰ੍ਹਾਂ ਇਕ ਹੋਰ ਮਿਸਾਲ ਦੇਖੋ ਰਾਜਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਕਿੱਦਾਂ ਅਪਾਹਜ ਬਣਾਇਆ ਜਾਂਦਾ ਹੈ। ਉਸ ਦੀ ਵਿਆਖਿਆ ਕਰਦੀ ਕਵਿਤਾ



ਸੱਤਾ ਜਿਸ ਨੂੰ ਸਬਸਿਡੀ ਦਾ ਰਾਸ਼ਨ ਕਹਿੰਦੀ ਹੈ  
ਪਾਵਰ ਵਾਲੇ ਜਾਣਦੇ ਉਨ੍ਹਾਂ ਨੂੰ ਅਪਾਹਜ ਕੀਤਾ ਜਾ ਰਿਹਾ ਹੈ।

ਮਲਵਿੰਦਰ ਦੀ ਕਵਿਤਾ ਲੋਕਈ ਮਸਲਿਆਂ ਦਾ ਦਰਦ ਹੈ। ਆਮ ਆਦਮੀ ਦੀ ਅਜੋਕੇ ਸਮੇਂ ਵਿਚ ਹੋ ਰਹੀ ਹੈ ਦੁਰਦਸ਼ਾ ਦੀ ਕਥਾ ਹੈ। ਉਹ ਲੜਨਾ ਲੋਚਦਾ ਹੈ ਪਰ ਆਪਣੇ ਆਂਢੀਆਂ ਗਵਾਂਢੀਆਂ ਨਾਲ ਨਹੀ ਵਿਸ਼ਵ ਪੱਧਰੀ ਫੈਲੀਆਂ ਬੁਰਾਈਆਂ ਨਾਲ। ਉਸ ਦਾ ਮਨ ਪ੍ਰੇਮ ਨਾਲ ਲਬਰੇਜ਼ ਹੈ। ਉਸ ਦੀ ਅੱਖ ਗ਼ਰੀਬੀ ਭੋਗਦੇ ਇਨਸਾਨ ਨੂੰ ਦੇਖਦੇ ਅੱਥਰੂ ਕੇਰਦੀ ਹੈ। ਚੋਂਦੀਆਂ ਛੱਤਾਂ ਦੇਖ ਕੇ ਉਸ ਦੇ ਦਿਲ 'ਚ ਖਲਬਲੀ ਹੁੰਦੀ ਹੈ। ਪੁਸਤਕ ਪੜ੍ਹਨ ਹੀ ਨਹੀ ਸਾਂਭਣਯੋਗ ਵੀ ਹੈ।

• ਜਸਵਿੰਦਰ ਦੂਹੜਾ

| ਪੁਸਤਕ | : ਸੁਪਨਿਆਂ ਦਾ ਪਿੱਛਾ ਕਰਦਿਆਂ | ਪੰਨੇ | : 132 |
|---|---|---|---|

# ਜਿਲ੍ਹਾ ਕਚਹਿਰੀਆਂ, ਗੁਰਦਾਸਪੁਰ ਵਿਖੇ ਸਵੱਛਤਾ ਅਭਿਆਨ 'ਸਵੱਛਤਾ ਹੀ ਸੇਵਾ-2024' ਦੀ ਸ਼ੁਰੂਆਤ




**ਗੁਰਦਾਸਪੁਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ, ਦੁਆਰਾ ਜਿਲ੍ਹਾ ਕਚਹਿਰੀਆਂ ਗੁਰਦਾਸਪੁਰ ਵਿਖੇ ਸਵੱਛਤਾ ਅਭਿਆਨ 'ਸਵੱਛਤਾ ਹੀ ਸੇਵਾ-2024' ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਸ੍ਰੀ ਰਜੇਸ਼ ਆਹਲੂਵਾਲੀਆ, ਸਿਵਿਲ ਜੱਜ (ਸੀਨੀਅਰ ਡਵੀਜਨ), ਗੁਰਦਾਸਪੁਰ, ਸ੍ਰੀ ਰੰਜੀਵ ਪਾਲ ਸਿੰਘ ਚੀਮਾ, ਚੀਫ ਜੁਡੀਸ਼ੀਅਲ ਮੈਜਿਸਟਰੇਟ, ਗੁਰਦਾਸਪੁਰ ਵੀ ਮੌਜੂਦ ਸਨ।

ਇਸ ਮੌਕੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਜਿਲ੍ਹਾ ਕਚਹਿਰੀਆਂ ਦੇ ਸਾਰੇ ਸਫਾਈ ਕਰਮਚਾਰੀਆਂ ਨੂੰ ਸਫਾਈ ਰੱਖਣ ਬਾਰੇ ਕਿਹਾ ਅਤੇ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ, ਗੁਰਦਾਸਪੁਰ ਦੁਆਰਾ ਜਿਲ੍ਹਾ ਕਚਹਿਰੀਆਂ ਦੇ ਸਭ ਤੋਂ ਵਧੀਆਂ ਸਫਾਈ ਕਰਮਚਾਰੀਆਂ ਨੂੰ ਪ੍ਰਸ਼ੰਸ਼ਾ ਪੱਤਰ ਵੰਡੇ ਗਏ।

ਇਸ ਮੌਕੇ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ, ਵੱਲੋਂ ਸਫਾਈ ਕਰਮਚਾਰੀਆਂ ਨੂੰ ਪ੍ਰੋਤਸਾਹਨ ਦੇਣ ਲਈ ਮਿਠਾਈ ਵੰਡੀ ਗਈ। ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ ਨੇ ਸਾਰੇ ਸਫਾਈ ਕਰਮਚਾਰੀਆਂ ਨੂੰ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਹ ਸਵੱਛਤਾ ਅਭਿਆਨ 'ਸਵੱਛਤਾ ਹੀ ਸੇਵਾ-2024' ਪੂਰਾ ਹਫਤਾ ਚੱਲੇਗਾ ਅਤੇ ਸਾਨੂੰ ਆਪਣੇ ਆਲੇ ਦੁਆਲੇ ਦੀ ਸਫਾਈ ਰੱਖਣੀ ਚਾਹੀਦੀ ।

ਇਸ ਸਵੱਛਤਾ ਅਭਿਆਨ ਮੌਕੇ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ, ਗੁਰਦਾਸਪੁਰ ਦੁਆਰਾ ਜਿਲ੍ਹਾ ਕਚਹਿਰੀਆਂ, ਗੁਰਦਾਸਪੁਰ ਦਾ ਦੌਰਾ ਕੀਤਾ ਗਿਆ ਅਤੇ ਸਫਾਈ ਦਾ ਜਾਇਜਾ ਲਿਆ।

# ਪੰਚਾਇਤੀ ਚੋਣਾਂ ਲੜਨ ਵਾਲਿਆਂ ਨੂੰ ਨੋ ਡਿਊ ਲੈਣ ਵਿੱਚ ਨਹੀਂ ਆ ਰਹੀ ਕੋਈ ਪਰੇਸ਼ਾਨੀ



**ਫ਼ਤਹਿਗੜ੍ਹ ਸਾਹਿਬ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਪੰਚਾਇਤ ਚੋਣਾਂ 2024 ਨੂੰ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜਨ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ ਤੇ ਮੁਕੰਮਲ ਕੀਤਾ ਜਾ ਰਿਹਾ ਹੈ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਮਲੋਹ ਮੋਹਿਤ ਕਲਿਆਨ ਨੇ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਪੰਚਾਇਤੀ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੂੰ ਨੋ-ਡਿਊ ਸਰਟੀਫਿਕੇਟ ਜਾਰੀ ਕਰਨ ਵਾਸਤੇ ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਸਮੂਹ ਕਰਮਚਾਰੀ ਸਰਕਾਰੀ ਸਮੇਂ ਅਨੁਸਾਰ ਸਵੇਰੇ 9 ਵਜੇ ਆਪੋ ਆਪਣੀ ਡਿਊਟੀ ਤੇ ਤਾਇਨਾਤ ਹੋ ਜਾਂਦੇ ਹਨ। ਉਹਨਾਂ ਹੋਰ ਦੱਸਿਆ ਕਿ ਉਹ ਖੁਦ ਵੀ ਸਾਰਾ ਦਿਨ ਦੇ ਸ਼ਾਮ ਤੱਕ ਆਪਣੀ ਡਿਊਟੀ ਤੇ ਰਹਿੰਦੇ ਹਨ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਸਿੱਧਾ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ।

ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੇ ਕਿਹਾ ਕਿ ਨੋ - ਡਿਊ ਸਰਟੀਫਿਕੇਟ ਜਾਰੀ ਕਰਨ ਲਈ ਪੰਚਾਇਤ ਸਕੱਤਰਾਂ ਦੀ ਡਿਊਟੀ ਲਗਾਈ ਗਈ ਹੈ ਜੋ ਕਿ ਪੂਰੀ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਇਲਾਵਾ ਪੰਚਾਇਤ ਅਫਸਰ ਤੇ ਹੋਰ ਸੰਬੰਧਿਤ ਕਰਮਚਾਰੀ ਵੀ ਪੂਰੀ ਤਨਦੇਹੀ ਨਾਲ ਆਪਣੇ ਫਰਜ਼ਾਂ ਦੀ ਪੂਰਤੀ ਕਰ ਰਹੇ ਹਨ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2024 ਦੀਆਂ ਪੰਚਾਇਤ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਵਿਭਾਗ ਦੇ ਆਦੇਸ਼ਾਂ ਅਨੁਸਾਰ ਸਬੰਧਤ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਸਨ ਅਤੇ ਇਹ ਅਧਿਕਾਰੀ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਨੋ ਡਿਊ ਸਰਟੀਫਿਕੇਟ ਜਾਰੀ ਕਰ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਬਲਾਕ ਦਫਤਰ ਵਿਖੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਦਫਤਰੀ ਸਮੇਂ ਦੀ ਪਾਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਇਸ ਵਿੱਚ ਕਿਸੇ ਵੀ ਕਿਸਮ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਨਵੋਦਿਆ 'ਚ ਨੌਵੀਂ ਅਤੇ ਗਿਆਰਵੀਂ ਜਮਾਤ ਦੇ ਦਾਖ਼ਲੇ ਲਈ ਆਨਲਾਈਨ ਰਜਿਸਟ੍ਰੇਸ਼ਨ 30 ਅਕਤੂਬਰ ਤੱਕ

**ਹੁਸ਼ਿਆਰਪੁਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਚਲਾਏ ਜਾ ਰਹੇ ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਵਾਲੇ ਸਹਿ-ਸਿੱਖਿਆ ਰਿਹਾਇਸ਼ੀ ਪੀ.ਐਮ ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿੱਦਿਅਕ ਵਰ੍ਹੇ 2025-26 ਲਈ ਖਾਲੀ ਸੀਟਾਂ ਲਈ ਨੌਵੀਂ ਅਤੇ ਗਿਆਰਵੀਂ ਜਮਾਤ ਦੇ ਦਾਖ਼ਲੇ ਲਈ ਆਨਲਾਈਨ ਦਾਖ਼ਲਾ ਫਾਰਮ ਭਰਨ ਦੀ ਤਰੀਕ 30 ਅਕਤੂਬਰ 2024 ਹੈ। ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਲੇਟਰਲ ਐਂਟਰੀ ਟੈਸਟ 8 ਫਰਵਰੀ 2025 ਨੂੰ ਹੋਵੇਗਾ। ਜੇਕਰ ਦਸਵੀਂ ਜਮਾਤ ਦੀ ਪੜ੍ਹਾਈ ਦਾ ਜ਼ਿਲ੍ਹਾ ਅਤੇ ਰਿਹਾਇਸ਼ ਇਕੋ ਹੈ ਤਾਂ ਹੀ ਉਮੀਦਵਾਰ ਨੂੰ ਜ਼ਿਲ੍ਹਾ ਪੱਧਰੀ ਮੈਰਿਟ ਲਈ ਵਿਚਾਰਿਆ ਜਾਵੇਗਾ।

ਹੁਸ਼ਿਆਰਪੁਰ ਪੱਕੇ (ਬੋਨਾਫਾਈਡ) ਵਸਨੀਕ ਮੌਜੂਦਾ ਵਿੱਦਿਅਕ ਵਰ੍ਹੇ 2024-25 ਵਿਚ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ/ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ ਦੇ ਅੱਠਵੀਂ ਅਤੇ ਦਸਵੀਂ ਵਿਚ ਪੜ੍ਹਦੇ ਵਿਦਿਆਰਥੀ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈੱਬਸਾਈਟ https://navodaya.gov.in/ 'ਤੇ ਉਪਲਬਧ ਲਿੰਕ ਤੇ ਪ੍ਰਾਸਪੈਕਟਸ ਵਿੱਚੋਂ ਜਾਣਕਾਰੀ ਪੜ੍ਹ ਕੇ ਆਨਲਾਈਨ ਰਜਿਸਟ੍ਰੇਸ਼ਨ ਕਰ ਸਕਦੇ ਹਨ। ਅੱਠਵੀਂ ਜਮਾਤ ਦੇ ਵਿਦਿਆਰਥੀ ਦਾ ਜਨਮ 01.05.2010 ਤੋਂ 31.07.2012 ਤੱਕ ਅਤੇ ਦਸਵੀਂ ਜਮਾਤ ਵਾਲਿਆਂ ਦਾ ਜਨਮ 01.06.2008 ਤੋਂ 31.07.2010 ਤੱਕ ਹੋਇਆ ਹੋਵੇ। ਆਨਲਾਈਨ ਰਜਿਸਟ੍ਰੇਸ਼ਨ ਤੋਂ ਪਹਿਲਾਂ ਪ੍ਰਾਸਪੈਕਟਸ ਨੂੰ ਚੰਗੀ ਤਰ੍ਹਾਂ ਧਿਆਨ ਨਾਲ ਪੜ੍ਹ ਲਿਆ ਜਾਵੇ। ਬੈਕਵਰਡ ਕਲਾਸ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸੇ ਵੀ ਸੁਵਿਧਾ ਕੇਂਦਰ ਤੋਂ ਪਤਾ ਕਰ ਲੈਣ ਕਿ ਕੀ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ. ਬੀ. ਸੀ ਵਿਚ ਆਉਂਦੇ ਹਨ। ਜੇਕਰ ਨਹੀਂ ਆਉਂਦੇ ਤਾਂ ਜਨਰਲ ਉਮੀਦਵਾਰ ਦੇ ਤੌਰ 'ਤੇ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣ। ਆਨਲਾਈਨ ਅਪਲਾਈ ਕਰਨ ਤੋਂ ਪਹਿਲਾਂ ਵਿਦਿਆਰਥੀ ਦੀ ਫੋਟੋ, ਵਿਦਿਆਰਥੀ ਦੇ ਦਸਤਖ਼ਤ , ਮਾਤਾ ਜਾਂ ਪਿਤਾ ਦੇ ਦਸਤਖ਼ਤ ਸਕੈਨ ਕਰਕੇ ਦਸ ਤੋਂ ਸੌ ਕੇਬੀ ਤੱਕ ਸਾਈਜ਼ ਦੇ ਕਰਕੇ ਰੱਖ ਲਓ। ਜੇਕਰ ਕਿਸੇ ਵੀ ਵਿਦਿਆਰਥੀ ਨੂੰ ਦਾਖ਼ਲਾ ਫਾਰਮ ਭਰਨ ਵਿਚ ਦਿੱਕਤ ਆਵੇ ਤਾਂ ਕੰਮਕਾਜ਼ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵਿਦਿਆਲਿਆ ਦੇ ਦਫ਼ਤਰ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

# ਪੀਣ ਵਾਲਾ ਪਾਣੀ ਹਜ਼ਾਰਾਂ ਲੀਟਰ ਬਚਾਇਆ ਗਿਆ : ਰਾਹੁਲ ਕੁਮਾਰ ਕਾਂਗਰਸ



**ਅੰਮ੍ਰਿਤਸਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਪਿਛਲੇ ਕਈ ਦਿਨਾਂ ਤੋਂ ਗੋਪਾਲ ਨਗਰ ਮੇਨ ਬਾਜ਼ਾਰ ਚ ਪੀਣ ਵਾਲੇ ਸਾਫ ਪਾਣੀ ਦੀ ਪਾਈਪ ਟੁੱਟੀ ਸੀ,ਅੱਜ ਕਾਰਪੋਰੇਸ਼ਨ ਗੁਰਜਿੰਦਰ ਸਿੰਘ ਜੀ ਦੇ ਹੁਕਮਾਂ ਨਾਲ ਕਾਰਪੋਰੇਸ਼ਨ ਦੇ ਠੇਕੇਦਾਰ ਵੱਲੋਂ ਪਾਈਪ ਦਾ ਕੰਮ ਮੁਕੰਮਲ ਕਰਵਾਇਆ ਗਿਆ।

ਇਸ ਦੀ ਕੰਪਲੈਂਟ ਇਲਾਕੇ ਦੇ ਕਾਰਪੋਰੇਸ਼ਨ ਜੇ ਈ ਨੇਗਿੰਦਰ ਪ੍ਰਸਾਦ ਜੀ ਨੂੰ ਬਹੁਤ ਬਾਰ ਦਿੱਤੀ ਗਈ ਪਰ ਉਨਾ ਵੱਲੋਂ ਲਾਰਿਆਂ ਤੋਂ ਕੁਝ ਨਹੀ ਮਿਲਿਆ

# ਪੰਚਾਇਤੀ ਚੋਣਾਂ ਦੇ ਮੱਦੇਨਜਰ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣੇ : ਨਿਲੰਬਰੀ ਜਗਦਲੇ



**ਰੂਪਨਗਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਡਿਪਟੀ ਇੰਸਪੈਕਟਰ ਜਨਰਲ ਪੁਲਿਸ ਰੂਪਨਗਰ ਰੇਂਜ ਰੂਪਨਗਰ ਸ਼੍ਰੀਮਤੀ ਨਿਲੰਬਰੀ ਜਗਦਲੇ ਵੱਲੋਂ ਅੱਜ ਪੁਲਿਸ ਲਾਇਨ ਰੂਪਨਗਰ ਵਿਖੇ ਜ਼ਿਲ੍ਹਾ ਰੂਪਨਗਰ ਦੇ ਕਪਤਾਨ ਪੁਲਿਸ ਇਨਵੈਸਟੀਗੇਸਨ ਰੁਪਿੰਦਰ ਕੌਰ ਸਰਾਂ ਤੇ ਹੋਰ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਹਦਾਇਤ ਕੀਤੀ ਕਿ ਪੰਚਾਇਤੀ ਚੋਣਾਂ ਦੇ ਮੱਦੇਨਜਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਮਾੜੇ ਅਨਸਰਾਂ ਦੀ ਸਖ਼ਤ ਨਿਗਰਾਨੀ ਤੇ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਨਿਲੰਬਰੀ ਜਗਦਲੇ ਨੇ ਵੱਖ-2 ਜੇਲ੍ਹਾਂ ਵਿੱਚ ਪੈਰੋਲ, ਜਮਾਨਤ, ਸਜ਼ਾ ਕੱਟ ਕੇ ਬਾਹਰ ਆਏ ਕੈਦੀਆਂ ਤੇ ਹਵਾਲਾਤੀਆ ਦੀ ਹਰ ਹਰਕਤ ਅਤੇ ਉਨ੍ਹਾਂ ਦੀਆਂ ਗਤੀਵਿਧੀਆ ਤੇ ਸਖਤ ਨਿਗਰਾਨੀ ਰੱਖਣ ਦੀ ਹਦਾਇਤ ਕੀਤੀ।

ਡਿਪਟੀ ਇੰਸਪੈਕਟਰ ਜਨਰਲ ਪੁਲਿਸ ਰੂਪਨਗਰ ਰੇਂਜ ਨੇ ਪੰਜਾਬ ਸਰਕਾਰ ਅਤੇ ਸੀਨੀਅਰ ਅਫ਼ਸਰਾਂ ਵੱਲੋਂ ਨਸ਼ਿਆ ਨੂੰ ਜੜ੍ਹੋਂ ਖਤਮ ਕਰਨ ਲਈ ਜਾਰੀ ਹਦਾਇਤਾਂ ਦੇ ਮੱਦੇਨਜਰ ਐਨ.ਡੀ.ਪੀ.ਐਸ ਐਕਟ ਅਧੀਨ ਗੈਰ ਕਾਨੂੰਨੀ ਧੰਦਾ ਕਰਨ ਵਾਲੇ ਵਿਅਕਤੀਆਂ/ਡਰੱਗ ਪੈਡਲਰਜ਼ ਆਦਿ ਉਤੇ ਅਸਰਦਾਰ ਢੰਗ ਨਾਲ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ 68 ਐਫ ਆਈ ਆਰ ਤਹਿਤ ਅਜਿਹੇ ਦੋਸ਼ੀਆਂ ਦੀ ਪ੍ਰਾਪਰਟੀ ਅਟੈਚ ਕਰਾਉਣ ਲਈ ਕੇਸ ਤਿਆਰ ਕਰਕੇ ਭੇਜਣ ਦੀ ਵੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਐਨ.ਡੀ.ਪੀ.ਐਸ ਐਕਟ ਦਾ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਕਿਸੇ ਹਾਲਤ ਵਿੱਚ ਵੀ ਸਿਰ ਨਾ ਚੁੱਕਣ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਇਸ ਜ਼ਿਲ੍ਹੇ ਦਾ ਜੋ ਏਰੀਆ ਹਿਮਾਚਲ ਪ੍ਰਦੇਸ ਨਾਲ ਲੱਗਦਾ ਹੈ ਉਸ ਥਾਂ ਉਤੇ ਅਸਰਦਾਰ ਢੰਗ ਨਾਲ ਨਾਕਾਬੰਦੀ ਕੀਤੀ ਜਾਵੇ ਤੇ ਨਾਲ ਹੀ ਸਿਟੀ ਸੀਲਿੰਗ ਅਤੇ ਜ਼ਿਲ੍ਹਾ ਸੀਲਿੰਗ ਪਲਾਨ ਨੂੰ ਵੀ ਅਮਲ ਵਿਚ ਲਿਆਂਦਾ ਜਾਵੇ।

ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸ਼ਰਾਬ ਆਦਿ ਦੀ ਸਪਲਾਈ ਉਤੇ ਨਿਗਰਾਨੀ ਰੱਖੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਚੋਣਾਂ ਹੋਣ ਤੱਕ ਰਾਤ ਦੀਆਂ ਨਾਕਾਬੰਦੀਆਂ ਅਤੇ ਗਸ਼ਤ ਵਿੱਚ ਨਿਰੰਤਰ ਵਾਧਾ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਵਲੋਂ ਵੀ ਪੰਚਾਇਤੀ ਚੋਣਾਂ ਨੂੰ ਲੈ ਕੇ ਸੀਨੀਅਰ ਅਧਿਕਾਰੀਆਂ ਨਾਲ ਖ਼ਾਸ ਮੀਟਿੰਗ ਕੀਤੀ ਗਈ ਸੀ।

ਇਸ ਮੀਟਿੰਗ ਵਿੱਚ ਕਪਤਾਨ ਪੁਲਿਸ ਸਥਾਨਕ ਰੂਪਨਗਰ ਰਾਜਪਾਲ ਸਿੰਘ ਹੁੰਦਲ, ਉਪ ਕਪਤਾਨ ਪੁਲਿਸ ਡਿਟੈਕਟਿਗਵ ਰੂਪਨਗਰ ਮਨਵੀਰ ਸਿੰਘ ਬਾਜਵਾ, ਉਪ ਕਪਤਾਨ ਪੁਲਿਸ ਸਬ-ਡਵੀਜਨ ਰੂਪਨਗਰ ਰਾਜਪਾਲ ਸਿੰਘ, ਉਪ ਕਪਤਾਨ ਪੁਲਿਸ ਹੋਮੀਸਾਈਡ ਪੰਕਜ ਸ਼ਰਮਾ ਅਤੇ ਵੱਖ-2 ਥਾਣਿਆ ਤੋਂ ਮੁੱਖ ਅਫਸਰਾਨ ਅਤੇ ਪੁਲਿਸ ਕਰਮਚਾਰੀ ਹਾਜ਼ਰ ਹੋਏ।

# ਆਈਟੀਸੀ ਦੇ ਸਨਫੀਸਟ ਡਾਰਕ ਫੈਂਟਸੀ ਨੇ ਬਿਗ ਫੈਂਟੈਸੀਜ਼ ਪਹਿਲ ਸ਼ੁਰੂ ਕੀਤੀ




**ਅੰਮ੍ਰਿਤਸਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਭਾਰਤ ਦੇ ਪਸੰਦੀਦਾ ਕੁਕੀ ਬ੍ਰਾਂਡ ਆਈਟੀਸੀ ਸਨਫੀਸਟ ਡਾਰਕ ਫੈਂਟਸੀ ਨੇ ਆਪਣੀ ਨਵੀਨਤਾਕਾਰੀ ਪਹਿਲਕਦਮੀ, ਬਿਗ ਫੈਂਟਸੀਜ਼: ਗਿਵ ਵਿੰਗਜ਼ ਟੂ ਯੂਅਰ ਇਮੈਜੀਨੇਸ਼ਨ ਦਾ ਐਲਾਨ ਕੀਤਾ ਹੈ। ਇਸ ਪਹਿਲ ਦੇ ਜ਼ਰੀਏ ਬ੍ਰਾਂਡ ਦਾ ਉਦੇਸ਼ ਕਲਾ ਨੂੰ ਤਕਨੀਕ ਨਾਲ ਮਿਲਾ ਕੇ ਬੱਚਿਆਂ ਦੀ ਰਚਨਾਤਮਕਤਾ ਅਤੇ ਕਲਪਨਾ ਸ਼ਕਤੀ ਨੂੰ ਜਗਾਉਣਾ ਹੈ। ਇਸ ਪ੍ਰੋਗਰਾਮ ਵਿੱਚ ਬੱਚੇ ਦੀ ਕਲਪਨਾ ਸ਼ਕਤੀ ਨੂੰ ਜਾਗਰਿਤ ਕਰਨ ਦੇ ਮਹੱਤਵ ਵਿਸ਼ੇ ਉੱਤੇ ਇੱਕ ਵਿਆਪਕ ਪੈਨਲ ਚਰਚਾ ਵੀ ਕੀਤੀ ਗਈ ਜਿਸ ਵਿੱਚ ਪੁਲਾੜ ਖੋਜ, ਸਿੱਖਿਆ, ਮਨੋਵਿਗਿਆਨ ਅਤੇ ਰਚਨਾਤਮਕ ਕਲਾ ਦੇ ਖੇਤਰਾਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਸਨ। ਅਲੀ ਹੈਰਿਸ ਸ਼ੇਰੇ, ਸੀਓਓ, ਬਿਸਕੁਟ ਅਤੇ ਕੇਕ ਕਲੱਸਟਰ, ਫੂਡਜ਼ ਡਿਵੀਜ਼ਨ, ਆਈਟੀਸੀ ਲਿਮਟਿਡ, ਨੇ ਇਸ ਨਵੀਂ ਪਹਿਲਕਦਮੀ ਦੀ ਸ਼ੁਰੂਆਤ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਆਈਟੀਸੀ ਸਨਫੀਸਟ ਡਾਰਕ ਫੈਂਟਸੀ ਵਿੱਚ ਸਾਡਾ ਵਿਸਵਾਸ਼ ਹੈ ਕਿ ਬੱਚਿਆਂ ਦੀ ਜ਼ਿੰਦਗੀ ਨੂੰ ਆਮ ਤੋਂ ਖਾਸ ਬਣਾਉਣ ਲਈ ਰਚਨਾਤਮਕਤਾ ਅਤੇ ਕਲਪਨਾ ਦੀ ਸ਼ਕਤੀ ਮਹੱਤਵਪੂਰਨ ਹੈ। ਬਿਗ ਫੈਂਟੈਸੀਜ਼ ਦੇ ਜਰੀਏ ਅਸੀਂ ਭਾਰਤ ਵਿੱਚ ਪਹਿਲਾਂ ਕਦੇ ਨਾਂ ਦੇਖੀ ਗਈ ਤਕਨੀਕ ਲਿਆਉਣ ਤੇ ਅਸੀਂ ਮਾਣ ਮਹਿਸੂਸ ਕਰਦੇ ਹਾਂ ਜੋ ਬੱਚਿਆਂ ਨੂੰ ਆਪਣੇ ਆਪ ਨੂੰ ਪ੍ਰਗਟ ਕਰਨ ਅਤੇ ਆਪਣੀਆਂ ਕਲਪਨਾਵਾਂ ਨੂੰ ਸਾਕਾਰ ਹੁੰਦੇ ਵੇਖਣ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕਰਦ ਹੈ। ਅਸੀਂ ਦੇਸ਼ ਭਰ ਦੇ ਨੌਜਵਾਨਾਂ ਦੇ ਮਨਾਂ ਵਿੱਚ ਹੈਰਾਨੀਜਨਕ ਅਤੇ ਨਵੀਨਤਾ ਦੀ ਭਾਵਨਾ ਪੈਦਾ ਕਰਨ ਲਈ ਉਤਸ਼ਾਹਿਤ ਹਾਂ ਜੋ ਉਨ੍ਹਾਂ ਨੂੰ ਵੱਡੇ ਹੋਣ ਦੇ ਨਾਲ ਅਸੀਮਤ ਸੰਭਾਵਨਾਵਾਂ ਦੀ ਖੋਜ ਕਰਨ ਲਈ ਪ੍ਰੇਰਿਤ ਕਰੇਗਾ।

# ਬਚਪਨ ਵਿੱਚ ਨਾ ਕੋਈ ਚਿੰਤਾ, ਨਾ ਕੋਈ ਤਣਾਅ : ਸੰਜੀਵ ਸਿੰਗਲਾ

**ਮਲੇਰਕੋਟਲਾ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਬਚਪਨ ਵਿੱਚ ਨਾ ਕੋਈ ਚਿੰਤਾ,ਨਾ ਕੋਈ ਤਣਾਅ ਸਗੋਂ ਵਿਅਕਤਿਤਵ ਦੇ ਨਿਖਾਰ ਦਾ ਮਹੱਤਵਪੂਰਨ ਸਮਾਂ ਹੁੰਦਾ ਹੈ ਜਿਸ ਦੇ ਇੱਕ ਵਾਰ ਲੰਘ ਜਾਣ 'ਤੇ ਜੀਵਨ ਭਰ ਤਲਾਸ਼ ਰਹਿੰਦੀ ਹੈ। ਕਈ ਦਹਾਕਿਆਂ ਪਹਿਲਾਂ ਬੱਚੇ ਬੇਫਿਕਰ-ਤਣਾਅ-ਮੁਕਤ ਹੋਕੇ ਖੇਡਦੇ,ਬਾਰਿਸ਼ ਵਿੱਚ ਪਾਣੀ 'ਤੇ ਜਹਾਜ਼ ਚਲਾਉਂਦੇ,ਰੁੱਖਾਂ 'ਤੇ ਝੂਲੇ ਲਾਉਂਦੇ,ਵੱਡਿਆਂ ਦਾ ਆਦਰ ਕਰਦੇ ਸਨ ਪਰ ਆਧੁਨਿਕ ਜ਼ਿੰਦਗੀ ਦੇ ਤਰੀਕਿਆਂ ਨੇ ਬਚਪਨ ਦੇ ਮਾਇਨਿਆਂ ਨੂੰ ਬਦਲ ਦਿੱਤਾ ਹੈ ਅਤੇ ਸੋਸ਼ਲ ਮੀਡੀਆ, ਮੋਬਾਈਲ, ਟੀ.ਵੀ., ਕੰਪਿਊਟਰ ਗੇਮ ਨੇ ਬੱਚਿਆਂ ਨੂੰ ਚਾਰਦੀਵਾਰੀ ਵਿੱਚ ਬੰਨ੍ਹ ਕੇ ਰੱਖ ਦਿੱਤਾ ਹੈ। ਇਸ ਨਾਲ ਬੱਚਿਆਂ ਦੀ ਸ਼ਾਰੀਰੀਕ-ਮਾਨਸਿਕ ਸਮਰੱਥਾ ਕਮਜ਼ੋਰ ਹੋ ਰਹੀ ਹੈ ਅਤੇ ਮੁਕਾਬਲੇ ਦਾ ਦਬਾਅ ਤਣਾਅ ਦੀ ਗਹਿਰੀ ਖਾਈ ਵਿੱਚ ਧੱਕ ਰਿਹਾ ਹੈ। ਜਦਕਿ ਬੱਚਿਆਂ ਦੇ ਵਿਕਾਸ, ਆਤਮ-ਵਿਸ਼ਵਾਸ,ਅੱਗੇ ਵਧਣ ਦੀ ਭਾਵਨਾ ਨੂੰ ਪ੍ਰੇਰਿਤ ਕਰਨ ਲਈ ਮਾਪੇ-ਅਧਿਆਪਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਉਹ ਸਿੱਖਿਆ ਦੇ ਨਾਲ ਆਊਟਡੋਰ ਖੇਡਾਂ ਲਈ ਰੁਝਾਨ ਵਧਾਉਣ ਦੀ ਪ੍ਰੇਰਣਾ ਦੇਣ। ਇਹ ਵਿਚਾਰ ਸੇਵਾ ਟਰੱਸਟ ਯੂਕੇ (ਭਾਰਤ) ਦੇ ਰਾਸ਼ਟਰੀ ਚੇਅਰਮੈਨ ਨਰੇਸ਼ ਮਿੱਟਲ ਨੇ ਵਿਰਚੁਅਲ ਸੈਮੀਨਾਰ ਦੌਰਾਨ ਬੱਚਿਆਂ ਵਿੱਚ ਵਧਦਾ ਤਣਾਅ ਤੇ ਮੰਥਨ ਕਰਦੇ ਪ੍ਰਗਟ ਕੀਤੇ। ਇਸ ਮੌਕੇ ਸਿੱਖਿਆ ਕੋਆਰਡੀਨੇਟਰ ਸੰਜੀਵ ਸਿੰਗਲਾ ਨੇ ਕਿਹਾ ਕਿ ਮਾਪੇ ਆਪਣੇ ਰੁਝੇਵੇਂ ਕਾਰਜਕਲਾਪਾਂ 'ਚੋਂ ਸਮਾਂ ਕੱਢ ਕੇ ਬੱਚਿਆਂ ਨੂੰ ਚੰਗੀਆਂ ਦਿਸ਼ਾ-ਨਿਰਦੇਸ਼ਾਂ, ਅਨੁਸ਼ਾਸਨ, ਬੁਰਾਈਆਂ ਦਾ ਡਟ ਕੇ ਸਾਹਮਣਾ ਕਰਨਾ,ਨਮਰਤਾ ਵਾਲੇ ਵਰਤਾਅ ਨੂੰ ਜੀਵਨ ਦਾ ਹਿੱਸਾ ਬਣਾਉਣ ਵਿੱਚ ਮਦਦ ਕਰਨ।ਇਸ ਮੌਕੇ ਸੇਵਾ ਟਰੱਸਟ ਯੂਕੇ (ਭਾਰਤ) ਦੇ ਰਾਸ਼ਟਰੀ ਉਪ ਚੇਅਰਮੈਨ ਡਾ. ਵਰਿੰਦਰ ਜੈਨ ਦੀ ਅਗਵਾਈ ਵਿੱਚ ਸੌਰਭ ਸ਼ਰਮਾ, ਅਵਤਾਰ ਸਿੰਘ, ਅਸ਼ੋਕ ਸਿੰਗਲਾ, ਸੰਜੀਵ ਸਿੰਗਲਾ,ਸ਼ਾਹਿਦਾ ਬਾਨੋ ਨੇ ਡਾਬਰ ਇੰਡੀਆ ਲਿਮਿਟਡ ਦੇ ਸਹਿਯੋਗ ਨਾਲ 'ਭਾਰਤ ਸਿਹਤਮੰਦ, ਸਮੁਦਾਇ ਸਿਹਤਮੰਦ' ਮੁਹਿੰਮ ਤਹਿਤ 197-198ਵੇਂ ਜ਼ਿਲ੍ਹਾ ਪ੍ਰਕਲਪ ਅਧੀਨ ਖ਼ੂਨਦਾਨ ਕੈਂਪ ਧੂਰੀ ਵਿੱਚ 398 ਲੋਕਾਂ ਨੂੰ 31 ਹਜ਼ਾਰ ਦਾ ਨਾਰੀਅਲ-ਅਨਾਰ ਜੂਸ,ਗਾਉ ਸੇਵਾ ਉੱਤਮ ਸੇਵਾ ਪਰਿਵਾਰ ਦੇ ਸਹਿਯੋਗ ਨਾਲ 210 ਨੂੰ 4 ਹਜ਼ਾਰ ਦਾ ਜੂਸ ਵੰਡਿਆ।

ਇਸੇ ਤਰ੍ਹਾਂ 199-201ਵੇਂ ਪ੍ਰਕਲਪ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਹਥੌਆ ਵਿੱਚ ਹੈਡ ਟੀਚਰ ਮੋਨਿਕਾ ਰਾਣੀ ਦੇ ਸਹਿਯੋਗ ਨਾਲ 149, ਸਰਕਾਰੀ ਮਿਡਲ ਸਕੂਲ ਹੈਦਰਨਗਰ ਵਿੱਚ ਇੰਚਾਰਜ ਧਰਮਿੰਦਰ ਸਿੰਘ ਦੇ ਨਾਲ 29,ਸਲਮ ਇਲਾਕੇ ਦੇ ਬੱਚਿਆਂ ਨੂੰ ਸਿੱਖਿਆ ਦਿੰਦੀ ਬਾਲ ਅਧਿਆਪਿਕਾ ਅੰਜਲੀ ਕੁਮਾਰੀ ਦੀ ਅਗਵਾਈ ਵਿੱਚ 64 ਅਤੇ 203ਵੇਂ ਪ੍ਰਕਲਪ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਬਾਲੇਵਾਲ ਵਿੱਚ ਇੰਚਾਰਜ ਨੀਲਮ ਸਿੰਗਲਾ ਦੀ ਅਗਵਾਈ ਵਿੱਚ 27 ਬੱਚਿਆਂ ਨੂੰ ਤਿੰਨ ਲੱਖ ਪੈਂਹਠ ਹਜ਼ਾਰ ਰੁਪਏ ਦੀ ਲਾਗਤ ਵਾਲੀਆਂ ਦੈਨਿਕ ਸਮਾਨ ਦੀਆਂ ਇਮਿਊਨਿਟੀ ਬੂਸਟਰ ਕਿਟਾਂ ਭੇਟ ਕੀਤੀਆਂ।

# ਜੀਐਸਟੀ ਵਿਭਾਗ ਨੇ ਬਲਟਾਣਾ ਫਰਨੀਚਰ ਮਾਰਕੀਟ ਦੇ ਦੁਕਾਨਦਾਰਾਂ ਨਾਲ ਕੀਤੀ ਮੀਟਿੰਗ



**ਜ਼ੀਰਕਪੁਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਦੇ ਹੁਕਮਾਂ 'ਤੇ ਸਟੇਟ ਜੀਐਸਟੀ ਵਿਭਾਗ ਨੇ ਜ਼ੀਰਕਪੁਰ ਦੀ ਬਲਟਾਣਾ ਫਰਨੀਚਰ ਮਾਰਕੀਟ ਵਿੱਚ ਦੁਕਾਨਦਾਰਾਂ ਨਾਲ ਮੀਟਿੰਗ ਕੀਤੀ। ਵਰਨਣਯੋਗ ਹੈ ਕਿ ਦੁਕਾਨਦਾਰ ਰਾਜ ਦੇ ਜੀਐਸਟੀ ਵਿਭਾਗ ਦੀ ਜਾਂਚ ਦੇ ਘੇਰੇ ਵਿੱਚ ਹਨ, ਜਿੱਥੇ ਵਿਭਾਗ ਨੇ ਕਾਰੋਬਾਰਾਂ ਦੀ ਤਰਫੋਂ ਬਿੱਲ ਜਾਰੀ ਨਾ ਕਰਨ ਨੂੰ ਰੋਕਣ ਲਈ ਇੱਕ ਤਿੱਖੀ ਮੁਹਿੰਮ ਚਲਾਈ ਹੈ। ਈਟੀਓ ਪਿਯੂਸ਼ ਸਿੰਗਲਾ ਦੀ ਅਗਵਾਈ ਵਾਲੀ ਟੀਮ ਨੇ ਮਾਰਕੀਟ ਐਸੋਸੀਏਸ਼ਨ ਦੇ ਮੈਂਬਰਾਂ ਨੂੰ 100% ਬਿਲਿੰਗ ਯਕੀਨੀ ਬਣਾਉਣ ਅਤੇ ਹਰ ਇੱਕ ਪੈਸੇ ਲਈ ਬਿੱਲ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੁਹਿੰਮ ਦੌਰਾਨ ਬਿੱਲ ਨਾ ਦੇਣ 'ਤੇ ਧਾਰਾ 122 ਅਤੇ 125 ਤਹਿਤ ਵੱਖ-ਵੱਖ ਚਲਾਨ ਕੀਤੇ ਗਏ । ਫਰਨੀਚਰ ਮਾਰਕੀਟ ਐਸੋਸੀਏਸ਼ਨ ਅਤੇ ਹੋਰ ਸਾਰੀਆਂ ਐਸੋਸੀਏਸ਼ਨਾਂ ਨੂੰ ਵੀ ਰਾਜ ਦੇ ਜੀਐਸਟੀ ਵਿਭਾਗ ਦੁਆਰਾ ਨਿਰਧਾਰਤ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਇਹ ਕਾਰਵਾਈ ਸੈਕਟਰ ਦੇ ਅੰਦਰ ਵਪਾਰਕ ਲੈਣ-ਦੇਣ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਸੀ। ਈਟੀਓ ਪੀਯੂਸ਼ ਸਿੰਗਲਾ ਦੇ ਅਨੁਸਾਰ, ਬਿਲ ਜਾਰੀ ਕਰਨਾ ਅਤੇ ਆਪਣੇ ਲੈਣ-ਦੇਣ ਦਾ ਸਹੀ ਰਿਕਾਰਡ ਰੱਖਣਾ ਹਰ ਕਾਰੋਬਾਰ ਦੀ ਜ਼ਿੰਮੇਵਾਰੀ ਹੈ। ਬਿੱਲ ਜਾਰੀ ਨਾ ਕਰਨ ਨਾਲ ਨਾ ਸਿਰਫ਼ ਟੈਕਸ ਚੋਰੀ ਹੁੰਦੀ ਹੈ ਸਗੋਂ ਪੰਜਾਬ ਦੀ ਆਰਥਿਕਤਾ ਦੇ ਵਿਕਾਸ ਵਿੱਚ ਵੀ ਰੁਕਾਵਟ ਆਉਂਦੀ ਹੈ। ਅਸੀਂ ਇਸ ਲਈ ਵਚਨਬੱਧ ਹਾਂ।" ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।" ਈਟੀਓ ਪਿਊਸ਼ ਸਿੰਗਲਾ ਨੇ ਜ਼ੀਰਕਪੁਰ ਖੇਤਰ ਦੇ ਸਮੂਹ ਕਾਰੋਬਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਕੇ ਸਹਿਯੋਗ ਕਰਨ ਇੱਕ ਨਿਰਪੱਖ ਅਤੇ ਇੱਕ ਨੈਤਿਕ ਕਾਰੋਬਾਰੀ ਮਾਹੌਲ ਨੂੰ ਉਤਸ਼ਾਹਿਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਇੱਕ ਕਦਮ ਹੈ ਕਿ ਹਰ ਇੱਕ ਪੈਸੇ ਦਾ ਹਿਸਾਬ ਲਗਾਇਆ ਜਾਂਦਾ ਹੈ। ਵਿਭਾਗ ਇਸ ਖੇਤਰ ਦੀ ਨਿਗਰਾਨੀ ਕਰਦਾ ਰਹੇਗਾ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਲੋੜੀਂਦੀ ਕਾਰਵਾਈ ਕਰੇਗਾ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਸ਼ੁਰੂ, ਡਿਪਟੀ ਕਮਿਸ਼ਨਰ ਨੇ ਪ੍ਰਬੰਧਾਂ ਦਾ ਜਾਇਜ਼ਾ ਲਿਆ

**ਰੂਪਨਗਰ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਖਰੀਫ਼ ਸੀਜ਼ਨ 2024-25 ਪੰਜਾਬ ਰਾਜ ਵਿੱਚ 1 ਅਕਤੂਬਰ ਤੋਂ ਸ਼ੁਰੂ ਹੋ ਚੁੱਕਾ ਹੈ ਤੇ ਰੂਪਨਗਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਸ਼ੁਰੂ ਹੋ ਚੁੱਕੀ ਹੈ। ਸੀਜ਼ਨ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਵੱਲੋਂ ਉਪ-ਮੰਡਲ ਮੈਜਿਸਟ੍ਰੇਟਜ਼, ਜ਼ਿਲ੍ਹਾ ਕੰਟਰੋਲਰ ਖੁਰਾਕ ਸਪਲਾਈਜ਼, ਸਮੂਹ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਜ਼ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਰਾਇਸ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਮੈਂਬਰਾਂ ਨੇ ਵੀ ਹਿੱਸਾ ਲਿਆ।ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਰਾਇਸ ਸ਼ੈਲਰ ਐਸੋਸੀਏਸ਼ਨ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਦੀ ਮੰਗ ਅਨੁਸਾਰ ਐਫ.ਸੀ.ਆਈ. ਨਾਲ ਤਾਲਮੇਲ ਕਰਕੇ ਚਾਵਲ ਦੇ ਭੁਗਤਾਨ ਲਈ ਉਚਿਤ ਸਪੇਸ ਦਾ ਪ੍ਰਬੰਧ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸਮੂਹ ਰਾਇਸ ਮਿੱਲਰਾਂ ਨੂੰ ਭਰੋਸਾ ਦਿਵਾਇਆ ਕਿ ਮਿਲਰਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਸਮੂਹ ਜ਼ਿਲ੍ਹਾ ਮੈਨੇਜਰਜ਼ ਅਤੇ ਐਫ.ਸੀ.ਆਈ. ਨਾਲ ਹਰੇਕ ਮਹੀਨੇ ਮੀਟਿੰਗ ਰੱਖੀ ਜਾਵੇਗੀ ਤਾਂ ਜੋ ਉਨ੍ਹਾਂ ਨੂੰ ਚਾਵਲ ਦੇ ਭੁਗਤਾਨ ਲਈ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾ ਸਮੂਹ ਰਾਇਸ ਮਿੱਲਰਾਂ ਨੂੰ ਇਹ ਵੀ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੇ ਗਏ ਮੰਗ ਪੱਤਰ ਅਨੁਸਾਰ ਐਫ.ਸੀ.ਆਈ. ਦੇ ਉੱਚ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਅਤੇ ਖਰੀਫ਼ ਸੀਜ਼ਨ 2024-25 ਦੌਰਾਨ ਝੋਨੇ ਨੂੰ ਸਟੋਰ ਕਰਨ ਲਈ ਸਰਕਾਰ ਦਾ ਸਾਥ ਦੇਣ ਤਾਂ ਜੋ ਕਿਸਾਨਾਂ ਨੂੰ ਵੀ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਕਿਹਾ ਗਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ ਕਰਨ ਲਈ ਬਾਰਦਾਨੇ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਫਸਲ ਸਮੇਂ ਸਿਰ ਖਰੀਦ ਕਰਨ ਤੋਂ ਬਾਅਦ ਕਿਸਾਨਾਂ ਨੂੰ ਅਦਾਇਗੀ ਤੁਰੰਤ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ ਬਾਹਰਲੇ ਰਾਜਾਂ ਤੋਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਐਮ.ਐਸ.ਪੀ. ਤੇ ਝੋਨਾ ਵੇਚਣ ਤੋਂ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਤਰ-ਰਾਜੀ ਨਾਕੇ ਲਗਾਏ ਗਏ ਹਨ ਅਤੇ ਫਲਾਇੰਗ ਸਕੁਐਡ ਰਾਹੀਂ ਵਾਹਨਾ ਦੀ ਚੈਕਿੰਗ ਕਰਨ ਦੀ ਕਾਰਵਾਈ ਵੀ ਸੁ ?ਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਮੰਡੀ ਵਿੱਚ ਫਸਲ ਸੁਕਾ ਕੇ ਲਿਆਂਦੀ ਜਾਵੇ ਤਾਂ ਜੋ ਫਸਲ ਦੀ ਬੋਲੀ ਸਮੇਂ ਸਿਰ ਲੱਗ ਸਕੇ ਅਤੇ ਕਿਸਾਨ ਬਿਨਾਂ ਕਿਸੇ ਦੇਰੀ ਤੋਂ ਆਪਣੀ ਫਸਲ ਦੀ ਕੀਮਤ ਵਸੂਲ ਸਕਣ।

ਸ਼੍ਰੀ ਹਿਮਾਂਸ਼ੂ ਜੈਨ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹੇ ਦੀ ਹਰ ਇੱਕ ਮੰਡੀ ਵਿੱਚ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਝੋਨੇ ਦੀ ਫ਼ਸਲ ਨੂੰ 72 ਘੰਟਿਆਂ ਦੇ ਅੰਦਰ-ਅੰਦਰ ਮੰਡੀ ਵਿਚੋਂ ਚੁੱਕ ਕੇ ਭੰਡਾਰ ਕਰਨ ਵਾਲੀ ਥਾਂ ਤੇ ਸਟੋਰ ਕਰਨ ਲਈ ਸਰਕਾਰ ਵੱਲੋਂ ਲੇਬਰ, ਲੇਬਰ-ਕਾਰਟੇਜ, ਟਰਾਂਸਪੋਰਟੇਸ਼ਨ ਦੇ ਟੈਂਡਰ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ ਅਤੇ ਪ੍ਰਸ਼ਾਸਨ ਵੱਲੋਂ ਕੇਵਲ ਉਨ੍ਹਾਂ ਟਰੱਕਾਂ ਨਾਲ ਹੀ ਝੋਨੇ ਦੀ ਲਿਫਟਿੰਗ ਕਰਵਾਈ ਜਾ ਰਹੀ ਹੈ, ਜਿਨ੍ਹਾਂ ਟਰੱਕਾਂ ਵਿੱਚ ਵੀ.ਟੀ.ਐਸ.(ਵਹੀਕਲ ਟਰੈਕਿੰਗ ਸਿਸਟਮ) ਸਿਸਟਮ ਚਾਲੂ ਹੋਵੇ ਤਾਂ ਜੋ ਜੀ.ਪੀ.ਐਸ. ਸਿਸਟਮ ਰਾਹੀਂ ਵਾਹਨ ਦੀ ਮੂਵਮੈਂਟ ਨੂੰ ਟਰੈਕ ਕੀਤਾ ਜਾ ਸਕੇ।

# ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਜੇਲ੍ਹ ਅਤੇ ਮਾਨਵਤਾ ਬਾਲ ਆਸ਼ਰਮ ਦਾ ਦੌਰਾ

**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੀਆਂ ਹਦਾਇਤਾਂ ਅਨੁਸਾਰ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ- ਜੇਲ੍ਹਾਂ ਵਿੱਚ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਹਿੱਤ ਅਤੇ ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਸ੍ਰੀ ਮੁਕਤਸਰ ਸਾਹਿਬ ਅਤੇ ਡਾ. ਗਗਨਦੀਪ ਕੌਰ, ਸੀ.ਜੀ.ਐੱਮ/ਸਕੱਤਰ ਸ੍ਰੀ ਮੁਕਤਸਰ ਸਾਹਿਬ ਵੱਲੋ ਅੱਜ ਜ਼ਿਲ੍ਹਾ ਜੇਲ੍ਹ, ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ।

ਜਿਕਰਯੋਗ ਹੈ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਪੈਰਾ ਲੀਗਲ ਵਲੰਟੀਅਰਜ਼ ਅਤੇ ਡਿਫੈਂਸ ਕਾਉਂਸਲ ਦੀ ਡਿਉਟੀ ਲਗਾਈ ਗਈ ਹੈ ਜੋ ਕਿ ਜ਼ਿਲ੍ਹਾ ਜੇਲ੍ਹ ਵਿੱਚ ਹਰ ਰੋਜ਼ ਆਉਣ ਵਾਲੇ ਹਵਾਲਾਤੀਆਂ ਨੂੰ ਕਾਨੂੰਨੀ ਸਹਾਇਤਾ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਜੋ ਰਜਿਸਟਰ ਲਗਾਏ ਹਨ, ਉਹਨਾਂ ਵਿੱਚ ਹਰ ਰੋਜ ਆਉਣ ਵਾਲੇ ਹਵਾਲਾਤੀ, ਅਪੀਲ ਸਬੰਧੀ, ਜਮਾਨਤ ਸਬੰਧੀ ਅਤੇ ਹੋਰ ਮੈਡੀਕਲ ਸਬੰਧੀ ਜਾਣਕਾਰੀ ਦਰਜ ਕਰਨਗੇ ਅਤੇ ਉਸਦੀ ਸਮੀਖਿਆ ਹਰੇਕ ਹਫਤੇ ਸਕੱਤਰ ਵੱਲੋਂ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਅਤੇ ਸਕੱਤਰ ਨੇ ਜੇਲ੍ਹ ਵਿਚ ਬੰਦ ਹਵਾਲਾਤੀ/ਕੈਦੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾ ਦੀਆਂ ਮੁਸ਼ਕਿਲਾਂ ਸੁਣੀਆਂ ਗਈਆ ਅਤੇ ਉਸਦਾ ਨਿਪਟਾਰਾ ਕੀਤਾ ਗਿਆ। ਜੋ ਜੇਲ੍ਹ ਵਿੱਚ ਰਜਿਸਟਰ ਲਗਾਏ ਗਏ ਸਨ ਉਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਰਜਿਸਟਰ ਵਿੱਚ ਦਰਜ ਹਵਾਲਾਤੀਆਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਬਣਦੀ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਗਈ। ਜੇਲ੍ਹ ਦੌਰਾਨ ਹਵਾਲਾਤੀਆਂ ਨੂੰ ਦਿੱਤੀ ਜਾਣ ਵਾਲੀ ਮੈਡੀਕਲ ਸਹੂਲਤ ਅਤੇ ਖਾਣੇ ਦਾ ਵੀ ਨਿਰੀਖਣ ਕੀਤਾ ਗਿਆ।

ਇਸ ਮੌਕੇ ਸਟੇਟ ਬੈਂਕ ਆਫ ਇੰਡੀਆ ਵੱਲੋ ਚਲਾਏ ਜਾ ਰਹੀ ਆਰ.ਐੱਸ.ਈ.ਟੀ.ਆਈ.ਕੋਟਭਾਈ ਵੱਲੋਂ ਇੰਟਰਨਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਜੇਲ ਵਿੱਚ ਬੰਦ ਕੈਦੀਆਂ/ਹਵਾਲਾਤੀਆਂ ਲਈ ਇੱਕ ਟ੍ਰੇਨਿੰਗ ਪ੍ਰੋਗਰਾਮ ਕੀਤਾ ਗਿਆ ਅਤੇ ਇਸ ਟ੍ਰੇਨਿੰਗ ਉਪਰੰਤ ਭਾਗ ਲੈਣ ਵਾਲੇ ਕੈਦੀਆਂ/ਹਵਾਲਾਤੀਆਂ ਨੂੰ ਜ਼ਿਲ੍ਹਾ ਅਤੇ ਸੈਸ਼ਨ ਜੱਜ ਵੱਲੋਂ ਸਰਟੀਫਿਕੇਟ ਦਿੱਤੇ ਗਏ, ਤਾਂ ਜੋ ਜੇਲ ਤੋਂ ਬਾਹਰ ਆਉਣ ਉਪਰੰਤ ਕੰਮ ਸੁਰੂ ਕਰ ਸਕਣ।

ਇਸ ਮੌਕੇ ਜ਼ਿਲ੍ਹਾ ਜੇਲ੍ਹ ਵਿੱਚ ਹਵਾਲਾਤੀਆਂ/ਕੈਦੀਆਂ ਨੂੰ ਚਮੜੀ ਦੇ ਰੋਗਾਂ ਨਾਲ ਪੀੜਤਾਂ ਦੇ ਇਲਾਜ ਸਬੰਧੀ ਇੱਕ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਆਲਮਜੀਤ ਸਿੰਘ, ਮੈਡੀਕਲ ਅਫਸਰ (ਚਮੜੀ ਰੋਗਾਂ ਦੇ ਮਾਹਿਰ) ਅਤੇ ਸ੍ਰੀ ਸੰਦੀਪ ਕੁਮਾਰ (ਫਾਰਮੇਸੀ ਅਫਸਰ) ਵੱਲੋ ਜੇਲ੍ਹ ਵਿੱਚ ਬੰਦ ਹਲਵਾਲੀਆਂ/ਕੈਦੀਆਂ ਦਾ ਚੈਕਅਪ ਕਰਕੇ ਜ਼ਰੂਰਤ ਅਨੁਸਾਰ ਦਵਾਈ ਦਿੱਤੀ ਗਈ। ਕੈਦੀਆ/ਹਵਾਲਾਤੀਆਂ ਨੂੰ ਪਲੀ-ਬਾਰਗੇਨਿਗ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

ਇਸ ਉਪਰੰਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਉਦੇਕਰਨ ਰੋਡ ਸਥਿਤ ਮਾਨਵਤਾ ਬਾਲ ਆਸ਼ਰਮ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਵੱਲੋਂ ਬੱਚਿਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਤੰਦਰੁਸਤੀ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਜੱਜ ਸਾਹਿਬ ਨੇ ਉਨ੍ਹਾਂ ਦੀ ਹੱਕਾਂ ਸਬੰਧੀ ਵੀ ਜਾਣਕਾਰੀ ਦਿੱਤੀ ।ਇਸ ਤੋਂ ਬਾਅਦ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ ਸਾਹਿਬ ਵੱਲੋਂ, ਕੋਰਟ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 'ਤੇ ਜਾਂ ਸਿੱਧੇ ਤੌਰ ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਪਰਾਲੀ ਨਾ ਸਾੜਣ ਦੀ ਕੀਤੀ ਅਪੀਲ

**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਪ੍ਰਸ਼ਾਸ਼ਨ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਯਤਨਸ਼ੀਲ ਹੈ, ਇਹਨਾਂ ਮਾਮਲਿਆਂ ਨੂੰ ਜ਼ੀਰੋ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸਾਨਾਂ ਨੂੰ ਆਧੁਨਿਕ ਖੇਤੀਬਾੜੀ ਸੰਦ ਵੀ ਸਬਸਿਡੀ ਉੱਪਰ ਦਿੱਤੇ ਜਾ ਰਹੇ ਹਨ, ਜਿਹੜੇ ਫ਼ਸਲ ਦੀ ਰਹਿੰਦ ਖੂਹੰਦ ਨੂੰ ਬਿਨਾਂ ਅੱਗ ਲਗਾਏ ਅਗਲੀ ਫਸਲ ਦੀ ਬਿਜਾਈ ਨੂੰ ਪੂਰਨ ਸੌਖਾਲਾ ਕਰ ਦਿੰਦੇ ਹਨ, ਇਹ ਪ੍ਰਗਟਾਵਾ ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਖੇਤੀਬਾੜੀ ਵਿਭਾਗ ਵੱਲੋਂ ਹਾਟ ਸਪਾਟ ਪਿੰਡ ਭੂੰਦੜ, ਵਾਦੀਆਂ, ਝੋਰੜ ਅਤੇ ਆਲਮਵਾਲਾ ਵਿੱਚ ਲਗਾਏ ਗਏ ਜਾਗਰੂਕਤਾ ਕੈਂਪਾਂ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਉਹਨਾਂ ਕਿਸਾਨਾਂ ਨੂੰ ਕਿਹਾ ਕਿ ਉਹ ਵਾਤਾਵਰਨ ਦੀ ਸ਼ੁੱਧਤਾ ਵਿੱਚ ਯੋਗਦਾਨ ਪਾਉਣ, ਕਿਉਂਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪਰਾਲੀ ਨੂੰ ਅੱਗ ਤੋਂ ਬਚਾਉਣ ਲਈ ਆਦੇਸ਼ ਵੀ ਜਾਰੀ ਕੀਤੇ ਗਏ ਹਨ, ਜਿਹਨਾਂ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ ।

ਉਹਨਾਂ ਕੰਬਾਈਨ ਆਪ੍ਰੇਟਰਾਂ/ਮਾਲਕਾਂ ਨੂੰ ਪਰਾਲੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਸਾਥ ਦੇਣ ਦੀ ਅਪੀਲ ਵੀ ਕੀਤੀ। ਉਹਨਾਂ ਦੱਸਿਆ ਕਿ ਵੱਖ-ਵੱਖ ਕੋਰਟ ਕੇਸਾਂ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਅਤੇ ਸੁਪਰੀਮ ਕੋਰਟ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਿਨ੍ਹਾਂ ਸੁਪਰ ਐਸ.ਐਮ.ਐਸ. ਤੋਂ ਕੰਬਾਈਨਾਂ ਨੂੰ ਚਲਾਉਣ ਉੱਪਰ ਰੋਕ ਲਗਾਉਣ ਦੇ ਆਦੇਸ਼ ਜਾਰੀ ਕੀਤੇ ਹਨ।

# ਜੀ.ਐਸ.ਟੀ. ਵਿਭਾਗ ਵੱਲੋਂ ਬਜ਼ਾਰਾਂ 'ਚ ਕੀਤੀ ਗਈ ਅਚਨਚੇਤ ਚੈਕਿੰਗ

**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਟੈਕਸ ਚੋਰੀ ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਜੀ.ਐਸ.ਟੀ. ਵਿਭਾਗ ਵੱਲੋਂ ਸਖਤੀ ਕਰਨੀ ਸ਼ੁਰੂ ਕਰ ਦਿੱਤੀ ਹੈ, ਇਸੇ ਲੜੀ ਤਹਿਤ ਸਹਾਇਕ ਕਮਿਸ਼ਨਰ ਰਾਜ ਕਰ, ਸ੍ਰੀ ਮੁਕਤਸਰ ਸਾਹਿਬ ਸ੍ਰੀ ਰੋਹਿਤ ਗਰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਭਾਗ ਦੇ ਅਫ਼ਸਰਾਂ ਵੱਲੋਂ ਬਾਜ਼ਾਰਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ।

ਇਸ ਮੌਕੇ ਵਿਭਾਗ ਦੇ ਅਫ਼ਸਰਾਂ ਵੱਲੋਂ ਸ਼ਹਿਰ ਦੇ ਮੁੱਖ ਬਾਜ਼ਾਰ, ਗਾਂਧੀ ਚੌਂਕ, ਘਾਹ ਮੰਡੀ ਚੌਂਕ, ਰੇਲਵੇ ਰੋਡ ਅਤੇ ਬੈਂਕ ਰੋਡ 'ਤੇ ਪਲਿਸ ਵਿਭਾਗ ਦੇ ਸਹਿਯੋਗ ਨਾਲ ਦੁਕਾਨਾਦਾਰਾਂ ਵੱਲੋਂ ਸੇਲ ਲਈ ਜਾਰੀ ਕੀਤੇ ਜਾਂਦੇ ਰਿਟੇਲ ਬਿੱਲਾਂ ਦੀ ਚੈਕਿੰਗ ਕੀਤੀ ਗਈ।



ਇਸ ਚੈਕਿੰਗ ਮੁਹਿੰਮ ਦੌਰਾਨ ਉਹਨਾਂ ਵੱਲੋਂ ਦੁਕਾਨਾਂ ਵਿੱਚੋਂ ਖਰੀਦਦਾਰੀ ਕਰ ਕੇ ਆ ਰਹੇ ਗ੍ਰਾਹਕਾਂ ਨੂੰ ਦੁਕਾਨਦਾਰਾਂ ਤੋਂ ਬਿੱਲ ਮੰਗਣ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਦੁਕਾਨਦਾਰਾਂ ਨੂੰ ਹਰ ਸੇਲ ਲਈ ਗ੍ਰਾਹਕ ਨੂੰ ਬਣਦਾ ਸੇਲ ਬਿੱਲ ਜਾਰੀ ਕਰਨ ਦੀ ਹਦਾਇਤ ਵੀ ਕੀਤੀ।

ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋ ਇਹ ਮੁਹਿੰਮ ਗ੍ਰਾਹਕਾਂ ਨੂੰ ਬਿੱਲ ਲੈਣ ਲਈ ਜਾਗਰੂਕ ਕਰਨ ਤੇ ਦੁਕਾਨਦਾਰਾਂ ਨੂੰ ਬਣਦਾ ਸੇਲ ਬਿੱਲ ਜਾਰੀ ਕਰਨ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਹੈ ਅਤੇ ਗ੍ਰਾਹਕ ਦੁਕਾਨਦਾਰ ਵੱਲੋਂ ਜਾਰੀ ਕੀਤੇ ਰਿਟੇਲ ਬਿੱਲ ਨੂੰ ਪੰਜਾਬ ਸਰਕਾਰ ਵੱਲੋ ਸ਼ ?ਰੁ ਕੀਤੀ ਗਈ 'ਬਿੱਲ ਲਿਆਓ ਇਨਾਮ ਪਾਓ' ਸਕੀਮ ਅਧੀਨ ਮੇਰਾ ਬਿੱਲ (ਮੋਬਾਇਲ ਐਪ) ਤੇ ਅਪਲੋਡ ਕਰਕੇ ਇਨਾਮ ਵੀ ਪ੍ਰਾਪਤ ਕਰ ਸਕਦੇ ਹਨ।

ਉਹਨਾਂ ਦੱਸਿਆ ਕਿ ਆਉਣ ਵਾਲੇ ਤਿਉਹਾਰੀ ਸੀਜ਼ਨ ਦੌਰਾਨ ਜੀ.ਐਸ.ਟੀ. ਵਿਭਾਗ ਵੱਲੋਂ ਇਸ ਮੁਹਿੰਮ ਵਿੱਚ ਹੋਰ ਤੇਜੀ ਲਿਆਂਦੀ ਜਾਵੇਗੀ।

## ਸੰਪਾਦਕੀ

### ਡਾਕਟਰਾਂ ਦੀ ਸੁਰੱਖਿਆ

ਅਗਸਤ ਮਹੀਨੇ ਕੋਲਕਾਤਾ ਵਿੱਚ ਇੱਕ ਡਾਕਟਰ ਨਾਲ ਜਬਰ-ਜਨਾਹ ਅਤੇ ਹੱਤਿਆ ਮਗਰੋਂ ਵੀਰਵਾਰ ਨੂੰ ਦਿੱਲੀ ਦੇ ਹਸਪਤਾਲ ਵਿੱਚ ਡਾ. ਜਾਵੇਦ ਅਖ਼ਤਰ ਨੂੰ ਗੋਲੀ ਮਾਰੇ ਜਾਣ ਦੀ ਘਟਨਾ ਤੋਂ ਬਾਅਦ ਇੱਕ ਸਵਾਲ ਫੌਰੀ ਤੌਰ 'ਤੇ ਉੱਭਰਦਾ ਹੈ: ਸਰਕਾਰਾਂ ਵੱਲੋਂ ਇਨ੍ਹਾਂ ਦੀ ਸਲਾਮਤੀ ਲਈ ਫ਼ੈਸਲਾਕੁਨ ਕਦਮ ਚੁੱਕਣ ਤੋਂ ਪਹਿਲਾਂ ਹੋਰ ਕਿੰਨੇ ਡਾਕਟਰਾਂ ਨੂੰ ਡਿਊਟੀ 'ਤੇ ਆਪਣੀ ਜਾਨ ਗੁਆਉਣੀ ਪਵੇਗੀ ? ਮੈਡੀਕਲ ਪੇਸ਼ਾ ਜੋ ਜਿ ?ਦਗੀਆਂ ਬਚਾਉਣ ਦੇ ਬੁਨਿਆਦੀ ਸਿਧਾਂਤ 'ਤੇ ਉਸਰਿਆ ਹੈ, ਨੂੰ ਘੇਰਾ ਪਿਆ ਹੋਇਆ ਹੈ। ਡਾਕਟਰ ਜੋ ਅਕਸਰ ਖ਼ਤਰਨਾਕ ਹਾਲਤਾਂ ਵਿੱਚ ਅਣਥੱਕ ਕੋਸ਼ਿਸ਼ਾਂ ਤੇ ਬਿਨਾਂ ਸੁਆਰਥ ਤੋਂ ਕੰਮ ਕਰਦੇ ਹਨ, ਆਸਾਨੀ ਨਾਲ ਹਿੰਸਾ ਦਾ ਸ਼ਿਕਾਰ ਬਣਾਏ ਜਾ ਰਹੇ ਹਨ। ਇਹ ਭਾਵੇਂ ਡਾਕਟਰ ਅਖ਼ਤਰ ਨੂੰ ਬਿਲਕੁਲ ਨੇੜਿ ?ਓਂ ਗੋਲੀ ਮਾਰਨ ਦਾ ਖੌਫ਼ਨਾਕ ਮਾਮਲਾ ਹੋਵੇ ਜਾਂ ਫਿਰ ਕੋਲਕਾਤਾ ਵਿੱਚ ਕੀਤੀ ਗਈ ਘਿਨੌਣੀ ਹੱਤਿਆ ਦਾ ਜਿਸ 'ਤੇ ਡਾਕਟਰਾਂ ਵੱਲੋਂ ਦੇਸ਼ਿਵਆਪੀ ਰੋਸ ਪ੍ਰਦਰਸ਼ਨ ਤੇ ਹੜਤਾਲਾਂ ਵੀ ਹੋਈਆਂ, ਦੋਵਾਂ ਕੇਸਾਂ ਵਿੱਚ ਤਸਵੀਰ ਬਿਲਕੁਲ ਸਾਫ਼ ਹੈ। ਹਸਪਤਾਲਾਂ ਵਿੱਚ ਢੁੱਕਵੀਂ ਸੁਰੱਖਿਆ ਨਾ ਹੋਣ ਕਾਰਨ ਸਿਹਤਕਰਮੀ ਅਜਿਹੇ ਮਿੱਥ ਕੇ ਕੀਤੇ ਜਾ ਰਹੇ ਹਮਲਿਆਂ ਦਾ ਨਿਸ਼ਾਨਾ ਬਣ ਰਹੇ ਹਨ।

ਸੁਪਰੀਮ ਕੋਰਟ ਨੇ ਕੋਲਕਾਤਾ ਕੇਸ ਦੀ ਸੁਣਵਾਈ ਕਰਦਿਆਂ ਪੱਛਮੀ ਬੰਗਾਲ ਸਰਕਾਰ ਵੱਲੋਂ ਸੀਸੀਟੀਵੀ ਕੈਮਰੇ ਲਾਏ ਜਾਣ ਅਤੇ ਬੁਨਿਆਦੀ ਸਹੂਲਤਾਂ ਜਿਵੇਂ ਟਾਇਲਟ ਤੇ ਰੈਸਟ ਰੂਮ ਉਸਾਰਨ 'ਚ ਦਿਖਾਈ ਜਾ ਰਹੀ ਸੁਸਤੀ ਉੱਤੇ ਗੰਭੀਰ ਚਿੰਤਾ ਜ਼ਾਹਿਰ ਕੀਤੀ ਸੀ। ਇਹ ਕੋਈ ਨਵੀਆਂ ਮੰਗਾਂ ਨਹੀਂ ਹਨ; ਇਹ ਅਜਿਹੇ ਜ਼ਰੂਰੀ ਸੁਰੱਖਿਆ ਕਾਰਜ ਹਨ ਜੋ ਬਹੁਤ ਪਹਿਲਾਂ ਹੀ ਲਾਗੂ ਕਰ ਦਿੱਤੇ ਜਾਣੇ ਚਾਹੀਦੇ ਸਨ। ਅਦਾਲਤ ਨੇ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਸੂਬੇ ਵਾਸਤੇ 15 ਅਕਤੂਬਰ ਤੱਕ ਦਾ ਸਮਾਂ ਵੀ ਮਿੱਥਿਆ ਸੀ। ਇਸ ਦੇ ਬਾਵਜੂਦ ਕੰਮ ਬਹੁਤ ਹੌਲੀ ਚੱਲ ਰਿਹਾ ਹੈ।

ਡਾਕਟਰ ਨਿਰੰਤਰ ਭੈਅ ਦੇ ਮਾਹੌਲ ਵਿੱਚ ਕੰਮ ਕਰ ਰਹੇ ਹਨ, ਆਪਣੀਆਂ ਡਿਊਟੀਆਂ 'ਤੇ ਧਿਆਨ ਦੇਣ ਦੀ ਥਾਂ ਸੜਕਾਂ 'ਤੇ ਰੋਸ ਮੁਜ਼ਾਹਰੇ ਕਰਨ ਲਈ ਮਜਬੂਰ ਹਨ। ਸਰਕਾਰਾਂ ਨੂੰ ਸਥਿਤੀ ਦੀ ਗੰਭੀਰਤਾ ਦਾ ਅਹਿਸਾਸ ਕਰਾਉਣ ਲਈ ਹੋਰ ਕਿੰਨੇ ਰੋਸ ਪ੍ਰਦਰਸ਼ਨਾਂ, ਹੜਤਾਲਾਂ ਦੀ ਲੋੜ ਪਵੇਗੀ ਅਤੇ ਕਿੰਨੇ ਹੋਰ ਲੋਕਾਂ ਨੂੰ ਜਾਨ ਗੁਆਉਣੀ ਪਵੇਗੀ ? ਪੂਰੇ ਭਾਰਤ ਵਿੱਚ ਮੈਡੀਕਲ ਸੰਗਠਨਾਂ ਨੇ ਕਈ ਵਾਰ ਸੁਰੱਖਿਆ ਪ੍ਰੋਟੋਕਾਲ ਸਖ਼ਤੀ ਨਾਲ ਲਾਗੂ ਕਰਾਉਣ ਅਤੇ ਹਸਪਤਾਲਾਂ ਵਿੱਚ ਸੁਰੱਖਿਆ ਵਧਾਉਣ ਦਾ ਸੱਦਾ ਦਿੱਤਾ ਹੈ ਪਰ ਇਨ੍ਹਾਂ ਅਪੀਲਾਂ ਦਾ ਜਿ ?ਆਦਾਤਰ ਕੋਈ ਜਵਾਬ ਨਹੀਂ ਆਇਆ ਤੇ ਨਾ ਹੀ ਜ਼ਮੀਨੀ ਪੱਧਰ ਉੱਤੇ ਕੋਈ ਅਸਰ ਦੇਖਣ ਨੂੰ ਮਿਲਿਆ। ਇਸ ਤਰ੍ਹਾਂ ਦੀਆਂ ਦੁਖਦਾਈ ਹਾਲਤਾਂ ਵਿੱਚ ਜਾਂਦੀ ਹਰੇਕ ਜਾਨ ਚੇਤੇ ਕਰਾਉਂਦੀ ਹੈ ਕਿ ਜਿਹੜੇ ਦੂਜਿਆਂ ਦੀਆਂ ਜਿ ?ਦਗੀਆਂ ਬਚਾਉਣ ਲਈ ਸਮਰਪਿਤ ਹਨ, ਅਸੀਂ ਉਨ੍ਹਾਂ ਦੀ ਰਾਖੀ ਵਿੱਚ ਹੀ ਨਾਕਾਮ ਹੋ ਰਹੇ ਹਾਂ। ਜੇਕਰ ਡਾਕਟਰਾਂ ਦੀ ਸੁਰੱਖਿਆ ਉੱਤੇ ਫੌਰੀ ਬਣਦਾ ਧਿਆਨ ਨਾ ਦਿੱਤਾ ਗਿਆ ਤਾਂ ਹੋਰ ਜਾਨਾਂ- ਡਾਕਟਰਾਂ ਦੀਆਂ ਵੀ ਤੇ ਮਰੀਜ਼ਾਂ ਦੀਆਂ ਵੀ, ਜਾਣ ਦਾ ਖ਼ਤਰਾ ਬਣਿਆ ਹੀ ਰਹੇਗਾ।

### ਜਾਖੜ ਦੀ ਨਸੀਹਤ

ਭਾਰਤੀ ਜਨਤਾ ਪਾਰਟੀ ਬਾਰੇ ਆਮ ਪ੍ਰਭਾਵ ਹੈ ਕਿ ਇਸ ਦਾ ਢਾਂਚਾ ਨਿਸਬਤਨ ਬਹੁਤ ਅਨੁਸ਼ਾਸਿਤ ਹੈ ਅਤੇ ਇਸ ਦੀ ਕਾਰਜ ਪ੍ਰਣਾਲੀ ਬਹੁਤ ਪੁਖਤਾ ਹੈ ਪਰ ਇਸ ਵੇਲੇ ਪਾਰਟੀ ਦੀ ਪੰਜਾਬ ਇਕਾਈ ਵਿੱਚ 'ਸਭ ਅੱਛਾ' ਨਹੀਂ ਚੱਲ ਰਿਹਾ। ਪਾਰਟੀ ਦੀਆਂ ਸਫ਼ਾਂ ਅੰਦਰ ਨਾਰਾਜ਼ ਸੁਰਾਂ ਕਾਫ਼ੀ ਦੇਰ ਤੋਂ ਉੱਠ ਰਹੀਆਂ ਸਨ ਪਰ ਹੁਣ ਇਹ ਸੁਰਾਂ ਬਾਹਰ ਵੀ ਆਉਣ ਲੱਗ ਪਈਆਂ ਹਨ। ਇਕਾਈ ਪ੍ਰਧਾਨ ਸੁਨੀਲ ਜਾਖੜ ਆਪਣੇ ਅਹੁਦੇ 'ਤੇ ਬਣੇ ਰਹਿਣ ਲਈ ਰਾਜ਼ੀ ਨਹੀਂ ਹੋ ਰਹੇ ਜਿਸ ਨਾਲ ਪਾਰਟੀ ਦੀਆਂ ਦੁਫੇੜਾਂ ਜੱਗ ਜ਼ਾਹਿਰ ਹੋ ਗਈਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਪਾਰਟੀ ਦੇ ਸਿਰਮੌਰ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਾਫ਼ ਲਫਜ਼ਾਂ ਵਿੱਚ ਆਖ ਦਿੱਤਾ ਹੈ ਕਿ ਪਾਰਟੀ ਨੂੰ ਪੰਜਾਬ ਦੇ ਮੁੱਦਿਆਂ ਪ੍ਰਤੀ ਆਪਣੀ ਪਹੁੰਚ ਬਦਲਣ ਦੀ ਜ਼ਰੂਰਤ ਹੈ। ਉਨ੍ਹਾਂ ਆਖਿਆ ਹੈ ਕਿ ਕੇਂਦਰ ਨੂੰ ਕਿਸਾਨਾਂ ਦੇ ਮਸਲਿਆਂ ਨੂੰ ਫੌਰੀ ਸੁਲਝਾਉਣ ਦੀ ਲੋੜ ਹੈ ਅਤੇ ਬਲਾਤਕਾਰ ਤੇ ਹੱਤਿਆ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਜੇਲ੍ਹ 'ਚੋਂ ਪੈਰੋਲ ਦੇ ਆਧਾਰ 'ਤੇ ਰਿਹਾਅ ਕਰਾਉਣ ਦੀ ਰਣਨੀਤੀ ਦੀ ਨਜ਼ਰਸਾਨੀ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਇਹ ਦੋਵੇਂ ਸੰਵੇਦਨਸ਼ੀਲ ਮੁੱਦੇ ਹਨ। ਸੂਬੇ ਦੇ ਕਿਸਾਨਾਂ ਨੇ ਕਈ ਹੋਰਨਾਂ ਸੂਬਿਆਂ ਦੇ ਕਿਸਾਨਾਂ ਨਾਲ ਰਲ ਕੇ ਕੇਂਦਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿ ?ਲਾਫ਼ ਸਾਲ ਭਰ ਲੜਾਈ ਲੜੀ ਸੀ ਜਦੋਂਕਿ ਡੇਰਾ ਮੁਖੀ ਦੀ ਬੇਅਦਬੀ ਅਤੇ ਸਵਾਂਗ ਦੇ ਕੇਸਾਂ ਵਿੱਚ ਕਥਿਤ ਸ਼ਮੂਲੀਅਤ ਕਰ ਕੇ ਉਸ ਨੂੰ ਅਜੇ ਤੱਕ ਸਿੱਖ ਭਾਈਚਾਰੇ ਵੱਲੋਂ ਮੁਆਫ਼ੀ ਨਹੀਂ ਮਿਲ ਸਕੀ।

ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਬਣੀਆਂ ਤਿੰਨ ਸਰਕਾਰਾਂ ਵਿੱਚ ਭਾਰਤੀ ਜਨਤਾ ਪਾਰਟੀ ਵੀ ਸ਼ਾਮਿਲ ਰਹੀ ਹੈ ਪਰ ਹੁਣ ਇਹ ਗੱਠਜੋੜ ਟੁੱਟਣ ਤੋਂ ਬਾਅਦ ਪਾਰਟੀ ਆਪਣੇ ਪੈਰ ਜਮਾਉਣ ਦੇ ਯਤਨ ਕਰ ਰਹੀ ਹੈ। ਇਸ ਨੇ ਆਪਣੀ ਪ੍ਰਦੇਸ਼ ਇਕਾਈ ਨੂੰ ਹੁਲਾਰਾ ਦੇਣ ਦੇ ਇਰਾਦੇ ਨਾਲ ਕਾਂਗਰਸ ਦੇ ਕਈ ਆਗੂਆਂ ਨੂੰ ਆਪਣੇ ਖੇਮੇ ਵਿੱਚ ਰਲਾ ਲਿਆ ਸੀ ਪਰ ਇਸ ਨਾਲ ਪਾਰਟੀ ਨੂੰ ਕੋਈ ਬਹੁਤਾ ਚੁਣਾਵੀ ਲਾਭ ਨਹੀਂ ਮਿਲ ਸਕਿਆ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੀ ਵੋਟ ਪ੍ਰਤੀਸ਼ਤਤਾ ਵਿੱਚ ਤਾਂ ਕਾਫ਼ੀ ਸੁਧਾਰ ਆਇਆ ਸੀ ਪਰ ਪਾਰਟੀ ਕੋਈ ਸੀਟ ਨਾ ਜਿੱਤ ਸਕੀ। ਹੁਣ ਇਸ ਦੀਆਂ ਨਜ਼ਰਾਂ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਲੱਗੀਆਂ ਹੋਈਆਂ ਹਨ ਜਿਸ ਕਰ ਕੇ ਇਸ ਨੂੰ ਕਾਫ਼ੀ ਸੰਭਲ ਕੇ ਚੱਲਣਾ ਪਵੇਗਾ। ਕਿਸਾਨ ਤੇ ਸਿੱਖ ਪੰਜਾਬ ਦਾ ਵੱਡਾ ਵੋਟ ਬੈਂਕ ਬਣਦੇ ਹਨ ਅਤੇ ਇਸ ਨੂੰ ਨਾਰਾਜ਼ ਕਰ ਕੇ ਜਾਂ ਅਣਡਿੱਠ ਕਰ ਕੇ ਕੋਈ ਵੀ ਧਿਰ ਸੱਤਾ ਦੀ ਦਾਅਵੇਦਾਰ ਨਹੀਂ ਬਣ ਸਕਦੀ।

ਕੇਂਦਰ ਸਰਕਾਰ ਨੇ ਭਾਵੇਂ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਸਨ ਪਰ ਅੰਦੋਲਨ ਦੌਰਾਨ ਹੋਏ ਜਾਨੀ ਅਤੇ ਹੋਰ ਨੁਕਸਾਨ ਦੇ ਰੂਪ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪਈ ਸੀ ਜਿਸ ਕਰ ਕੇ ਉਨ੍ਹਾਂ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਮੁਆਫ਼ ਨਹੀਂ ਕੀਤਾ। ਇਸ ਤੋਂ ਇਲਾਵਾ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦੇਣ ਬਾਰੇ ਵੀ ਕੇਂਦਰ ਸਰਕਾਰ ਲਗਾਤਾਰ ਟਾਲਮਟੋਲ ਕਰ ਰਹੀ ਹੈ ਜਿਸ ਕਰ ਕੇ ਕਿਸਾਨਾਂ ਅੰਦਰ ਸਰਕਾਰ ਪ੍ਰਤੀ ਭਰੋਸਾ ਨਹੀਂ ਬਣ ਸਕਿਆ। ਇਸ ਮਸਲੇ 'ਤੇ ਕਿਸਾਨਾਂ ਦਾ ਇੱਕ ਹਿੱਸਾ ਅਜੇ ਵੀ ਸੜਕਾਂ ਉੱਤੇ ਹੈ। ਹੁਣ ਵੀ ਜੇ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਜਾਖੜ ਦੀ ਨਸੀਹਤ 'ਤੇ ਕੰਨ ਧਰ ਲਵੇ ਤਾਂ ਉਸ ਲਈ ਆਉਣ ਵਾਲੇ ਦਿਨ ਸਾਜ਼ਗਾਰ ਬਣ ਸਕਦੇ ਹਨ। ਇਸ ਨਾਲ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋਵੇਗਾ।

-ਪੀਤਾਂਬਰ ਸ਼ਰਮਾ

# ਸਰਕਾਰੀ ਸਕੂਲਾਂ 'ਚ ਅੰਗਰੇਜ਼ੀ ਹਾਲੋਂ-ਬੇਹਾਲ

**ਸੁੱਚਾ ਸਿੰਘ ਖੱਟੜਾ**



ਅੰਗਰੇਜ਼ੀ ਭਾਸ਼ਾ ਦੀ ਵਧ ਰਹੀ ਲੋੜ ਹੈ ਕਿ ਮੱਧ ਵਰਗ ਅਤੇ ਹੇਠਲੇ ਮੱਧ ਵਰਗ ਦੇ ਲੋਕ ਆਪਣੀ ਔਲਾਦ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਣ ਲੱਗ ਪਏ ਹਨ। ਪੁੱਛੋ ਤਾਂ ਉੱਤਰ ਹੈ- ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਜਿਹੜੀ ਸਰਕਾਰੀ ਸਕੂਲਾਂ ਵਿੱਚ ਨਹੀਂ ਹੈ। ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਦੇ ਬੇਹਾਲ ਰਹਿਣ ਕਾਰਨ ਸਰਕਾਰੀ ਸਕੂਲਾਂ ਵਿੱਚ ਦਾਖਲੇ ਘਟ ਗਏ ਅਤੇ ਸਕੂਲ ਹੁਸ਼ਿਆਰ ਬੱਚਿਆਂ ਤੋਂ ਵੀ ਵਾਂਝੇ ਹੋ ਗਏ। ਅਨੇਕ ਪ੍ਰਾਇਮਰੀ ਸਕੂਲ ਪਰਵਾਸੀ ਅਤੇ ਕਿਧਰੇ-ਕਿਧਰੇ ਜਾਅਲੀ ਦਾਖਲੇ ਦੇ ਸਿਰ 'ਤੇ ਖੁੱਲ੍ਹੇ ਹਨ, ਨਹੀਂ ਤਾਂ ਬੰਦ ਹੋ ਗਏ ਹੁੰਦੇ। ਸਿੱਖਿਆ ਮੰਤਰੀ ਜੀ ਦੀਆਂ ਦਾਖਲਾ ਵਧਾਉਣ ਦੀਆਂ ਮੁਹਿੰਮਾਂ ਸਫਲ ਨਹੀਂ ਹੋ ਰਹੀਆਂ। ਕਿਸੇ ਸਮੇਂ ਸਭ ਤੋਂ ਵੱਡਾ ਰੁਜ਼ਗਾਰ ਖੇਤਰ ਅੱਜ ਰੁਜ਼ਗਾਰ ਪੱਖੋਂ ਸੁੰਗੜ ਰਿਹਾ ਹੈ। ਹੋਰ ਕਾਰਨਾਂ ਦੇ ਨਾਲ-ਨਾਲ ਵੱਡਾ ਕਾਰਨ ਅੰਗਰੇਜ਼ੀ ਦੀ ਪੜ੍ਹਾਈ ਹੈ ਜਿਸ ਬਾਰੇ ਪ੍ਰਾਈਵੇਟ ਸਕੂਲ ਸਹਿਜੇ ਹੀ ਲੋਕਾਂ ਅੰਦਰ ਧਾਰਨਾ ਬਣਾ ਗਏ ਕਿ ਅੰਗਰੇਜ਼ੀ ਪ੍ਰਾਈਵੇਟ ਸਕੂਲ ਹੀ ਪੜ੍ਹਾ ਸਕਦੇ ਹਨ। ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਦੀ ਇਸ ਦਸ਼ਾ ਲਈ ਜਿ ?ਮੇਵਾਰ ਹੈ ਨਾਲਾਇਕ ਅਤੇ ਮੌਕਾਪ੍ਰਸਤ ਸਿਆਸਤ, ਬੇਈਮਾਨ ਅਫਸਰਸ਼ਾਹੀ, ਕੁਝ-ਕੁਝ ਅਧਿਆਪਕ ਅਤੇ ਅਧਿਆਪਕ ਜਥੇਬੰਦੀਆਂ। ਇਨ੍ਹਾਂ ਵਿੱਚੋਂ ਇਕੱਲੇ-ਇਕੱਲੇ ਦੀ ਭੂਮਿਕਾ ਵਿਚਾਰਦਿਆਂ ਅਜੇ ਵੀ ਇਹ ਕਲੰਕ ਧੋ ਸਕਣ ਦੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

2004 ਵਿੱਚ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰ ਦਿੱਤੀ। ਜਦੋਂ ਅੰਗਰੇਜ਼ੀ ਪੜ੍ਹਾਉਣ ਲਈ ਹਰ ਪ੍ਰਾਇਮਰੀ ਸਕੂਲ ਵਿੱਚ ਇਕ ਅੰਗਰੇਜ਼ੀ ਅਧਿਆਪਕ ਦੇਣ ਦੀ ਗੱਲ ਕੀਤੀ ਤਾਂ ਪਾਸਾ ਵੱਟ ਲਿਆ। ਜਥੇਬੰਦੀ ਨੇ ਮੰਤਰੀ ਦੇ ਹਲਕੇ ਮੋਗੇ ਦੀ ਦਾਣਾ ਮੰਡੀ ਤੋਂ ਢੁੱਡੀਕੇ ਤੱਕ ਸੈਂਕੜੇ ਬੱਸਾਂ, ਟਰੱਕਾਂ ਨਾਲ ਰਾਹ ਵਿੱਚ ਪੈਂਦੇ ਹਰ ਪਿੰਡ ਵਿੱਚ ਰੈਲੀ ਕਰਦਿਆਂ ਝੰਡਾ ਮਾਰਚ ਕੀਤਾ। ਮੰਤਰੀ ਨੇ ਅੰਗਰੇਜ਼ੀ ਅਧਿਆਪਕ ਨਾ ਦਿੱਤੇ ਸਗੋਂ ਮੁਜ਼ਾਹਰਾਕਾਰੀਆਂ ਵਿਰੁੱਧ ਬਿਆਨ ਆਉਣ ਲੱਗ ਪਏ ਕਿ ਅਧਿਆਪਕ ਜਥੇਬੰਦੀਆਂ ਗਰੀਬਾਂ ਦੀ ਔਲਾਦ ਨੂੰ ਆਈਏਐੱਸ ਅਫਸਰ ਬਣਦੇ ਦੇਖਣਾ ਨਹੀਂ ਚਾਹੁੰਦੀ। ਆਈਏਐੱਸ ਅਫਸਰ ਤਾਂ ਕੋਈ ਬਣਿਆ ਨਾ, ਅੰਗਰੇਜ਼ੀ ਵੱਲ ਅਣਦੇਖੀ ਨਾਲ ਸਕੂਲ ਬੰਦ ਹੋਣ ਨੂੰ ਹਨ।

ਪ੍ਰਾਇਮਰੀ ਤੋਂ ਅਗਲਾ ਪੜਾਅ ਮਿਡਲ, ਹਾਈ ਸੀ। ਇੱਥੇ ਗੜਬੜ ਇਹ ਸੀ ਕਿ ਹਿਸਾਬ, ਵਿਗਿਆਨ, ਹਿੰਦੀ, ਡਰਾਇੰਗ, ਪੰਜਾਬੀ, ਸਰੀਰਕ ਸਿੱਖਿਆ, ਸਭ ਲਈ ਅਲੱਗ-ਅਲੱਗ ਅਧਿਆਪਕ ਸੀ। ਅੰਗਰੇਜ਼ੀ ਵਿਸ਼ੇ ਲਈ ਅਲੱਗ ਅਧਿਆਪਕ ਨਹੀਂ ਸੀ। ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦਾ ਕੰਮ ਸਮਾਜਿਕ ਵਿਸ਼ੇ ਦੇ ਅਧਿਆਪਕ ਨੂੰ ਦਿੱਤਾ ਹੋਇਆ ਸੀ। ਉਸੇ ਜਥੇਬੰਦੀ ਦੇ ਪ੍ਰਧਾਨਗੀ ਮੰਡਲ ਨੇ ਮਿਡਲ, ਹਾਈ ਲਈ ਵੱਖਰੇ ਅੰਗਰੇਜ਼ੀ ਅਧਿਆਪਕ ਦੀ ਮੰਗ ਡਾਇਰੈਕਟਰ (ਸ) ਡਾ. ਜਗਤਾਰ ਸਿੰਘ ਖੱਟੜਾ ਅੱਗੇ ਰੱਖ ਦਿੱਤੀ। ਅੰਗਰੇਜ਼ੀ ਦਾ ਵੱਖਰਾ ਕਾਡਰ ਪੀਰੀਅਡਾਂ ਦੀ ਗਿਣਤੀ ਅਨੁਸਾਰ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਦੀ ਉਸ ਸਮੇਂ ਬਣਦੀ ਕੁਲ ਗਿਣਤੀ, ਅਸਾਮੀਆਂ ਲਈ ਯੋਗਤਾ ਬੀਏ ਵਿੱਚ ਇਲੈਕਟਿਵ ਅੰਗਰੇਜ਼ੀ ਅਤੇ ਬੀਐੱਡ ਵਿੱਚ ਟੀਚਿੰਗ ਅੰਗਰੇਜ਼ੀ ਵਿਸ਼ਾ ਯੋਗਤਾ, ਸਕੂਲਾਂ ਵਿੱਚ ਸਮਾਜਿਕ ਸਿੱਖਿਆ ਅੰਗਰੇਜ਼ੀ ਪੜ੍ਹਾਉਂਦੇ ਅਧਿਆਪਕਾ ਨੂੰ ਅੰਗਰੇਜ਼ੀ ਵਿਸ਼ੇ ਦੇ ਕਾਡਰ ਵਿੱਚ ਜਾਣ ਲਈ ਆਪਸ਼ਨ, ਬਾਕੀ ਅਸਾਮੀਆਂ ਭਰਨ ਦੀ ਪੂਰੀ ਯੋਜਨਾ ਦੀ ਫਾਇਲ ਅਧਿਕਾਰੀ ਨਾਲ ਵਿਚਾਰੀ ਗਈ। ਅਧਿਕਾਰੀ ਨੇ ਫਾਇਲ ਤੁਰੰਤ ਸਿੱਖਿਆ ਸਕੱਤਰ ਕੋਲ ਭੇਜ ਦਿੱਤੀ। ਕਿਸੇ ਨੇ ਫਾਇਲ ਨਹੀਂ ਵਿਚਾਰੀ।

2006 ਵਿੱਚ ਆਖਿ ?ਰ ਮਸਲਾ ਡੀਜੀਐੱਸਸੀ ਕ੍ਰਿਸ਼ਨ ਕੁਮਾਰ ਦੇ ਨੋਟਿਸ ਵਿੱਚ ਲਿਆਂਦਾ ਗਿਆ। ਤੁਰੰਤ ਸਹਿਮਤ ਹੁੰਦਿਆਂ ਉਨ੍ਹਾਂ ਫਾਇਲ ਦਾ ਖੁਰਾ ਖੋਜ ਲੱਭਿਆ। ਅੰਗਰੇਜ਼ੀ ਵਿਸ਼ੇ ਲਈ ਵੱਖਰਾ ਕਾਡਰ ਬਣ ਗਿਆ। 2008-09 ਵਿੱਚ 1000 ਅੰਗਰੇਜ਼ੀ ਮਾਸਟਰ ਵੀ ਭਰਤੀ ਕਰ ਦਿੱਤੇ। ਕੁਝ ਅਧਿਆਪਕ ਬਾਅਦ ਵਿੱਚ ਵੀ ਭਰਤੀ ਕੀਤੇ ਗਏ ਪਰ ਅਜੇ ਵੀ ਲੋੜੀਂਦੀ ਗਿਣਤੀ ਤੋਂ ਅੰਗਰੇਜ਼ੀ ਮਾਸਟਰ ਬਹੁਤ ਘੱਟ ਹਨ। ਹੁਣ ਅਫਸਰਾਂ ਦੀ ਨਾਲਾਇਕੀ ਅਖ਼ਬਾਰਾਂ ਦੇ ਪਹਿਲੇ ਪੰਨੇ ਦੀ ਹੈੱਡਲਾਇਨ ਬਣ ਕੇ ਹੋਰ ਛਪ ਗਈ ਕਿ ਗਿਆਰਵੀਂ, ਬਾਰਵੀਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਜਿਹੜੇ 301 ਲੈਕਚਰਾਰ ਬਣਾਏ, ਉਨ੍ਹਾਂ ਵਿੱਚੋਂ 298 ਨੇ ਹਾਈ ਸਕੂਲਾਂ ਵਿੱਚ ਕਦੇ ਅੰਗਰੇਜ਼ੀ ਪੜ੍ਹਾਈ ਹੀ ਨਹੀਂ। ਨਾ ਹੀ ਉਨ੍ਹਾਂ ਦਾ ਬੀਐੱਡ ਵਿੱਚ ਟੀਚਿੰਗ ਵਿਸ਼ਾ ਅੰਗਰੇਜ਼ੀ ਸੀ ਅਤੇ ਨਾ ਹੀ ਬੀਏ ਵਿੱਚ ਇਲੈਕਟਿਵ ਅੰਗਰੇਜ਼ੀ ਹੈ। ਹੋਰ ਤਾਂ ਹੋਰ ਅੰਗਰੇਜ਼ੀ ਲੈਕਚਰਾਰਾਂ ਦੀ 25% ਸਿੱਧੀ ਭਰਤੀ ਲਈ ਰੱਖੀ ਯੋਗਤਾ ਇਨ੍ਹਾਂ 298 ਕੋਲ ਨਹੀਂ ਹੈ। ਇਹ 298 ਅਧਿਆਪਕ ਹਿਸਾਬ, ਵਿਗਿਆਨ, ਪੰਜਾਬੀ ਆਦਿ ਲੰਮੇ ਸਮੇਂ ਤੋਂ ਪੜ੍ਹਾ ਰਹੇ ਸਨ। ਹੁਣ ਇਹ ਗਿਆਰਵੀਂ ਬਾਰਵੀਂ ਦੀ ਅੰਗਰੇਜ਼ੀ ਪੜ੍ਹਾਉਣਗੇ।

ਜੇਕਰ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦੇ ਨਾਂ ਉੱਤੇ ਸਰਕਾਰੀ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਸਾਹਮਣੇ ਹੇਠੀ ਨੂੰ ਸਰਕਾਰ ਅਤੇ ਅਫਸਰਸ਼ਾਹੀ ਆਪਣੀ ਹੇਠੀ ਮੰਨਦੀ ਹੋਵੇ ਤਾਂ ਅੰਗਰੇਜ਼ੀ ਦਾ ਪੱਧਰ ਪ੍ਰਾਈਵੇਟ ਸਕੂਲਾਂ ਤੋਂ ਵੀ ਮਿਆਰੀ ਬਣ ਸਕਦਾ ਹੈ ਪਰ ਇਸ ਟੀਚੇ ਲਈ ਹਰ ਪ੍ਰਾਇਮਰੀ ਸਕੂਲ ਵਿੱਚ ਅੰਗਰੇਜ਼ੀ ਵਿਸ਼ੇ ਦਾ ਅਧਿਆਪਕ ਦਿੱਤਾ ਜਾਵੇ। ਅਜਿਹੇ ਅਧਿਆਪਕਾਂ ਲਈ ਈਟੀਟੀ ਨਾਲ ਬਾਰਵੀਂ ਵਿੱਚ ਇਲੈਕਟਿਵ ਅੰਗਰੇਜ਼ੀ ਵਿਸ਼ਾ ਯੋਗਤਾ ਰੱਖੀ ਜਾ ਸਕਦੀ ਹੈ। ਮਿਡਲ, ਹਾਈ ਵਿੱਚ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ। ਅੰਗਰੇਜ਼ੀ ਵਿਸ਼ੇ ਦੇ ਪੀਰੀਅਡ ਵਧਾ ਕੇ ਅੱਠ ਦੀ ਥਾਂ ਨੌਂ ਕੀਤੇ ਜਾਣ। ਟਾਇਮ ਟੇਬਲ ਵਿੱਚ ਹਰ ਜਮਾਤ ਦੇ ਅੰਗਰੇਜ਼ੀ ਦੇ ਤਿੰਨ ਦਿਨ ਦੋ ਪੀਰੀਅਡ ਇਕੱਠੇ ਲਗਾਏ ਜਾਣ ਤਾਂ ਕਿ ਅਧਿਆਪਕ ਨੂੰ ਸਪੋਕਨ ਇੰਗਲਿਸ਼ ਦੇ ਅਭਿਆਸ ਲਈ ਸਮਾਂ ਮਿਲਦਾ ਰਹੇ। ਕੋਸ਼ਿਸ਼ ਰਹੇ ਕਿ ਜਿਹੜੇ ਅਧਿਆਪਕ ਨੂੰ ਛੇਵੀਂ ਦੀ ਅੰਗਰੇਜ਼ੀ ਦਿੱਤੀ ਜਾਵੇ, ਬਦਲੀ ਨਾ ਹੋਣ ਦੀ ਸੂਰਤ ਵਿੱਚ ਉਹੀ ਅਧਿਆਪਕ ਉਸ ਜਮਾਤ ਨੂੰ ਦਸਵੀਂ ਤਕ ਲੈ ਕੇ ਜਾਵੇ। ਜਦੋਂ ਅਧਿਆਪਕ ਨੂੰ ਸਾਲ ਦਾ ਸਿਲੇਬਸ ਤੇ ਕਿਤਾਬਾਂ ਦੇ ਦਿੱਤੀਆਂ ਤਾਂ ਉਸ ਨੂੰ ਉਸ ਦੀ ਮਰਜ਼ੀ ਅਤੇ ਯੋਜਨਾ ਨਾਲ ਪੜ੍ਹਾਉਣ ਦਿੱਤਾ ਜਾਵੇ। ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ, ਹਰ ਪੱਧਰ ਉੱਤੇ ਅੰਗਰੇਜ਼ੀ ਭਾਸ਼ਾ ਦੇ ਮੁਕਾਬਲੇ ਕਰਵਾਏ ਜਾਣ। ਮਿਸ਼ਨ ਸਮਰੱਥ ਵਰਗੇ ਵਿਘਨਕਾਰੀ ਸਿੱਖਿਆ ਵਿਰੋਧੀ ਢੌਂਗ ਅਧਿਆਪਕ ਤੋਂ ਨਾ ਕਰਵਾਏ ਜਾਣ। ਅਧਿਆਪਕ ਜਥੇਬੰਦੀਆਂ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਵਿਸ਼ੇ ਸਬੰਧੀ ਲੋਕ ਧਾਰਨਾ ਨੂੰ ਚਣੌਤੀ ਵਜੋਂ ਲੈ ਕੇ ਆਪਣੀ ਪੱਧਰ ਉੱਤੇ ਵਿਸ਼ੇ ਦੇ ਮਿਆਰ ਨੂੰ ਸੁਧਾਰਨ ਲਈ ਛੁੱਟੀ ਜਾਂ ਛੁੱਟੀਆਂ ਵਿੱਚ ਵਰਕਸ਼ਾਪਾਂ ਲਗਵਾਉਣ। ਉਪਰਲੇ ਕਾਰਜਾਂ ਵਿੱਚੋਂ ਜਿਹੜੇ ਕਾਰਜ ਸਰਕਾਰ ਅਤੇ ਅਫਸਰਸ਼ਾਹੀ ਦੇ ਕਰਨ ਵਾਲੇ ਹਨ, ਉਨ੍ਹਾਂ ਨੂੰ ਕਰਵਾਉਣ ਲਈ ਸੰਘਰਸ਼ ਕੀਤੇ ਜਾਣ। ਸੁਝਾਅ ਇਹ ਵੀ ਹੈ ਕਿ ਮਾਸਟਰ ਕਾਡਰ ਦੀਆਂ ਦੋ ਸੀਨੀਆਰਤਾ ਸੂਚੀਆਂ ਬਣਾਈਆਂ ਜਾਣ। ਇੱਕ ਸਭ ਵਿਸ਼ਿਆਂ ਦੀ ਸਾਂਝੀ ਜਿਸ ਦੇ ਆਧਾਰ ਉੱਤੇ ਹੈੱਡਮਾਸਟਰ ਪ੍ਰੋਮੋਟ ਕੀਤੇ ਜਾਣ ਜੋ ਹੁਣ ਤੱਕ ਚੱਲ ਰਹੀ ਹੈ। ਦੂਜੀ ਸੀਨੀਆਰਤਾ ਵਿਸ਼ਾਵਾਰ ਬਣਾਈ ਜਾਵੇ ਜਿਸ ਵਿੱਚੋਂ ਸਬੰਧਿਤ ਵਿਸ਼ਿਆਂ ਦੇ ਲੈਕਚਰਾਰ ਪ੍ਰੋਮੋਟ ਕੀਤੇ ਜਾਣ। ਕਿਸੇ ਵੀ ਕਾਡਰ ਲਈ ਪ੍ਰੋਮੋਸ਼ਨਾਂ ਅਪਰੈਲ ਦੇ ਅੱਧ ਤੱਕ ਮੁਕੰਮਲ ਕੀਤੀਆਂ ਜਾਣ। ਪਿੱਛੇ ਖਾਲੀ ਹੋਈਆਂ ਅਸਾਮੀਆਂ ਸਿੱਧੀ ਭਰਤੀ ਜਾਂ ਤਰੱਕੀਆਂ ਰਾਹੀਂ ਅਪਰੈਲ ਮਹੀਨੇ ਵਿੱਚ ਹੀ ਭਰੀਆਂ ਜਾਣ। ਸ ਕੂ ਲ ਆਫ ਐਮੀਨੈਂਸ, ਕੁਝ +2 ਸਕੂਲਾਂ ਅੱਗੇ ਬਾਵਰਦੀ ਫੌਜੀ ਖੜ੍ਹੇ ਕਰਨੇ, ਉਨ੍ਹਾਂ ਸਕੂਲਾਂ ਲਈ ਬੱਸਾਂ ਦਾ ਪ੍ਰਬੰਧ ਕਰਨਾ ਪਰ ਅਧਿਆਪਕ ਪੂਰੇ ਨਾ ਕਰਨਾ ਅਕਾਦਮਿਕ ਅਤੇ ਚੁਣਾਵੀ ਦ੍ਰਿਸ਼ਟੀ ਤੋਂ ਉੱਕਾ ਹੀ ਗੈਰ-ਲਾਹੇਵੰਦ ਹਨ। ਅੰਗਰੇਜ਼ੀ ਭਾਸ਼ਾ ਵਿੱਚ ਜੇਕਰ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਕਰਨਾ ਹੈ ਤਾਂ ਅੰਗਰੇਜ਼ੀ ਵਿਸ਼ੇ ਵੱਲ ਉਚੇਚਾ ਧਿਆਨ ਦੇਣਾ ਪੈਣਾ ਹੈ। ਜੇਕਰ ਸਾਰੀਆਂ ਸਬੰਧਿਤ ਧਿਰਾਂ ਦੀ ਨੀਅਤ ਵਿੱਚ ਹੀ ਖੋਟ ਹੈ ਤਾਂ ਜਿਨ੍ਹਾਂ ਗਰੀਬਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਉਨ੍ਹਾਂ ਦੀ ਫਿਟਕਾਰ ਨੌਂ ਦਰਵਾਜ਼ੇ ਲੰਘ ਕੇ ਵੀ ਜ਼ਮੀਰ ਦੇ ਕੰਨਾਂ ਤੱਕ ਪਹੁੰਚ ਜਾਵੇਗੀ। ਚੁਣਾਵੀ ਦ੍ਰਿਸ਼ਟੀ ਤੋਂ ਇਹ ਵੀ ਯਾਦ ਰੱਖਿਆ ਜਾਵੇ ਕਿ ਇਹ ਪੰਜਾਬ ਦੀ ਆਬਾਦੀ ਵਿੱਚ ਬਹੁ ਗਿਣਤੀ ਹੈ।

## ਰਾਜਪਾਲ ਕਟਾਰੀਆ, ਅਚਾਰੀਆ ਲੋਕੇਸ਼ਜੀ ਅਤੇ ਅਨਿਲ ਮੋਂਗਾ ਨੇ ਡਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਡੇ ਨੂੰ ਸੰਬੋਧਨ ਕੀਤਾ

### ਮਾਨਵ ਸੇਵਾ ਤੋਂ ਵੱਡਾ ਕੋਈ ਧਰਮ ਨਹੀਂ, ਡੀ.ਬੀ.ਸੀ.ਟੀ ਟਰੱਸਟ ਦਾ ਕੰਮ ਹੈ ਮਿਸਾਲੀ: ਰਾਜਪਾਲ ਕਟਾਰੀਆ

### ਅਨਿਲ ਮੋਂਗਾ ਬਜ਼ੁਰਗ ਨਾਗਰਿਕਾਂ ਅਤੇ ਅਨਾਥ ਬੱਚਿਆਂ ਦੀ ਸੇਵਾ ਲਈ ਵਧਾਈ ਦੇ ਹੱਕਦਾਰ ਹਨ : ਅਚਾਰੀਆ ਲੋਕੇਸ਼

**ਲੁਧਿਆਣਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ, ਅਹਿੰਸਾ ਵਿਸ਼ਵ ਭਾਰਤੀ ਅਤੇ ਵਿਸ਼ਵ ਸ਼ਾਂਤੀ ਕੇਂਦਰ ਦੇ ਸੰਸਥਾਪਕ ਜੈਨ ਅਚਾਰੀਆ ਡਾ. ਲੋਕੇਸ਼ ਜੀ ਨੇ ਸ਼੍ਰੀ ਅਨਿਲ ਮੋਂਗਾ ਦੁਆਰਾ ਸਥਾਪਿਤ ਡ੍ਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਦੇ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ ਸਮਾਗਮ ਨੂੰ ਸੰਬੋਧਨ ਕੀਤਾ। ਹੈਵਨਲੀ ਪੈਲੇਸ ਦੋਰਾਹਾ ਦੇ ਆਡੀਟੋਰੀਅਮ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਕਈ ਉੱਘੇ ਲੋਕ ਮੌਜੂਦ ਸਨ।

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਦੇਵਤਿਆਂ ਦੀ ਤਰ੍ਹਾਂ ਹਨ, ਇਨ੍ਹਾਂ ਦਾ ਸਤਿਕਾਰ ਕਰਨਾ ਅਤੇ ਸੁਰੱਖਿਆ ਕਰਨਾ ਹਰੇਕ ਨਾਗਰਿਕ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਡਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਬਜ਼ੁਰਗ ਨਾਗਰਿਕਾਂ, ਅਨਾਥ ਬੱਚਿਆਂ ਅਤੇ ਔਰਤਾਂ ਨੂੰ ਬਿਹਤਰ ਜੀਵਨ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ਲਾਘਾਯੋਗ ਸਮਾਜ ਸੇਵਾ ਕਰ ਰਿਹਾ ਹੈ।

ਰਾਜਪਾਲ ਨੇ ਕਿਹਾ ਕਿ ਮਾਨਵ ਸੇਵਾ ਤੋਂ ਵੱਡਾ ਕੋਈ ਧਰਮ ਨਹੀਂ ਹੈ। ਭਾਰਤ ਸਰਕਾਰ ਵੱਖ-ਵੱਖ ਵਿਭਾਗਾਂ ਰਾਹੀਂ ਸੀਨੀਅਰ ਨਾਗਰਿਕਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

ਇਸ ਮੌਕੇ 'ਤੇ ਮਾਨਯੋਗ ਰਾਜਪਾਲ ਨੇ ਆਚਾਰੀਆ ਲੋਕੇਸ਼ ਜੀ ਦੀ ਅਗਵਾਈ 'ਚ ਅਹਿੰਸਾ ਵਿਸ਼ਵ ਭਾਰਤੀ ਦੁਆਰਾ ਸਥਾਪਿਤ ਵਿਸ਼ਵ ਸ਼ਾਂਤੀ ਕੇਂਦਰ ਦੇ ਪੋਸਟਰ ਦਾ ਉਦਘਾਟਨ ਕੀਤਾ।

ਵਿਸ਼ਵ ਸ਼ਾਂਤੀ ਦੂਤ ਅਚਾਰੀਆ ਲੋਕੇਸ਼ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਸਾਡੀ ਵਿਰਾਸਤ ਹਨ, ਉਹ ਪੁਰਾਤਨ ਸੱਭਿਆਚਾਰ ਦੇ ਪਹਿਰੇਦਾਰ ਹਨ। ਇਨ੍ਹਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਆਪਣੇ ਮਾਤਾ-ਪਿਤਾ ਅਤੇ ਬਜ਼ੁਰਗਾਂ ਦਾ ਖਿਆਲ ਰੱਖਣਾ ਹਰ ਇਕ ਦਾ ਫਰਜ਼ ਹੈ ਪਰ ਅਜੋਕੇ ਤੇਜ਼ ਰਫਤਾਰ ਜੀਵਨ ਸ਼ੈਲੀ ਵਿਚ ਨੌਜਵਾਨ ਪੀੜ੍ਹੀ ਇਸ ਫਰਜ਼ ਨੂੰ ਭੁੱਲਦੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸ੍ਰੀ ਅਨਿਲ ਮੋਂਗਾ ਅਮਰੀਕਾ ਵਿੱਚ ਰਹਿੰਦਿਆਂ ਵੀ ਤਨਦੇਹੀ ਨਾਲ ਆਪਣਾ ਇਹ ਫਰਜ਼ ਨਿਭਾ ਰਹੇ ਹਨ, ਡਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਰਾਹੀਂ ਉਨ੍ਹਾਂ ਨੇ ਪੰਜਾਬ ਦੀ ਧਰਤੀ 'ਤੇ 100 ਅਨਾਥ ਬੱਚਿਆਂ ਅਤੇ 400 ਬਜ਼ੁਰਗਾਂ ਨੂੰ ਘਰ ਦਾ ਸੁੱਖ ਪ੍ਰਦਾਨ ਕੀਤਾ ਹੈ, ਜਿਸ ਲਈ ਉਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਾਂ।

ਡਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਅਤੇ ਚੇਅਰਮੈਨ ਸ੍ਰੀ ਅਨਿਲ ਮੋਂਗਾ ਨੇ ਕਿਹਾ ਕਿ ਅਸੀਂ ਪਿਛਲੇ 25 ਸਾਲਾਂ ਤੋਂ ਮਨੁੱਖਤਾ ਦੀ ਸੇਵਾ ਵਿੱਚ ਲੱਗੇ ਹੋਏ ਹਾਂ। ਵਿਸ਼ਵ ਸ਼ਾਂਤੀ ਅਤੇ ਸਦਭਾਵਨਾ, ਸਿੱਖਿਆ, ਬ੍ਰਹਮਭੋਗ ਪ੍ਰੋਗਰਾਮ ਦੁਆਰਾ ਲੋੜਵੰਦ ਲੋਕਾਂ ਲਈ ਭੋਜਨ ਪ੍ਰਦਾਨ ਕਰਨਾ, ਮਾਰਗਦਰਸ਼ਨ ਨੌਜਵਾਨਾਂ ਅਤੇ ਔਰਤਾਂ ਦੇ ਹੁਨਰ ਨੂੰ ਵਧਾਉਣ ਲਈ ਇੱਕ ਸਿੱਖਿਆ ਅਤੇ ਉਪਜੀਵਕਾ ਪ੍ਰੋਗਰਾਮ ਹੈ, ਕਰਮਾ ਹੈਲਥ ਕੇਅਰ ਗਰੀਬਾਂ ਅਤੇ ਲੋੜਵੰਦਾਂ ਨੂੰ ਡਾਕਟਰੀ ਦੇਖਭਾਲ ਅਤੇ ਦਵਾਈਆਂ ਪ੍ਰਦਾਨ ਕਰਦਾ ਹੈ, ਸਵਰਗੀ ਮਹਿਲ ਸਾਡਾ ਹੈ। ਵਿਸ਼ਵ ਪੱਧਰੀ ਸਹੂਲਤਾਂ ਵਾਲੇ ਸੀਨੀਅਰ ਨਾਗਰਿਕਾਂ ਲਈ ਘਰ, ਹੇਵੇਨਲੀ ਏਂਜਲਸ ਅਨਾਥ ਬੱਚਿਆਂ ਲਈ ਘਰ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਸੀਨੀਅਰ ਸਿਟੀਜ਼ਨਜ਼ ਵੱਲੋਂ ਗੀਤ, ਸੰਗੀਤ ਅਤੇ ਸੰਵਾਦ ਦੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਕੀਤੀ ਗਈ। ਬੋਰਡ ਦੇ ਟਰੱਸਟੀ ਅੰਮ੍ਰਿਤ ਭਾਂਬਰੀ, ਅਮਰਿੰਦਰ ਐਸ.ਧੀਮਾਨ, ਸੀਨ ਮੋਂਗਾ, ਅਨਿਲ ਸਿਘਾਨੀਆ, ਰਾਜੇਸ਼ ਨਰੂਲਾ, ਨੀਰੂ ਸੀਤਲ, ਕਾਇਲ ਮੋਂਗਾ, ਪਦਮ ਭੂਸ਼ਣ ਡਾ.ਐਸ.ਐਸ. ਜੌਹਲ, ਪ੍ਰੋ.ਵੀ.ਕੇ. ਮਹਿਤਾ, ਡਾ.ਜੀ.ਐਸ.ਵਾਂਡਰ ਅਤੇ ਕੋਆਰਡੀਨੇਟਰ ਕਰਨਲ ਪਰਮਿੰਦਰ ਸਿੰਘ ਨੇ ਸਮਾਗਮ ਦੀ ਸਫਲਤਾ ਲਈ ਪੂਰਨ ਸਹਿਯੋਗ ਦਿੱਤਾ।

## ਪ੍ਰਾਲੀ ਪ੍ਰਬੰਧਨ ਵਿਚ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕਿਸਾਨਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ: ਡਿਪਟੀ ਕਮਿਸ਼ਨਰ

**ਰੂਪਨਗਰ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਕਿਸਾਨਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਨੇ ਮੋਰਿੰਡਾ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਦੌਰਾ ਕਰਦਿਆਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਹਨਾਂ ਨਾਲ ਐਸ.ਐਸ.ਪੀ ਸ. ਗੁਲਨੀਤ ਸਿੰਘ ਖੁਰਾਣਾ ਅਤੇ ਵਧੀਕ ਡਿਪਟੀ ਕਮਿਸ਼ਨਰ (ਵ) ਚੰਦਰਯੋਤੀ ਸਿੰਘ ਆਈ.ਏ.ਐਸ ਵਿਸ਼ੇਸ਼ ਤੌਰ ਉੱਤੇ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਵਲੋਂ ਅੱਜ ਜ਼ਿਲ੍ਹੇ ਦੇ ਬਲਾਕ ਮੋਰਿੰਡਾ ਦੇ ਵੱਖ-ਵੱਖ ਪਿੰਡਾਂ ਭਾਗੋਵਾਲ, ਬਡਾਲੀ, ਧਿਆਨਪੁਰਾ ਦਾ ਦੌਰਾ ਕਰਦਿਆਂ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਅਤੇ ਜਲਦ ਹੱਲ ਦਾ ਭਰੋਸਾ ਦਿੱਤਾ।

ਉਨ੍ਹਾਂ ਦੱਸਿਆ ਕਿ ਪਰਾਲੀ ਪ੍ਰਬੰਧਨ ਲਈ ਖੇਤੀਬਾੜੀ ਤੇ ਸਹਿਕਾਰਤਾ ਵਿਭਾਗ ਵੱਲੋਂ ਮੁਹੱਈਆ ਕਰਵਾਈ ਜਾਂਦੀ ਮਸ਼ੀਨਰੀ ਦੀ ਤਕਨੀਕ ਅਤੇ ਇਸ ਦੀ ਵਰਤੋਂ ਬਾਰੇ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਵੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿਚ ਤੈਨਾਤ ਕੀਤੇ ਅਧਿਕਾਰੀ ਲਗਾਤਾਰ ਕਿਸਾਨਾਂ ਦੇ ਸੰਪਰਕ ਵਿਚ ਹਨ।ਸਾਰੇ ਕਿਸਾਨਾਂ ਨੂੰ ਪਰਾਲੀ ਦਾ ਮਸ਼ੀਨਰੀ ਨਾਲ ਪ੍ਰਬੰਧਨ ਕਰ ਰਹੇ ਕਿਸਾਨਾਂ ਤੋਂ ਪ੍ਰੇਰਨਾ ਲੈਣ ਦਾ ਸੁਨੇਹਾ ਦਿੱਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਲਈ ਕਿਸਾਨ ਪ੍ਰਮੁੱਖ ਤਰਜੀਹ ਹਨ ਅਤੇ ਇਸੇ ਲਈ ਪ੍ਰਸ਼ਾਸਨ ਹਰ ਕਦਮ ਤੇ ਕਿਸਾਨਾਂ ਦੇ ਨਾਲ ਹੈ ਅਤੇ ਉਨ੍ਹਾਂ ਦੀਆਂ ਮੁਸਕਿਲਾਂ ਦੇ ਹੱਲ ਕਰਨ ਲਈ ਤਤਪਰਤਾ ਨਾਲ ਕੰਮ ਕਰ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਕਿਸਾਨ ਦੀ ਜਮੀਨ ਦੇ ਕੁਦਰਤੀ ਤੱਤਾਂ ਦਾ ਸੋਮਾ ਹੈ, ਇਸ ਲਈ ਇਸ ਨੂੰ ਖੇਤ ਵਿਚ ਹੀ ਮਿਲਾਈਏ ਅਤੇ ਸਾੜੀਏ ਨਾ।

ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋ ਕਈ ਸਾਲਾਂ ਦੀ ਜਾਂਚ ਤੋਂ ਬਾਅਦ ਅਨੇਕਾਂ ਸੁਧਾਰ ਕਰਕੇ ਜ਼ੀਰੋ ਟਿੱਲ ਡਰਿਲ, ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਅਤੇ ਸਰਫ਼ੇਸ ਸੀਡਰ ਨਾਂ ਦੀਆਂ ਮਸ਼ੀਨਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਸ ਨਾਲ ਝੋਨੇ ਦੀ ਕਟਾਈ (ਸੁਪਰ ਐਸ.ਐਮ.ਐਸ ਲੱਗੀ ਕੰਬਾਈਨ) ਤੋਂ ਬਾਅਦ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਮੌਕੇ ਐਸ ਡੀ ਐਮ ਮੋਰਿੰਡਾ ਸੁਖਪਾਲ ਸਿੰਘ, ਐਕਸੀਅਨ ਪ੍ਰਦੂਸ਼ਣ ਕੰਟ੍ਰੋਲ ਬੋਰਡ ਬੀਰਦਵਿੰਦਰ ਸਿੰਘ, ਮੁੱਖ ਖੇਤੀਬਾੜੀ ਅਫਸਰ ਪੰਕਜ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ। ਪਿੰਡ ਸੰਧੂਆਂ ਤੇ ਰੁੜਕੀ ਹੀਰਾਂ ਵਿਖੇ ਐਸ.ਡੀ.ਐਮ. ਸ੍ਰੀ ਚਮਕੌਰ ਸਾਹਿਬ ਵਲੋਂ ਪਰਾਲੀ ਨਾ ਸਾੜਨ ਬਾਰੇ ਕਿਸਾਨਾਂ ਨੂੰ ਪ੍ਰੇਰਿਤ ਕੀਤਾ

ਸ਼੍ਰੀ ਚਮਕੌਰ ਸਾਹਿਬ, 7 ਅਕਤੂਬਰ: ਐਸ.ਡੀ.ਐਮ. ਸ੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਸਿੱਧੂ, ਪੀ.ਸੀ.ਐਸ. ਵਲੋਂ ਸਬ ਡਵੀਜ਼ਨ ਸ੍ਰੀ ਚਮਕੌਰ ਸਾਹਿਬ ਦੇ ਹਾਟ ਸਪਾਟ ਪਿੰਡ ਸੰਧੂਆਂ ਅਤੇ ਰੁੜਕੀ ਹੀਰਾਂ ਵਿਖੇ ਪਰਾਲੀ ਪ੍ਰਬੰਧਨ ਕੈਂਪ ਲਗਾਇਆ ਗਿਆ।

ਇਸ ਮੌਕੇ ਐਸ.ਡੀ.ਐਮ.,ਸ੍ਰੀ ਚਮਕੌਰ ਸਾਹਿਬ ਵੱਲੋਂ ਪਿੰਡਾਂ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਪ੍ਰੇਰਿਤ ਕਰਕੇ ਹੋਏ ਵਿਚਾਰ ਵਟਾਂਦਰਾਂ ਕੀਤਾ ਗਿਆ ਅਤੇ ਕਿਹਾ ਗਿਆ ਕਿ ਪਰਾਲੀ ਨਾ ਸਾੜੀ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਖੇਤਾਂ ਦਾ ਨੁਕਸਾਨ, ਵਾਤਾਵਰਣ ਦੂਸ਼ਿਤ ਹੁੰਦਾ ਹੈ ਅਤੇ ਸੜਕਾਂ ਤੇ ਆਉਣ ਵਾਲੇ ਰਾਹਗੀਰਾਂ ਨੂੰ ਵੀ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪਰਾਲੀ ਨੂੰ ਖੇਤਾਂ ਵਿੱਚ ਹੀ ਵਹਾਇਆ ਜਾਵੇ ਕਿਉਕਿ ਪਰਾਲੀ ਖੇਤਾਂ ਵਿੱਚ ਵਾਹੁਣ ਨਾਲ ਹੋਣ ਵਾਲੇ ਅਨੇਕਾਂ ਫਾਇਦੇ ਹਨ ਅਤੇ ਖੇਤਾਂ ਦੀ ਉਪਜ ਵੀ ਵੱਧਦੀ ਹੈ।

ਇਸ ਤੋਂ ਇਲਾਵਾ ਮੌਕੇ ਉਤੇ ਮੌਜੂਦ ਡੀ.ਐਸ.ਪੀ. ਸ੍ਰੀ ਚਮਕੌਰ ਸਾਹਿਬ ਵਲੋਂ ਕਿਸਾਨਾਂ ਨੂੰ ਕਿਹਾ ਗਿਆ ਕਿ ਸ਼ਾਮ 06 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨ ਨਾਲ ਝੋਨੇ ਦੀ ਕਟਾਈ ਕਰਨ ਦੀ ਪੂਰਨ ਪਾਬੰਦੀ ਹੈ ਅਤੇ ਇਹ ਵੀ ਅਪੀਲ ਕੀਤੀ ਗਈ ਕਿ ਸਮੇਂ ਅਨੁਸਾਰ ਹੀ ਝੋਨੇ ਦੀ ਕਟਾਈ ਕੀਤੀ ਜਾਵੇ ਅਤੇ ਵੱਧ ਨਮੀ ਵਾਲਾ ਝੋਨਾ ਮੰਡੀ ਵਿੱਚ ਨਾ ਲੈ ਕੇ ਆਇਆ ਜਾਵੇ। ਜਿਸ ਨਾਲ ਕਿਸਾਨਾਂ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਰੋਹਿਤ ਸ਼ਰਮਾ ਐਸ.ਐਚ.ਓ. ਸ੍ਰੀ ਚਮਕੌਰ ਸਾਹਿਬ, ਸ੍ਰੀ ਹਿਮਾਂਸੂ ਗਰਗ ਨਾਇਬ ਤਹਿਸੀਲਦਾਰ ਸ੍ਰੀ ਚਮਕੌਰ ਸਾਹਿਬ, ਸ੍ਰੀ ਗਗਨਦੀਪ ਸਿੰਘ ਪਟਵਾਰੀ ਤਹਿਸੀਲ ਦਫਤਰ ਸ੍ਰੀ ਚਮਕੌਰ ਸਾਹਿਬ ਹਾਜ਼ਰ ਸਨ।

## ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਛਾਂ, ਰੋਸ਼ਨੀ ਆਦਿ ਦੇ ਪੁਖਤਾ ਪ੍ਰਬੰਧ: ਜਿਲਾ ਮੰਡੀ ਅਫਸਰ

**ਫਾਜ਼ਿਲਕਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿਚ ਝੋਨੇ ਦੀ ਖਰੀਦ ਲਈ ਮੰਡੀ ਸਾਰੇ ਪ੍ਰਬੰਧ ਮਕੰਮਲ ਕਰ ਲਏ ਗਏ ਹਨ ਅਤੇ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ, ਲੇਬਰ ਅਤੇ ਆੜਤੀਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਇਹ ਜਾਣਕਾਰੀ ਜ਼ਿਲ੍ਹਾ ਮੰਡੀ ਅਫ਼ਸਰ ਸਲੋਧ ਬਿਸ਼ਨੋਈ ਨੇ ਦਿੱਤੀ।

ਜ਼ਿਲ੍ਹਾ ਮੰਡੀ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਝੋਨੇ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 57 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਤੇ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2320 ਰੁਪਏ ਪ੍ਰਤੀ ਕੁਇੰਟਲ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮਾਰਕੀਟ ਕਮੇਟੀਆਂ ਵੱਲੋਂ ਆਪਣੇ ਅਧੀਨ ਆਉਂਦੀਆਂ ਮੰਡੀਆਂ ਵਿਚ ਕਿਸਾਨਾਂ ਦੀ ਸਹੂਲਤ ਲਈ ਸਫਾਈ, ਪੀਣ ਵਾਲੇ ਪਾਣੀ, ਛਾਂ ਅਤੇ ਰੋਸ਼ਨੀ ਆਦਿ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕੀ ਫਸਲ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਕਟਾਈ ਦਿਨ ਵੇਲੇ ਹੀ ਕਰਾਉਣ ਤਾਂ ਜੋ ਨਮੀ ਦੀ ਮਾਤਰਾ ਵੱਧ ਨਾ ਹੋਵੇ। ਉਨ੍ਹਾਂ ਦੱਸਿਆ ਕਿ ਝੋਨੇ ਦੀ ਖਰੀਦ ਨਿਰਵਿਘਨ ਹੋਵੇਗੀ ਅਤੇ ਕਿਸਾਨਾਂ ਦੇ ਖਰੀਦ ਕੀਤੇ ਝੋਨੇ ਦੀ ਮਿੱਥੇ ਸਮੇਂ ਵਿੱਚ ਅਦਾਇਗੀ ਕੀਤੀ ਜਾਵੇਗੀ।

## ਸ਼੍ਰੋਮਣੀ ਅਕਾਲੀ ਦਲ ਦਾ ਵ.ਫਦ ਚੋਣ ਕਮਿਸ਼ਨਰ ਨੂੰ ਮਿਲਿਆ

### ਨਾਮਜ਼ਦਗੀਆਂ ਦੀ ਪੜਤਾਲ ਮੌਕੇ ਵੀਡੀਓਗ੍ਰਾਫੀ ਕਰਵਾਉਣ ਦੀ ਮੰਗ

**ਚੰਡੀਗੜ੍ਹ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਵਫਦ ਨੇ ਸੂਬਾ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਪੰਚਾਇਤ ਚੋਣਾਂ 'ਚ ਨਾਮਜ਼ਦਗੀ ਦੇ ਆਖ਼ਰੀ ਦਿਨ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਵੇਲੇ ਵੀਡੀਓਗ੍ਰਾਫੀ ਕਰਵਾਉਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਵਿਰੋਧੀ ਧਿਰ ਦੇ ਉਮੀਦਵਾਰਾਂ ਦੀ ਖੱਜਲ- ਖੁਆਰੀ ਰੋਕਣ ਲਈ ਰਿਟਰਨਿੰਗ ਅਫ਼ਸਰਾਂ ਕੋਲ ਚੁੱਲ੍ਹਾ ਟੈਕਸ ਜਾਂ ਕੋਈ ਹੋਰ ਬਕਾਇਆ ਜਮ੍ਹਾਂ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਅਰਸ਼ਦੀਪ ਸਿੰਘ ਕਲੇਰ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੀ ਮੌਜੂਦ ਸਨ। ਰਾਜ ਚੋਣ ਕਮਿਸ਼ਨਰ ਨਾਲ ਮੁਲਾਕਾਤ ਤੋਂ ਬਾਅਦ ਡਾ. ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਦੀਆਂ ਵੱਖ-ਵੱਖ ਥਾਵਾਂ ਤੋਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਕਿ ਬੀਡੀਪੀਓ ਸਮੇਤ ਚੋਣ ਅਧਿਕਾਰੀ ਆਪੋ-ਆਪਣੇ ਦਫਤਰਾਂ 'ਚ ਬੈਠਣ ਦੀ ਥਾਂ ਸੱਤਾਧਾਰੀ ਪਾਰਟੀ ਦੇ ਮੰਤਰੀਆਂ, ਵਿਧਾਇਕਾਂ ਤੇ ਹੋਰ ਅਹੁਦੇਦਾਰਾਂ ਦੇ ਦਫਤਰਾਂ ਅਤੇ ਘਰਾਂ 'ਚ ਬੈਠੇ ਹਨ। ਉਨ੍ਹਾਂ ਕਿਹਾ ਕਿ 'ਆਪ' ਇਨ੍ਹਾਂ ਅਫਸਰਾਂ ਦੀ ਦੁਰਵਰਤੋਂ ਵਿਰੋਧੀ ਧਿਰ ਦੇ ਆਗੂਆਂ ਨੂੰ ਐੱਨਓਸੀ ਤੇ ਚੁੱਲ੍ਹਾ ਟੈਕਸ ਦੀਆਂ ਰਸੀਦਾਂ ਦੇਣ ਤੋਂ ਇਨਕਾਰ ਕਰਨ ਵਾਸਤੇ ਕਰ ਰਹੀ ਹੈ।

ਵਫਦ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਸੂਬਾ ਪੱਧਰ 'ਤੇ ਸਪੈਸ਼ਲ ਕੰਟਰੋਲ ਰੂਮ ਬਣਾਏ ਜਾਣ ਅਤੇ ਜਿਥੇ ਕਿਤੇ ਵੀ ਕੋਈ ਵਿਵਾਦ ਦੀ ਖਬਰ ਆਵੇ, ਉਥੇ ਤੁਰੰਤ ਜ਼ਿਲ੍ਹਾ ਅਧਿਕਾਰੀ ਭੇਜੇ ਜਾਣ।

ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ ਨੇ ਭਾਜਪਾ ਹਾਈਕਮਾਂਡ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ।



ਰਾਜ ਚੋਣ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਦਾ ਹੋਇਆ ਸ਼੍ਰੋਮਣੀ ਅਕਾਲੀ ਦਲ ਦਾ ਵ.ਫਦ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ

## ਪੰਚਾਇਤੀ ਚੋਣਾਂ ਕਾਰਨ ਨਹੀਂ ਹੋਇਆ 'ਆਪ' ਵਰਕਰ ਦਾ ਕਤਲ



**ਮਾਨਸਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਆਮ ਆਦਮੀ ਪਾਰਟੀ ਦੇ ਵਰਕਰ ਦਾ ਪਿੰਡ ਖੈਰਾ ਖੁਰਦ ਵਿੱਚ ਕੀਤੇ ਕਤਲ ਦਾ ਮਾਮਲਾ ਪੁਲੀਸ ਨੇ ਕੁੱਝ ਘੰਟਿਆਂ ਵਿੱਚ ਹੱਲ ਕਰ ਲਿਆ। ਪੁਲੀਸ ਅਨੁਸਾਰ ਇਹ ਮਾਮਲਾ ਪੰਚਾਇਤੀ ਚੋਣਾਂ ਦਾ ਨਹੀਂ, ਸਗੋਂ ਇੱਕ ਲੜਕੀ ਨਾਲ ਕੁੱਝ ਸਮਾਂ ਪਹਿਲਾਂ ਹੋਈ ਛੇੜ-ਛਾੜ ਦਾ ਨਿਕਲਿਆ ਹੈ। ਮਾਨਸਾ ਦੇ ਐੱਸਐੱਸਪੀ ਭਾਗੀਰਥ ਸਿੰਘ ਮੀਨਾ ਨੇ ਅੱਜ ਇਥੇ ਬਾਅਦ ਦੁਪਹਿਰ ਪ੍ਰੈੱਸ ਕਾਨਫੰਰਸ ਦੌਰਾਨ ਦੱਸਿਆ ਕਿ ਕੱਲ੍ਹ ਥਾਣਾ ਸਰਦੂਲਗੜ੍ਹ ਦੇ ਪਿੰਡ ਖੈਰਾ ਖੁਰਦ ਵਿੱਚ ਰਾਧੇ ਸ਼ਾਮ (39) ਦਾ ਜੋ ਕਤਲ ਹੋਇਆ ਸੀ, ਉਸ ਸਬੰਧ ਵਿੱਚ ਪੁਲੀਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਮਤੀਦਾਸ ਅਤੇ ਭਰਤ ਸਿੰਘ ਉਰਫ ਚਾਨਣ ਰਾਮ ਵਾਸੀ ਖੈਰਾ ਖੁਰਦ ਨੂੰ ਮੋਟਰਸਾਈਕਲ ਨੰ. ਐੱਚਆਰ-24ਵੀ-5810 ਸਣੇ ਪਿੰਡ ਝੰਡਾ ਕਲਾਂ ਤੋਂ ਨਾਕੇ ਦੌਰਾਨ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਰਾਧੇ ਸ਼ਾਮ ਵਾਸੀ ਖੈਰਾ ਖੁਰਦ ਦਾ ਰਾਤ ਸਮੇਂ ਕਤਲ ਕਰ ਦਿੱਤਾ ਗਿਆ ਸੀ ਅਤੇ ਉਸ ਦੀ ਕਾਰ ਪੀਬੀ 31 ਪੀ 5373 ਦੀ ਵੀ ਭੰਨ ਤੋੜ ਕੀਤੀ ਗਈ ਸੀ। ਇਸ ਸਬੰਧੀ ਐਡਵੋਕੇਟ ਅਭੈ ਰਾਮ ਵਾਸੀ ਖੈਰਾ ਖੁਰਦ ਦੇ ਬਿਆਨ 'ਤੇ ਕੇਸ ਦਰਜ ਕੀਤਾ ਗਿਆ ਸੀ।

## ਮਿੰਨੀ ਕਹਾਣੀਆਂ




### ਟਿਊਸ਼ਨ

• ਇਕਵਾਕ ਸਿੰਘ ਪੱਟੀ

ਉਜਾਗਰ ਸਿੰਘ ਸੱਥ ਵਿਚ ਬੈਠੇ ਬੰਦਿਆਂ ਨੂੰ ਦੱਸਣ ਲੱਗਾ ਕਿ ਜਦ ਉਹ ਆਪਣੇ ਪੋਤੇ ਨੂੰ ਸਕੂਲ ਦਾਖਲ ਕਰਵਾਉਣ ਗਿਆ ਤਾਂ ਹਰ ਚੀਜ਼ ਸਕੂਲ ਤੋਂ ਲੈਣੀ ਪਈ ਜਿਵੇਂ ਕਾਪੀਆਂ, ਪੈਂਸਿਲਾਂ, ਪੈੱਨ, ਫੱਟਾ, ਰਬੜ-ਸ਼ਾਪਨਰ, ਜੁਮੈਟਰੀ, ਕਿਤਾਬਾਂ, ਬੈਗ, ਕਾਪੀਆਂ ਦੇ ਕਵਰ, ਬੂਟ-ਜੁਰਾਬਾਂ, ਪੈਂਟ-ਕਮੀਜ਼, ਟਾਈ-ਬੈਲਟ, ਬੈਚ, ਰੁਮਾਲ ਅਤੇ ਹੋਰ ਬਹੁਤ ਨਿੱਕ-ਸੁੱਕ ਦੇ ਨਾਲ ਮੋਟੀ ਫ਼ੀਸ। ਹਰ ਚੀਜ਼ ਤੇ ਸਕੂਲ ਦਾ ਨਾਂ ਛਪਿਆ ਹੋਇਆ ਸੀ।

ਇਹ ਸੁਣ ਗੁਰਬਚਨ ਸਿੰਘ ਕਹਿਣ ਲੱਗਾ, 'ਚੱਲ ਰੱਬ ਨੇ ਦਿੱਤਾ ਹੈ ਤਾਂ ਬੱਚਿਆਂ ਤੇ ਹੀ ਖਰਚ ਕਰਨਾ ਆਪਾਂ, ਨਾਲੇ ਮਹਿੰਗੇ ਤੇ ਵਧੀਆ ਸਕੂਲ ਵਿੱਚ ਪੜ੍ਹਾਈ ਵਧੀਆ ਕਰ ਲਊਗਾ ਜੁਆਕ।' ਪੜ੍ਹਾਈ ਵਾਲੀ ਗੱਲ ਸੁਣਦਿਆਂ ਵਿਚੋਂ ਹੀ ਟੋਕ ਕੇ ਉਜਾਗਰ ਸਿੰਘ ਕਹਿਣ ਲੱਗਾ, 'ਪੜ੍ਹਾਈ ਲਈ ਤਾਂ ਟਿਊਸ਼ਨ ਰਖਵਾਈ ਆ ਬਾਹਰ। ਸਕੂਲਾਂ ਵਿਚ ਤਾਂ ਬੱਸ ਹੁਣ ਕਾਰੋਬਾਰ ਹੀ ਹੁੰਦਾ ਪੜ੍ਹਾਉਣ-ਲਿਖਾਉਣ ਦੇ ਕੰਮ ਦਾ ਤਾਂ ਬੱਸ ਰੱਬ ਹੀ ਰਾਖਾ...! •

### ਸ਼ਰਾਧ




ਅੱਜ ਪ੍ਰਸ਼ੋਨੀ ਨੇ ਆਪਣੇ ਸਹੁਰੇ ਦੇ ਪਿਤਾ ਦਾ ਸ਼ਰਾਧ ਪਾਉਣਾ ਹੈ। ਉਹ ਪੂਰੀ ਤਿਆਰੀ ਕਰ ਕੇ ਪੰਡਿਤ ਦੇ ਆਉਣ ਦੀ ਉਡੀਕ ਵਿਚ ਹੈ ਪਰ ਬ੍ਰਾਹਮਣ ਨੇ ਪਹਿਲਾਂ ਹੋਰ ਕਈ ਘਰਾਂ ਦੇ ਸ਼ਰਾਧ ਖਾਣ ਜਾਣਾ ਹੈ, ਜਿਸ ਕਰਕੇ ਕਾਫ਼ੀ ਦੇਰ ਹੋ ਗਈ। ਘਰ ਦੇ ਛੋਟੇ-ਛੋਟੇ ਬੱਚੇ ਦੇਰ ਕਾਰਨ ਭੁੱਖ ਨਾਲ ਵਿਲਕ ਦੇ ਦਾਦੇ ਤੋਂ ਦੇਖੇ ਨਾ ਗਏ।

ਮਨ ਵਿਚ ਸੋਚਦਾ ਹੋਇਆ ਆਪਣੀ ਨੂੰਹ ਨੂੰ ਬੋਲਿਆ, 'ਬਹੂ ਰਾਣੀ, ਇਨ੍ਹਾਂ ਬੱਚਿਆਂ ਨੂੰ ਭੁੱਖਾ ਕਿਉਂ ਮਾਰਿਆ ਹੈ। ਦੇਖ ਤਾਂ ਭਾਈ ਇਨ੍ਹਾਂ ਦਾ ਕਿੰਨਾਂ ਬੁਰਾ ਹਾਲ ਹੋਇਆ ਪਿਆ ਹੈ...!' ਆਪਣੀ ਬਹੂ (ਨੂੰਹ ਰਾਣੀ) ਨੂੰ ਤਾਕੀਦ ਕਰਦਾ ਸਹੁਰਾ ਬੋਲਿਆ, 'ਲਿਆ ਭਾਈ ਇਨ੍ਹਾਂ ਬੱਚਿਆਂ ਨੂੰ ਖਾਣ ਨੂੰ ਦੇ, ਜੋ ਕੁਝ ਮੇਰੇ ਪਿਤਾ ਦੇ ਸ਼ਰਾਧ ਲਈ ਤਿਆਰ ਕੀਤਾ ਹੈ। ਭੁੱਖ ਨਾਲ ਵਿਲਕਦੇ ਬੱਚਿਆਂ ਨੂੰ ਭੋਜਨ ਸਮੇਂ ਸਿਰ ਖਵਾ ਦੇਣਾ ਹੀ ਸ਼ਰਾਧ ਖਵਾਉਣ ਤੋਂ ਵੀ ਮਹਾਨ ਤੇ ਸ਼ੁਭ ਕੰਮ ਹੈ।' ਦਾਦਾ ਬੱਚਿਆਂ ਨੂੰ ਰੋਟੀ (ਸ਼ਰਾਧ) ਖਾਂਦਿਆਂ ਵੇਖ ਕੇ ਬਹੁਤ ਹੀ ਖ਼ੁਸ਼ੀ ਮਹਿਸੂਸ ਕਰ ਰਿਹਾ ਸੀ ਤੇ ਸੋਚ ਰਿਹਾ ਸੀ 'ਅਸਲ ਸ਼ਰਾਧ ਤਾਂ ਮੈਂ ਅੱਜ ਪਾਇਆ ਹੈ'।

• ਰਣਜੀਤ ਆਜ਼ਾਦ ਕਾਂਝਲਾ

# ਉਸਤਾਦ ਗ਼ਜ਼ਲਗੋ ਗੁਰਦੀਪ ਭਾਟੀਆ 'ਦੀਪ'



ਅਮਰਜੀਤ ਸਿੰਘ ਸੰਧੂ
ਮੋਬਾਈਲ : 94636-13528

> ਗੁਰਦੀਪ ਨੇ ਮਲੇਰਕੋਟਲੇ ਇਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਸਾਧੂ ਸਿੰਘ ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰਕੋਟਲੇ ਦੇ ਸਾਹਿਤਕ ਹਲਕਿਆਂ ਵਿਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇਕ 'ਫੇਰੀ ਲਾਉਣ ਵਾਲੇ' ਦੇ ਸਮਾਗਮ ਵਿਚ ਹਮਦਰਦ ਨਾ ਆਇਆ ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੀ ਵਾਅਦਾ ਨਿਭਾਉਣੀ ਫ਼ਿਤਰਤ ਦੇ, ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ...

ਗੁਰਦੀਪ ਭਾਟੀਆ ਨੂੰ ਮੈਂ ਉਸ ਦੀ ਅੱਲ੍ਹੜ ਉਮਰ ਤੋਂ ਜਾਣਦਾ ਹਾਂ। ਉਦੋਂ ਉਹ ਆਪਣੀ ਗੋਤ 'ਭਾਟੀਆ' ਨੂੰ ਹੀ ਤਖ਼ੱਲਸ ਦੇ ਤੌਰ 'ਤੇ ਵਰਤਿਆ ਕਰਦਾ ਸੀ। 'ਦੀਪ' ਉਪਨਾਮ ਤਾਂ ਉਸ ਨੂੰ ਡਾ. ਸਾਧੂ ਸਿੰਘ ਹਮਦਰਦ ਨੇ ਲਾਡ ਨਾਲ ਦਿੱਤਾ ਸੀ, ਜੋ ਭਾਟੀਆ ਨੇ ਤਗਮੇ ਵਾਂਗ ਆਪਣੇ ਦਿਲ 'ਤੇ ਅਤੇ ਕਲਗੀ ਵਾਂਗ ਆਪਣੀ ਦਸਤਾਰ 'ਤੇ ਸਜਾ ਲਿਆ। ਹਮਦਰਦ 'ਦੀਪ' ਨੂੰ ਆਪਣੇ ਪੁੱਤਰਾਂ ਸਮਾਨ ਹੀ ਸਮਝਿਆ ਕਰਦਾ ਸੀ। ਮੈਨੂੰ ਯਾਦ ਹੈ ਜਦ ਦੀਪ ਨੇ ਮਲੇਰ ਕੋਟਲੇ ਇਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰ ਕੋਟਲੇ ਦੇ ਸਾਹਿਤਕ ਹਲਕਿਆਂ ਵਿਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇਕ 'ਫੇਰੀ ਲਾਉਣ ਵਾਲੇ' ਦੇ ਸਮਾਗਮ ਵਿਚ ਹਮਦਰਦ ਨਾ ਆਇਆ। ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੀ ਵਾਅਦਾ ਨਿਭਾਉਣੀ ਫ਼ਿਤਰਤ ਦੇ ਕਿ ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ।

ਮੈਨੂੰ ਇਹ ਵੀ ਯਾਦ ਹੈ, ਜਦੋਂ ਅਸੀ ਪਹਿਲੀ ਵਾਰ 1975 ਵਿਚ 'ਅਰਸ਼ਦੀਪ' ਮਾਸਿਕ ਪੱਤਰ ਸ਼ੁਰੂ ਕੀਤਾ ਸੀ। ਪਰਚਾ ਸੰਪਾਦਤ ਕਰ ਦੇ ਸਮੇਂ ਕਈ ਵਾਰ ਸੰਪਾਦਕ ਦੀਆਂ ਮਜਬੂਰੀਆਂ ਗ਼ੈਰਤਮੰਦ ਲੇਖਕਾਂ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾ ਜਾਂਦੀਆਂ ਹਨ। ਦੀਪ ਨਾਲ ਵੀ ਸਾਡੇ ਵੱਲੋਂ ਕੁਝ ਐਸਾ ਹੀ ਵਾਪਰ ਗਿਆ। ਮੈਂ ਵੇਖਿਆ ਹੈ, ਵੱਡੇ-ਵੱਡੇ ਲੇਖਕ ਵੀ ਸੰਪਾਦਕ ਦੀ ਵਧੀਕੀ ਨੂੰ ਮਾਂ ਦਾ ਦੁੱਧ ਸਮਝ ਕੇ ਪੀ ਜਾਂਦੇ ਹਨ ਪਰ ਦੀਪ ਨੇ ਐਸੀ ਅਣਖ ਭਰੀ ਚਿੱਠੀ ਲਿਖੀ ਜਿਸ ਨੇ ਮੈਨੂੰ ਸਦਾ ਵਾਸਤੇ ਉਸ ਦਾ ਮਦਾਹ ਬਣਾ ਦਿੱਤਾ ਤੇ ਅੱਜ ਤਕ ਮੈਂ ਉਸ ਦੇ ਅਣਖੀ ਸੁਭਾਅ ਦਾ ਕਾਇਲ ਹਾਂ। ਮੇਰੀ ਤੇ ਦੀਪ ਦੀ ਦੋਸਤੀ ਦਾ ਰਾਜ਼ ਵੀ ਸਾਡੀ ਅਣਖੀ-ਸਾਂਝ ਹੀ ਹੈ।

ਦੀਪ ਨੇ ਕਦੀ ਹਲਕੇ ਜਾਂ ਬੇ-ਵਜ਼ਨੇ ਸ਼ਿਅਰ ਕਹੇ ਹੋਣਗੇ, ਮੈਨੂੰ ਯਾਦ ਨਹੀ। ਉਹ ਸਦਾ ਬੁਲੰਦ ਪਰਵਾਜ਼ ਅਤੇ ਸਮ-ਤੋਲ ਵਜ਼ਨ ਲੈ ਕੇ ਹੀ ਪਾਠਕਾਂ/ਸਰੋਤਿਆਂ ਦੇ ਰੂਬਰੂ ਹੋਇਆ ਹੈ। ਇਸ ਪ੍ਰਾਪਤੀ ਵਿਚ ਉਸ ਦੇ ਮਾਣਯੋਗ ਉਸਤਾਦ ਜਨਾਬ ਸੁਦਰਸ਼ਨ ਕੰਵਲ, ਮਲੇਰ ਕੋਟਲੇ ਵਾਲੇ, ਦਾ ਹੱਦੋਂ ਵੱਧ ਯੋਗਦਾਨ ਹੈ। ਦੀਪ ਦੱਸਦਾ ਹੈ ਕਿ ਜਦ ਵੀ ਉਸ ਨੇ ਆਪਣੇ ਉਸਤਾਦ ਜੀ ਨੂੰ ਗ਼ਜ਼ਲ ਸੁਣਾਉਣੀ ਉਨ੍ਹਾਂ ਨੇ ਬੜੇ ਧਿਆਨ ਨਾਲ ਸੁਣਨੀ, ਪਰ ਨਾਲ ਹੀ ਕਹਿ ਦੇਣਾ 'ਇਸ ਨੂੰ ਪਾੜ ਦੇ, ਹੋਰ ਲਿਖ।' ਬੇਸ਼ਕ ਦੀਪ ਨੇ ਮਨ ਵਿਚ ਮਹਿਸੂਸ ਕਰਨਾ ਕਿ ਦੋਸਤਾਂ ਵੱਲੋਂ ਐਨੀ ਸਲਾਹੀ ਜਾਣ ਵਾਲੀ ਗ਼ਜ਼ਲ ਨੂੰ 'ਪਾੜ ਦੇਣ' ਵਾਸਤੇ ਕਿਉਂ ਕਿਹਾ ਜਾ ਰਿਹਾ ਹੈ, ਪਰ ਉਸ ਨੇ ਉਹ ਗ਼ਜ਼ਲ ਪਾੜ ਹੀ ਦੇਣੀ ਤੇ ਹੋਰ ਗ਼ਜ਼ਲ ਉਸ ਤੋਂ ਵੀ ਵੱਧ ਮਿਹਨਤ ਅਤੇ ਚੌਕਸੀ ਨਾਲ ਲਿਖਣੀ, ਭਾਵੇਂ ਅੰਜਾਮ ਉਸ ਦਾ ਵੀ ਉਹੋ ਹੀ ਹੋਣਾ। ਇਸ ਮੁਸੱਲਸਲ ਰਿਆਜ਼ ਦੀ ਕੁਠਾਲੀ ਨੇ ਦੀਪ ਦੀ ਗ਼ਜ਼ਲ ਨੂੰ ਕੁੰਦਨ ਬਣਾ ਕੇ ਹੀ ਗ਼ਜ਼ਲ-ਖੇਤਰ ਵਿਚ ਪ੍ਰਵੇਸ਼ ਕਰਵਾਇਆ। ਜਿਸ ਕਾਰਨ ਸ਼ੁਰੂ ਤੋਂ ਹੀ ਗ਼ਜ਼ਲਗੋਆਂ ਵਿਚ ਦੀਪ ਦਾ ਠੁੱਕ ਬੱਝ ਗਿਆ।

ਦੀਪ ਦੇ ਸ਼ਿਅਰ ਹਮੇਸ਼ਾ ਖ਼ਿਆਲ, ਵਜ਼ਨ ਅਤੇ ਵਿਆਕਰਨ ਪੱਖੋਂ ਸੰਪੂਰਨ ਹੁੰਦੇ ਹਨ। ਉਸ ਦੀ ਗ਼ਜ਼ਲ ਦਾ ਮੀਰੀ-ਗੁਣ ਸਪਸ਼ਟਤਾ ਤੇ ਸਾਦਗੀ ਹੈ। ਜਦੋਂ ਭਾਟੀਆ ਦਾ ਪਹਿਲਾ ਗ਼ਜ਼ਲ-ਸੰਗ੍ਰਹਿ 'ਸੁਲਗਦੇ ਅਹਿਸਾਸ' ਛਪ ਰਿਹਾ ਸੀ ਤਾਂ ਮੈਂ ਉਸ ਨੂੰ ਕਿਹਾ ਕਿ ਇਸ ਕਿਤਾਬ ਦੇ ਛਪ ਜਾਣ ਪਿੱਛੋਂ ਇਸ ਪਾਏ ਦੀ ਹੋਰ ਗ਼ਜ਼ਲ-ਪੁਸਤਕ ਪੰਜਾਬੀ ਸਾਹਿਤ ਵਿੱਚੋਂ ਲੱਭਣੀ ਮੁਸ਼ਕਿਲ ਹੋ ਜਾਵੇਗੀ। ਇਸ ਦਾ ਉਹ ਹਮੇਸ਼ਾਂ ਇਹੋ ਹੀ ਉੱਤਰ ਦਿੰਦਾ ਹੈ ਕਿ ਤੁਹਾਡੀ ਸੰਗਤ ਦਾ ਹੀ ਫਲ ਹੈ। ਪਿੱਛੇ ਜਿਹੇ ਇਕ ਬਹੁਤ ਹੀ ਪਿਆਰੇ ਵਿਦਵਾਨ ਦੋਸਤ ਨੇ ਦੀਪ ਨੂੰ ਕਿਹਾ ਕਿ ਕੁਝ ਲਫ਼ਜ਼ ਏਧਰ-ਓਧਰ ਕਰ ਲਿਆ ਕਰ, ਤੇਰੇ ਸ਼ਿਅਰ ਤਾਂ ਬਿਲਕੁਲ ਵਾਰਤਕ ਵਰਗੇ ਹੀ ਹੁੰਦੇ ਨੇ। ਜਦ ਦੀਪ ਨੇ ਇਹ ਗੱਲ ਮੈਨੂੰ ਦੱਸੀ ਤਾਂ ਮੇਰੇ ਮੂੰਹੋਂ ਇਕ ਦਮ ਨਿਕਲਿਆ-'ਬਸ ਬਸ ਬਸ, ਸਾਨੂੰ ਇਹੋ ਹੀ ਰੀਮਾਰਕਸ ਚਾਹੀਦੇ ਸਨ। ਇਹ ਤੁਹਾਡੇ ਸ਼ਿਅਰਾਂ ਲਈ ਸਨਦ ਹੋ ਗਈ ਭਾਟੀਆ! ਅਸਲ ਸ਼ਾਇਰੀ ਹੈ ਹੀ ਉਹੀ ਜੋ ਵਜ਼ਨ, ਬਹਿਰ, ਕਾਫ਼ੀਆ, ਰਦੀਫ਼ ਆਦਿ ਅਰੂਜ਼ ਤੇ ਪਿੰਗਲ ਦੀਆਂ ਸਾਰੀਆਂ ਬੰਦਸ਼ਾਂ ਵਿਚ ਪੂਰੀ ਉੱਤਰਦੀ ਹੋਈ ਵੀ ਵਾਰਤਕ ਵਰਗੀ ਸਰਲ ਤੇ ਵਿਆਕਰਨ ਪੱਖੋਂ ਬਿਲਕੁਲ ਵਾਰਤਕ ਜਿੰਨੀ ਹੀ ਸਹੀ ਹੋਵੇ। ਦੀਪ ਤੂੰ ਸ਼ਾਇਰੀ ਦੇ ਇਮਤਿਹਾਨ ਵਿੱਚੋਂ ਪਾਸ ਹੀ ਨਹੀ ਹੋਇਆ, ਸਗੋਂ ਮੈਂ ਸਮਝਦਾ ਹਾਂ ਕਿ 'ਗੋਲਡ-ਮੈਡਲਿਸਟ' ਹੋ ਗਿਆ।' ਮੇਰੇ ਇਸ ਕਥਨ ਦੀ ਪ੍ਰੋੜਤਾ ਲਈ ਕੁਝ ਸ਼ਿਅਰ ਵੰਨਗੀ ਦੇ ਤੌਰ ਤੇ ਵੇਖੋ :

*ਕਹੀਂ ਨਾ, ਚਾਰ ਅੱਖਰ ਹੀ ਲਿਖੇ ਨੇ।*
*ਮੁਹੱਬਤ ਹੈ ਤਾਂ ਏਨੇ ਹੀ ਬੜੇ ਨੇ।*

*ਝੂਠ ਨੂੰ ਝੂਠ ਕਿਹਾ, ਉਸ ਨੂੰ ਬੁਰਾ ਲਗਦਾ ਹੈ।*
*ਮੈਨੂੰ ਉਹ ਵਕਤ ਦੀ ਸਰਕਾਰ ਜਿਹਾ ਲਗਦਾ ਹੈ।*

*ਚੜ੍ਹਦੀ ਸਵੇਰ ਦੇ ਗਈ ਅਖ਼ਬਾਰ, ਦੇਖੀਏ!*
*ਕੀ ਕੀ ਹਨੇਰ ਪਾ ਰਿਹੈ ਸੰਸਾਰ, ਦੇਖੀਏ!*

ਇਨ੍ਹਾਂ ਸ਼ਿਅਰਾਂ ਦੇ ਖ਼ਿਆਲਾਂ ਨੂੰ ਜੇ ਵਾਰਤਕ ਵਿਚ ਵੀ ਲਿਖਣਾ ਹੋਵੇ ਤਾਂ ਆਪਾਂ ਇਸ ਵਿਚ ਕੀ ਤਬਦੀਲੀ ਕਰ ਸਕਾਂਗੇ? ਬਸ, ਇਹ ਗੁਣ ਸ਼ਾਇਰੀ ਦਾ ਸਿਖ਼ਰ ਹੈ, ਜੋ ਦੀਪ ਨੇ ਪ੍ਰਾਪਤ ਕਰ ਲਿਆ ਹੈ।

ਕਲਾ ਵਿਚ ਜਦੋਂ ਕੋਈ ਕਲਾਕਾਰ ਆਪਣੀ ਕਲਾ ਵਿਚ 'ਮਾਸਟਰੀ' ਹਾਸਿਲ ਕਰ ਲਵੇ ਤਾਂ ਉਸ ਨੂੰ 'ਉਸਤਾਦ' ਦਾ ਰੁਤਬਾ ਮਿਲ ਜਾਂਦਾ ਹੈ, ਚਾਹੇ ਉਸ ਦਾ ਕੋਈ ਹਕੀਕੀ ਸ਼ਾਗਿਰਦ ਨਾ ਵੀ ਹੋਵੇ। ਭਾਟੀਏ ਨੂੰ 'ਉਸਤਾਦੀ' ਦੀ ਸਨਦ ਤਾਂ ਕਦੋਂ ਦੀ ਮਿਲ ਚੁੱਕੀ ਹੈ ਪਰ ਹੁਣ ਉਸ ਦੇ ਆਪਣੇ ਕਈ ਸ਼ਾਗਿਰਦ ਵੀ ਹਨ ਜਿਨ੍ਹਾਂ ਨੂੰ ਉਹ ਸਹੀ ਸੇਧ ਦੇ ਕੇ ਮੰਜ਼ਿਲੇ-ਮਕਸੂਦ ਤੱਕ ਪਹੁੰਚਾਉਣ ਦੇ ਆਹਰ ਵਿੱਚ ਹੈ। ਹੋਣਹਾਰ ਸ਼ਾਇਰ ਸਰਬਜੀਤ ਸਿੰਘ 'ਜੀਤ' ਉਸ ਦੇ ਉੱਤਮ ਗ਼ਜ਼ਲਾਂ ਕਹਿਣ ਵਾਲੇ ਸ਼ਾਗਿਰਦਾਂ ਵਿੱਚੋਂ ਸਿਰਕੱਢ ਸ਼ਾਗਿਰਦ ਹੈ। ਭਾਟੀਆ ਆਪਣੇ ਕੋਲ ਮਿਲਣ ਆਏ ਕਿਸੇ ਵੀ ਨੌਜਵਾਨ ਸ਼ਇਰ ਨੂੰ ਸਹੀ ਸੇਧ ਦੇਣ ਤੋਂ ਕਦੀ ਨਹੀ ਉੱਕਦਾ। ਕਈ ਵਾਰ ਜਦੋਂ ਅੱਜ ਦੇ ਕਮ-ਚੋਰ ਸ਼ਾਇਰ ਮੁਫ਼ਤ ਮਿਲੀ 'ਅਕਲ' ਨੂੰ ਵੀ ਲੈਣ ਤੋਂ ਆਨਾ-ਕਾਨੀ ਕਰਦੇ ਹਨ ਅਤੇ ਇਸ ਦਾ ਮਨ ਹੀ ਮਨ ਵਿਚ ਬੁਰਾ ਮਨਾਉਂਦੇ ਹਨ ਤਾਂ ਭਾਟੀਆ ਆਪ-ਮੁਹਾਰੇ ਕਹਿ ਰਹਿ ਉੱਠਦਾ ਹੈ :

*ਹਰਿਕ ਸ਼ਾਇਰ ਦੀ ਕੌੜੀ ਅੱਖ,*
*ਰਹਿੰਦੀ ਹੈ ਮੇਰੇ ਵੱਲ ਹੀ,*
*ਬੜਾ ਮਹਿੰਗਾ ਪਿਐ ਮੈਨੂੰ ਗ਼ਜ਼ਲ ਦਾ ਪਾਰਖੂ ਹੋਣਾ।*

ਬੇ-ਗੁਰੇ ਸ਼ਾਇਰ, ਜਿਨ੍ਹਾਂ ਨੇ ਆਪ ਕਿਸੇ ਉਸਤਾਦ ਨੂੰ ਉਸਤਾਦ ਨਹੀ ਮੰਨਿਆ, ਪਰ ਆਪ ਨੌਜਵਾਨ ਸ਼ਾਇਰਾਂ ਤੋਂ ਗੋਡੀ ਹੱਥ ਲਗਵਾਉਣ ਦੀ ਲਾਲਸਾ ਨੂੰ ਤਿਆਗ ਨਹੀ ਸਕਦੇ, ਉਨ੍ਹਾਂ ਬਾਰੇ ਭਾਟੀਏ ਦੇ ਵਿਅੰਗ ਦੇ ਤੀਰ ਬੜੇ ਕਾਟਵੇਂ ਹੁੰਦੇ ਹਨ। ਜਿਵੇਂ :

*ਅਜੋਕੇ ਦੌਰ ਵਿਚ ਕੋਈ ਵੀ ਸ਼ਿਸ਼ ਬਣਨਾ ਨਹੀ ਚਹੁੰਦਾ,*
*ਜਦੋਂ ਕਿ ਲੋਚਦੈ ਹਰ ਕੋਈ, ਹਰ ਇਕ ਦਾ ਗੁਰੂ ਹੋਣਾ।*

1990 ਦੇ ਕਰੀਬ ਇਕ ਦਿਨ ਦੀਪ ਆਪਣੇ ਦੋਹਾਂ ਬੱਚਿਆਂ ਨਾਲ, ਦਕੋਹੇ ਦੇ ਹੀ ਗੁਆਂਢੀ ਪਿੰਡ, ਢਿਲਵਾਂ ਵਿਚ ਸਕੂਟਰ 'ਤੇ ਜਾਂਦਾ ਮਿਲ ਪਿਆ। ਮੈਨੂੰ ਐਨੀ ਖ਼ੁਸ਼ੀ ਹੋਈ ਜਿਵੇਂ ਮੈਨੂੰ ਕੋਈ ਬੜੀ ਹੀ ਦੁਰਲੱਭ ਚੀਜ਼ ਮਿਲ ਗਈ ਹੋਵੇ। ਜਦੋਂ ਦੀਪ ਨੇ ਦੱਸਿਆ ਕਿ ਉਹ ਢਿਲਵਾਂ ਵਿਚ ਹੀ ਡਾਕਟਰੀ ਦੀ ਪ੍ਰੈਕਟਿਸ ਕਰ ਰਿਹਾ ਹੈ ਤਾਂ ਮੈਂ ਦੰਗ ਰਹਿ ਗਿਆ। ਮਲੇਰ ਕੋਟਲੇ ਵਿਚ ਪਰਚੂਨ, ਬਜਾਜੀ ਆਦਿ ਦੀ ਦੁਕਾਨ ਕਰਦਾ ਕਰਦਾ ਉਹ ਡਾਕਟਰ ਕਿਵੇਂ ਬਣ ਗਿਆ? ਪਰ ਇਹ ਵੀ ਦੀਪ ਦੇ ਦ੍ਰਿੜ-ਇਰਾਦੇ ਦਾ ਹੀ ਕ੍ਰਿਸ਼ਮਾ ਕਹਿ ਲਵੋ ਕਿ ਉਸ ਦਾ ਰੋਟੀ-ਰੋਜ਼ੀ ਦੇ ਮਸਲੇ ਵਿਚ ਜਿੱਥੇ ਵੀ ਨਹੁੰ ਅੜਿਆ, ਉਸ ਨੇ ਉੱਥੋਂ ਹੀ ਉੱਪਰ ਵੱਲ ਚੜ੍ਹਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਤੇ ਸਫਲ ਵੀ ਹੋਇਆ।

ਅਸਲ ਵਿਚ ਦੀਪ ਦੀ ਕਿਸਮਤ ਅਤੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੀ ਠਿੱਬੀ ਨੇ ਹੀ ਉਸ ਨੂੰ ਮੇਰੇ ਗੁਆਂਢ ਲਿਆ ਸੁੱਟਿਆ ਸੀ। ਮਿੱਤਰਾਂ ਪਿਆਰਿਆਂ ਦੀ ਮਾਰੀ ਹੋਈ ਇਹ ਲੱਤ ਕੁੱਬੇ ਦਾ ਕੁੱਬ ਕੱਢ ਗਈ। ਹੁਣ ਉਸ ਕੋਲ ਆਪਣਾ ਘਰ ਹੈ। 'ਕਾਮਯਾਬ ਡਾਕਟਰੀ ਕਲੀਨਿਕ' ਵੱਲੋਂ 'ਭਾਟੀਆ' ਦੇ ਸੁਭਾਅ ਅਨੁਸਾਰ ਉਹ ਫਿਰ ਬਜਾਜੀ ਵੱਲ ਛਾਲ ਮਾਰ ਕੇ, ਆਪਣੇ ਹੋਣਹਾਰ, ਆਗਿਆਕਾਰ ਅਤੇ ਬੜੀ ਹੀ ਪਿਆਰੀ ਤਬੀਅਤ ਵਾਲੇ ਖ਼ੂਬਸੂਰਤ ਬੇਟੇ ਸੁਮੀਤ ਨਾਲ ਰਾਮਾ ਮੰਡੀ (ਜਲੰਧਰ) ਵਿਚ ਪ੍ਰਮੁੱਖ ਬਜਾਜ ਬਣ ਬੈਠਾ। ਪਰ ਰੁਜ਼ਗਾਰ ਦੇ ਪੜੁੱਲ 'ਤੇ ਉਹ ਹੋਰ ਕਈ ਛਾਲਾਂ ਮਾਰਨ ਮਗਰੋਂ ਅੱਜ-ਕਲ੍ਹ ਡਰੋਲੀ ਕਲਾਂ ਦੇ ਕਾਲਜ ਦੇ ਸਾਹਮਣੇ ਆਪਣਾ ਸੁਹਣਾ 'ਰਿਫਰੈਸ਼ਮੈਂਟ ਹੋਮ' ਚਲਾ ਰਿਹਾ ਹੈ। ਪਰ ਮਲੇਰ ਕੋਟਲਾ ਛੱਡਣ ਦੀਆਂ ਕੌੜੀਆਂ ਕੁਸੈਲੀਆਂ ਯਾਦਾਂ ਨੂੰ ਉਹ ਨਾ ਭੁੱਲਾ ਸਕਿਆ, ਨਾ ਭੁੱਲ ਸਕੇਗਾ। ਇਸ ਸਾਰੇ ਘਟਨਾ-ਚੱਕਰ ਦੀ ਗੁਆਹੀ ਉਸ ਦੇ ਸ਼ਿਅਰ ਭਰਦੇ ਹਨ। ਜਿਵੇਂ :

*ਸੌਤ-ਬਿਗਾਨੇ ਲੋਕਾਂ ਵਿਚ, ਤੇ ਅਪਣੇ ਘਰ ਤੋਂ ਦੂਰ,*
*ਕੋਈ ਕਿਸੇ ਮਜਬੂਰੀ ਵੱਸ ਹੀ ਕਰਦਾ ਹੈ ਪਰਵਾਸ।*



ਆਪਣੇ ਹੋ ਕੇ ਵੀ ਔਕੜ ਵੇਲੇ ਮੂੰਹ ਮੋੜ ਲੈਣ ਵਾਲੇ 'ਆਪਣਿਆਂ' ਬਾਰੇ ਉਹ ਖ਼ੂਬ ਕਹਿੰਦਾ ਹੈ :

*ਉਨ੍ਹਾਂ ਨੂੰ ਮੇਰਿਆਂ ਜ਼ਖ਼ਮਾਂ ਦੀ ਪੀੜ ਹੋਵੇ ਕਿਵੇਂ,*
*ਉਹ ਸਿਰਫ਼ 'ਆਪਣੇ' ਨੇ, ਦੁਖ-ਸੁਖ ਦੇ ਭਾਈਵਾਲ ਨਹੀਂ।*

ਦੀਪ ਬਹੁਤ ਮਿਹਨਤੀ ਸੁਭਾਅ ਦਾ ਸ਼ਖ਼ਸ ਹੈ। ਉਹ ਸੱਚ ਕਹਿੰਦਾ ਹੈ :

*ਨਿਰਧਨ ਸਹੀ ਧਨ ਵਾਲਿਓ, ਬੇਕਾਰ ਨਹੀ ਹਾਂ।*
*ਇਕ ਠੋਸ ਹਕੀਕਤ ਹਾਂ, ਸਮਾਚਾਰ ਨਹੀ ਹਾਂ।*

ਦੀਪ ਨੂੰ ਬਹੁਤ ਛੋਟੀਆਂ ਛੋਟੀਆਂ ਕਿਰਤਾਂ ਵੀ ਕੀਤੀਆਂ। ਉਸ ਨੇ ਫੇਰੀ ਲਾਈ, ਕਰਿਆਨੇ ਦੀ ਦੁਕਾਨ ਕੀਤੀ, ਕਮੇਟੀਆਂ ਪਾਈਆਂ, ਲੱਕੀ ਸਕੀਮਾਂ ਚਲਾਈਆਂ, ਇਲੈਕਟਰੀਕਲ ਸ਼ੋ-ਰੂਮ ਤੋਂ ਬਾਅਦ ਬਜਾਜੀ ਦਾ ਕੰਮ ਕੀਤਾ, ਬਾਕਾਇਦਾ ਡਾਕਟਰੀ ਸਿੱਖਿਆ ਲਈ ਤੇ ਕਾਮਯਾਬ ਕਲੀਨਿਕ ਚਲਾਉਣ ਮਗਰੋਂ ਹੁਣ ਫਿਰ ਬਜਾਜੀ ਦੇ ਕੰਮ ਵੱਲੋਂ ਖੁਆਉਣ-ਪਿਲਾਉਣ ਦੀ ਸੇਵਾ ਵੱਲ ਆਉਣ ਤਕ ਉਸ ਨੇ ਕਿਸੇ ਕੰਮ ਨੂੰ ਛੋਟਾ ਸਮਝ ਕੇ ਹੀਣਤਾ ਮਹਿਸੂਸ ਨਹੀ ਕੀਤੀ ਤੇ ਨਾ ਹੀ ਵੱਡੇ ਕੰਮ ਦਾ ਕਦੀ ਗ਼ਰੂਰ ਹੀ ਕੀਤਾ। ਉਸ ਨੇ ਤੰਗੀਆਂ-ਤੁਰਸ਼ੀਆਂ ਵਿਚ ਵੀ ਆਪਣੇ ਆਪ ਨੂੰ ਤੇ ਬੀਵੀ-ਬੱਚਿਆਂ ਨੂੰ ਇਉਂ ਹੀ ਹੌਸਲਾ ਦਿੱਤਾ ਹੈ :

*'ਅਜੇ ਨਾ ਹਾਰਿਓ ਦਿਲ', ਦਿਲ ਦੀ ਬਾਤ ਕਹਿੰਦੀ ਹੈ।*
*'ਗੁਜ਼ਰ ਹੀ ਜਾਏਗੀ, ਭੁੱਖਿਆਂ ਨੂੰ ਰਾਤ' ਕਹਿੰਦੀ ਹੈ।*

ਪਰ ਦੁੱਖ ਤਾਂ ਦੁੱਖ ਹੈ, ਦੁੱਖ ਦਾ ਅਹਿਸਾਸ ਜੇ ਇਕ ਸ਼ਾਇਰ ਦੇ ਦਿਲ ਨੂੰ ਨਹੀ ਹੋਵੇਗਾ ਤਾਂ ਕਿਸ ਨੂੰ ਹੋਵੇਗਾ?

*ਨਹੀ ਅੱਖੀਆਂ 'ਚ ਜੇ ਅੱਥਰੂ,*
*ਇਦ੍ਹਾ ਇਹ ਅਰਥ ਨਹੀਂ ਯਾਰੋ,*
*ਕਿ ਲੱਗੀ ਠੇਸ ਦਾ ਇਸ ਦਿਲ ਨੂੰ*
*ਦੁੱਖ ਨਾ ਪਹੁੰਚਿਆ ਹੋਵੇ।*

ਜਿਸ ਬੋਟ ਨੂੰ ਜੰਮਣ ਵਾਲੇ ਆਲ੍ਹਣੇ ਵਿੱਚੋਂ ਧੱਕਾ ਦੇ ਦੇਣ, ਉਸ ਦਾ ਤਾਂ ਫਿਰ ਅੱਲਾ ਹੀ ਬੇਲੀ ਹੁੰਦਾ ਹੈ। ਸੋ 'ਪੀਂਦੇ ਹੋ ਤੁਰਿਆ ਵਾਰਿਸ ਸ਼ਾਹ ਜੇਹਾ' ਦੀ ਹਾਲਤ ਵਿਚ ਜਦੋਂ ਦੀਪ ਆਪਣਿਆਂ ਦਾ ਹੀ ਸਤਾਇਆ ਹੋਇਆ, ਘਰ-ਬਾਰ ਤਿਆਗ ਕੇ ਪਰਦੇਸੀ ਹੋ ਤੁਰਿਆ ਤਾਂ ਵੀ ਦੋਖੀਆਂ ਨੇ ਉਸ ਤੇ ਆਵਾਜ਼ੇ ਕੱਸੇ ਤੇ ਦੂਸ਼ਣ ਲਾਏ। ਦੋਸਤਾਂ ਨੇ ਉਸ ਦੀ ਮਜਬੂਰੀ ਸਮੇਂ ਮਦਦ ਤਾਂ ਕੀ ਕਰਨੀ ਸੀ, ਉਲਟਾ ਉਸ ਨੂੰ ਜ਼ਲੀਲ ਕਰਨ ਦੀ ਪੂਰੀ ਵਾਹ ਲਾ ਦਿੱਤੀ। ਦੀਪ ਸਭ ਕੁਝ ਛੱਡ-ਛਡਾ ਕੇ, ਆਪਣੇ ਰੌਸ਼ਨ ਖ਼ਿਆਲਾਂ ਨੂੰ ਹੀ ਆਪਣੀ ਜੀਵਨ-ਪੂੰਜੀ ਸਮਝਦਾ, ਸੰਭਾਲਦਾ ਹੋਇਆ ਜਲੰਧਰ ਆਣ ਲੱਥਾ :

*ਇਕ ਲੁੱਟ ਨਾ ਹੋਏ ਓਸ ਤੋਂ, ਮੇਰੇ ਖ਼ਿਆਲ 'ਦੀਪ',*
*ਬਾਕੀ ਸਮਾਨ ਜੋ ਵੀ ਸੀ, ਬੋਰੀ 'ਚ ਪਾ ਲਿਆ।*

ਜਲੰਧਰ ਆਏ ਨੂੰ ਉਸ ਨੂੰ ਜਿਵੇਂ ਪੰਜਾਬੀ ਦੇ ਪ੍ਰਖ਼ਤਾ ਗ਼ਜ਼ਲਗੋਅ ਸੁਖਵੰਤ ਪੱਟੀ ਨੇ ਬੋਚ ਲਿਆ, ਉਸ ਦੇ ਪ੍ਰਭਾਵ ਥੱਲੇ ਦੀਪ ਆਪ-ਮੁਹਾਰੇ ਕਹਿ ਉੱਠਿਆ :

*ਨਾ ਖ਼ੂਨ ਦਾ ਦਾਅਵਾ ਹੈ, ਨਾ ਜ਼ਾਤ ਦਾ ਰੌਲ਼ਾ ਹੈ,*
*ਇਕ ਵੱਖਰੀ ਸਕੀਰੀ ਹੈ ਦੁਖ-ਸੁਖ ਦੇ ਖ਼ਿਆਲਾਂ ਦੀ।*

ਦੀਪ ਬੜੀ ਗਹਿਰ ਗੰਭੀਰ ਤਬੀਅਤ ਦਾ ਮਾਲਿਕ ਹੈ ਪਰ ਜਦ ਉਹ ਮੇਰੇ ਜਿਹੇ ਚੋਣਵੇਂ ਦੋਸਤਾਂ ਕੋਲ ਆਪਣੇ ਦੁੱਖ-ਸੁਖ ਸਾਂਝੇ ਕਰਦਾ ਹੈ ਤਾਂ ਉਸ ਦਾ ਸ਼ਿਅਰ ਆਪਣੇ ਆਪ ਸਿਰ ਚੜ੍ਹ ਬੋਲ ਉੱਠਦਾ ਹੈ :

*ਜਿਵ੍ਹੇ ਚਿਹਰੇ 'ਤੇ ਇਕ ਸੰਜਮ ਜਿਹੀ*
*ਮੁਸਕਾਨ ਰਹਿੰਦੀ ਹੈ,*
*ਕੀ ਉਸ ਦੇ ਮਨ 'ਚ ਸੋਚਾਂ ਦਾ*
*ਖਿਲਾਰਾ ਹੋ ਨਹੀ ਸਕਦਾ?*

*ਨਹੀ ਅੱਖੀਆਂ 'ਚ ਜੇ ਅੱਥਰੂ,*
*ਇਦ੍ਹਾ ਇਹ ਅਰਥ ਨਹੀ ਯਾਰੋ,*
*ਕਿ ਲੱਗੀ ਠੇਸ ਦਾ ਇਸ ਦਿਲ ਨੂੰ,*
*ਦੁੱਖ ਨਾ ਪਹੁੰਚਿਆ ਹੋਵੇ।*

ਪਰ ਅੱਜ ਦੀਪ ਆਪਣੀਆਂ ਤੰਗੀਆਂ-ਤੁਰਸ਼ੀਆਂ ਤੇ ਮਜਬੂਰੀਆਂ ਨੂੰ ਦ੍ਰਿੜ ਇਰਾਦੇ, ਹੌਸਲੇ ਤੇ ਮਿਹਨਤ ਦੇ ਪੈਰਾਂ ਹੇਠ ਦਰੜਦਾ ਹੋਇਆ, ਰਿਸ਼ਤੇਦਾਰੀਆਂ, ਸਮਾਜ ਅਤੇ ਸਾਹਿਤਕ ਖੇਤਰ ਵਿਚ ਆਪਣੀ ਹੋਂਦ ਦਾ ਰੜਕਵਾਂ ਅਹਿਸਾਸ ਕਰਵਾ ਰਿਹਾ ਹੈ। ਕਈ ਵਾਰ ਤਾਂ ਉਹ ਚਹਿਚਹਾ ਵੀ ਉੱਠਦਾ ਹੈ :

*ਉਹ ਉਂਗਲਾਂ ਮੂੰਹ 'ਚ ਪਾਉਂਦੇ ਨੇ*
*ਜੋ ਦਾਅਵੇ ਨਾਲ ਕਹਿੰਦੇ ਸੀ,*
*ਅਸਾਂ ਨੇ ਡੋਬ ਦਿੱਤੈ 'ਦੀਪ',*
*ਹੁਣ ਇਹ ਤਰ ਨਹੀ ਸਕਦਾ।*

ਦੀਪ ਮੇਰਾ ਬੜੇ ਤਰਸੇਵੇਂ ਦਾ ਦੋਸਤ ਹੈ। ਅਸੀ ਸਰੀਰਕ ਤੌਰ 'ਤੇ ਹੀ ਇਕ ਦੂਜੇ ਦੇ ਨੇੜੇ ਨਹੀ ਰਹੇ, ਸਗੋਂ ਖ਼ਿਆਲਾਂ ਤੇ ਮੁਹੱਬਤ ਦੇ ਪੱਖੋਂ ਵੀ ਅਤੇ ਮਾਨਸਿਕ ਤੌਰ ਤੇ ਵੀ ਇਕ ਦੂਜੇ ਦੇ ਸਾਂਝੀ ਅਤੇ ਪੂਰਕ ਹਾਂ। ਉਸ ਦੇ ਗੁਣਾਂ ਨੂੰ ਮੈਂ ਆਪਣੇ ਗੁਣ ਸਮਝਦਾ ਹੋਇਆ ਫ਼ਖ਼ਰ ਮਹਿਸੂਸ ਕਰਦਾ ਹਾਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਆਪਣੀਆਂ ਕਮਜ਼ੋਰੀਆਂ ਸਮਝਕੇ ਕਬੂਲ ਕਰਨ ਵਿਚ ਮੈਨੂੰ ਕੋਈ ਝਿਜਕ ਨਹੀ ਹੈ। ਮੇਰੀ ਹਰ ਵੇਲੇ ਇਹੀ ਦੁਆ ਰਹਿੰਦੀ ਹੈ ਕਿ ਪਰਮਾਤਮਾ ਉਸ ਦੀ ਸੋਚ ਨੂੰ ਸਦਾ ਹੀ ਇਸੇ ਤਰ੍ਹਾਂ ਸਹੀ ਦਿਸ਼ਾ ਪ੍ਰਦਾਨ ਕਰਦਾ ਰਹੇ ਅਤੇ ਦੀਪ ਇਕ ਇਨਸਾਨ ਅਤੇ ਇਕ ਸ਼ਾਇਰ ਦੇ ਤੌਰ ਤੇ ਹੋਰ ਬੁਲੰਦੀਆਂ ਹਾਸਿਲ ਕਰੇ। ਬੇਸ਼ੱਕ ਦੀਪ ਇਉਂ ਵੀ ਕਹਿੰਦਾ ਫਿਰੇ :

*ਉਹ ਜਦੋਂ ਮਿਲਦੇ ਨੇ, 'ਦੀਵਾਨ' ਦੀ ਗੱਲ ਕਰਦੇ ਨੇ,*
*'ਦੀਪ' ਸ਼ਾਇਰ ਲਈ 'ਦੀਵਾਨ' ਜ਼ਰੂਰੀ ਤਾਂ ਨਹੀਂ।*

ਪਰ ਹਕੀਕਤ ਇਹ ਹੈ ਕਿ ਅੱਜ ਗੁਰਦੀਪ ਭਾਟੀਆ 'ਦੀਪ' ਦੇ ਗ਼ਜ਼ਲ-ਮਜਮੂਇਆਂ ('ਸੁਲਘਦੇ-ਅਹਿਸਾਸ' ਅਤੇ 'ਸ਼ੀਸ਼ੇ ਦਾ ਕੀ ਕਸੂਰ?') ਦਾ ਸਾਹਿਬ-ਕਿਤਾਬ ਹੈ ਤੇ ਇਨ੍ਹਾਂ ਦੋਹਾਂ ਕਿਤਾਬਾਂ ਨੂੰ ਪਾਠਕਾਂ ਵੱਲੋਂ ਐਨਾ ਪਿਆਰ ਮਿਲਿਆ ਹੈ ਕਿ ਕਈ ਵਾਰ ਭਾਟੀਆ 'ਤੇ ਰਸ਼ਕ ਹੋ ਆਉਂਦਾ ਹੈ। ਪ੍ਰਮਾਤਮਾ ਭਾਟੀਆ ਦੀ ਕਲਮ ਨੂੰ ਹੋਰ ਬਲ ਬਖ਼ਸ਼ੇ ਤੇ ਕਲਾਮ ਨੂੰ ਹੋਰ ਬੁਲੰਦੀ। •

## ਦੋਹੇ

ਬਾਗੀਂ ਖਿੜੇ ਬਹਾਰ ਕੀ, ਮਾਲੀ ਮਿਲੇ ਮਕਾਰ।
ਖ਼ੁਦ ਹੀ ਧਰਤ ਸੁਆਰੀਏ, ਖ਼ੁਦ ਹੀ ਚੁਣੀਏ ਖ਼ਾਰ।

ਮੌਤ ਮੁਲਤਵੀ ਰਹੇਗੀ, ਹਾਲੇ ਕੁਝ ਕੁ ਸਾਲ।
ਉਨ੍ਹਾਂ ਖੰਜਰ ਖੋਭਿਆ, ਏਸ ਮੁਹਾਰਤ ਨਾਲ।

ਭਖਦੇ ਮੁੱਦੇ ਭੁੱਲ ਕੇ, ਵਿਕ ਜਾਂਦੀ ਹੈ ਵੋਟ।
ਦਿੰਦਾ ਜਦ ਦਸ ਨੰਬਰੀ, ਦੋ ਨੰਬਰ ਦੇ ਨੋਟ।

ਸੱਚੀ-ਸੁੱਚੀ ਕਿਰਤ ਨੂੰ, ਮਿਲਿਆ ਇਹ ਸਨਮਾਨ।
ਖ਼ਾਲੀ ਘਰ ਦੇ ਬੋਝ ਨੇ, ਕੀਤੀ ਕਮਰ ਕਮਾਨ।

ਹੋਸ਼ 'ਚ ਗੁੰਨ੍ਹ ਕੇ ਜੋਸ਼ ਨੂੰ, ਸਿਖ ਜੂਝਣ ਦੀ ਜਾਚ।
ਕੇਵਲ ਅੰਨ੍ਹੇ ਜੋਸ਼ ਵਿਚ, ਜਾਂਦੀ ਹੋਸ਼ ਗੁਆਚ।

ਸਾਡੀ ਖ਼ਾਤਰ ਸ਼ਖ਼ਸ ਜੋ, ਜੂਝੇ ਉਮਰ ਤਮਾਮ।
ਕਿਸ ਕੀਤੇ ਇਤਿਹਾਸ 'ਚੋਂ, ਉਹ ਸੂਰੇ ਗੁੰਮਨਾਮ।

ਹੱਥ ਖ਼ੁਦਾ ਦੇ ਡੋਰੀਆਂ, ਕੁਝ ਨਾ ਸਾਡੇ ਹੱਥ।
ਰੱਖਣ ਜਿਹੜੇ ਸੋਚ ਇਹ, ਰਹਿੰਦੇ ਖ਼ਾਲੀ ਹੱਥ।

ਖ਼ੁਦ ਸਰਕਾਰੀ ਮਾਲ ਨੂੰ, ਨੇਤਾ ਜੀ ਬੁੱਕ ਲਾਉਣ।
ਭੁੱਖੇ ਨੰਗਿਆਂ ਵਾਸਤੇ, ਬੁੱਕੀਂ ਵੜੇ ਪਕਾਉਣ।

ਹੋਵੇ ਖ਼ੂਨ ਸਫ਼ੈਦ ਜਦ, ਮਨ ਵਿਚ ਵਧੇ ਖਟਾਸ।
ਕਰਦੀ ਫੇਰ ਖਟਾਸ ਇਹ, ਨਹੁਆਂ ਤੋਂ ਵੱਖ ਮਾਸ।

ਰਹਿੰਦਾ ਹੈ ਉਹ ਤੜਪਦਾ, ਭਰਦਾ ਨਾ ਪਰਵਾਜ਼।
ਜਿਹੜਾ ਨਜ਼ਰੋਂ ਡਿੱਗ ਕੇ, ਹੁੰਦਾ ਨਜ਼ਰ-ਅੰਦਾਜ਼।

ਇਸ ਥਾਂ ਕਿਸੇ ਬਹਾਰ ਦੇ, ਮਿਲਦੇ ਕਿਵੇਂ ਨਿਸ਼ਾਨ।
ਰੱਬ ਸਬੰਧੀ ਬਣਦੀਆਂ, ਕੁਝ ਕਣੀਆਂ ਮਹਿਮਾਨ।



• ਹਰਮਿੰਦਰ ਸਿੰਘ ਕੋਹਾਰਵਾਲਾ, ਮੋਬਾਈਲ : 98768-73735

## ਗ਼ਜ਼ਲਾਂ

ਮੇਰੀ ਮਾਸੂਮੀਅਤ ਦੇ ਪੰਖ ਉੱਤੇ ਭਾਰ ਇੰਨਾਂ ਪਾਉ ਨਾ।
ਉੱਡਣ ਦਿਉ ਉੱਚਾ ਅੰਬਰੀਂ ਮੈਨੂੰ ਬਹੁਤਾ ਤਰਸਾਉ ਨਾ।

ਬੋਝ ਵੀ ਮੈਂ ਝੱਲ ਸਕਦਾਂ ਰਹਿ ਸਕਦਾਂ ਖੂਹਾਂ ਦੇ ਵਿਚ,
ਲੇਕਿਨ ਮੇਰੇ ਮੁੱਖ ਤੋਂ ਖ਼ੁਸ਼ੀ ਤੇ ਬਚਪਨ, ਚੁਰਾਉ ਨਾ।

ਪਲ ਵਿਚ ਹੀ ਲੰਘ ਜਾਣਾ ਏ ਸਮਾਂ ਨੰਨੀਆਂ ਖੇਡਾਂ ਦਾ,
ਏ ਖੇਡ ਮੁਨਾਫ਼ੇ ਵਾਲੀ ਦਾ ਮੈਨੂੰ ਹਿੱਸਾ ਅਜੇ ਬਣਾਉ ਨਾ।

ਕੀ ਜਾਤਾਂ, ਕੀ ਧਰਮ ਤੇ ਕੀ ਕਰਨਾ ਮੈਂ ਉਪਦੇਸ਼ਾਂ ਨੂੰ,
ਜਿਊਣ ਜੋਗੀ ਧਰਤ ਉੱਤੇ ਪਲ ਫ਼ੁਰਸਤ ਦੇ ਦਿਵਾਉ ਨਾ।

ਨਾ ਮੈਂ ਚਾਹਾਂ ਮਹਿਲ ਮੁਨਾਰੇ ਤੇ ਨਾ ਚਾਹਾਂ ਵਸਤਾਂ ਨੂੰ,
ਮੈਨੂੰ ਮੇਰੀ ਮਾਂ ਦੀ ਗੋਦੀ ਤੇ ਪਿਉ ਦਾ ਲਾਡ ਭੁਲਾਉ ਨਾ।

ਮਾਰ ਉਡਾਰੀਆਂ ਉੱਚੀਆਂ ਪਹੁੰਚੇ ਦੂਰ ਸਭ ਹਾਣੀ ਮੇਰੇ,
ਪੁੱਜ ਜਾਵਾਂਗਾ ਰੀਂਗ ਕੇ ਨੈਂ ਵੀ ਰਾਹ ਤੋਂ ਮੈਨੂੰ ਭਟਕਾਉ ਨਾ।

ਲੰਬੀਆਂ ਵਾਟਾਂ ਦਾ ਹਾਂ ਰਾਹੀ ਚਾਹੇ ਕਦਮ ਛੋਟੇ ਨੇ ਮੇਰੇ,
ਹਨੇਰਿਆਂ ਵਿਚਾਲੇ ਖੜ੍ਹ ਕੇ ਮੇਰਾ ਰਾਹ ਕੋਈ ਰੁਸ਼ਨਾਉ ਨਾ।



• ਕੁਲਦੀਪ ਹੰਸਪਾਲ, ਮੋਬਾਈਲ : 8872521400

ਰੋਈ ਤਿਤਲੀ ਮਾਲੀ ਰੋਏ।
ਬਾਗੀਂ ਫ਼ੁੱਲ ਕਲੀ ਨੇ ਮੋਏ ।

ਐਵੇਂ ਨਜ਼ਰਾਂ ਰਾਹਾਂ ਤੱਕਣ ,
ਆਵੇ ਨਾ ਉਹ ਲੋਏ ਲੋਏ ।

ਐਸੇ ਉਹ ਪਰਦੇਸ ਗਏ ਨੇ ,
ਮੁੜ ਨਾ ਖੁੱਲ੍ਹੇ ਬੂਹੇ ਢੋਏ।

ਦਿਲਬਰ ਬਣ ਕੇ ਕਹਿਰ ਗੁਜ਼ਾਰੇ ,
ਰਾਹੀਂ ਮੇਰੇ ਥੋਹਰ ਬੋਏ।

ਰੋਸ਼ਨ ਕਰਦੇ ਜੋ ਮਨ ਮੇਰਾ,
ਕੋਈ ਐਸਾ ਸੂਰਜ ਹੋਏ ।

ਮੌਲਾ ਵੈਰੀ ਬਣਿਆ ਮੇਰਾ,
ਲੱਭੇ ਨਾਹੀ ਮੋਤੀ ਖੋਏ।



• ਕਰਮਜੀਤ ''ਦਿਉਣ''
ਮੋਬਾਈਲ : 94672-95003

## ਕਵਿਤਾਵਾਂ

### ਹੰਝੂ

ਬੜਾ ਮੁਸ਼ਕਿਲ ਸੀ ਤੈਨੂੰ ਦਿਲ ਦੀ ਸੁਣਾਉਣਾ।
ਨੈਣਾਂ 'ਚ ਰੱਖਣੇ ਹੰਝੂ ਤੇ ਝੂਠਾ ਮੁਸਕਰਾਉਣਾ।

ਜੁਗਨੂੰਆਂ ਦੇ ਕਾਫ਼ਲੇ ਤੋਂ ਸੂਰਜ ਦੀ ਅੱਗ ਮੰਗਣੀ,
ਤੇ ਹਨੇਰੇ 'ਚ ਗ਼ਮ ਦੀ ਲਾਟ ਦਾ ਜਗਮਗਾਉਣਾ।

ਉਦਾਸੀ ਰੁੱਤ ਦੇ ਗਲ ਲੱਗ ਰੋਣਾ ਅਕਸਰ,
ਪਤਝੜ 'ਚ ਬਹਾਰ ਦਾ ਭਰਮ ਬਣਾਉਣਾ।

ਉੱਡਣ ਨਾ ਦੇਣਾ ਯਾਦਾਂ ਦੇ ਪੰਖੇਰੂ ਨੂੰ,
ਮਿਲਣੇ ਦੀ ਤਾਂਘ ਵਿਚ ਜ਼ਿੰਦਗੀ ਬਿਤਾਉਣਾ।

ਸੌਖਾ ਨਹੀ ਸੀ, ਤੈਨੂੰ ਲਿਖੇ ਖ਼ਤ ਸਾੜ ਦੇਣੇ,
ਫਿਰ ਰਾਖ ਨੂੰ ਸੀਨੇ ਲਾ ਹੰਝੂ ਵਹਾਉਣਾ।



• ਮਨਿੰਦਰ ਕੌਰ 'ਬਸੀ', ਮੋਬਾਈਲ : 98784-38722

### ਮਾਂ ਦੀ ਸੇਵਾ

ਮਾਂ ਧਰਤੀ ਦਾ ਰੱਬ ਹੈ ਦੂਜਾ
ਮਾਂ ਦੀ ਕਰੋ ਹਮੇਸ਼ਾ ਪੂਜਾ
ਮਾਂ ਦੀ ਮਮਤਾ 'ਚ ਅਥਾਹ ਸ਼ਕਤੀ
ਮਾਂ ਦੀ ਕਰੋ ਸੇਵਾ ਭਗਤੀ
ਮਾਂ ਦਾ ਕਰਜ਼ ਉਤਾਰ ਨਾ ਸਕੇ ਕੋਈ
ਜੋ ਦੁੱਖ ਦੇਵੇ ਮਾਂ ਨੂੰ, ਮਿਲੇ ਨਾ ਉਸ ਨੂੰ ਢੋਈ
ਮਾਂ ਦਾ ਦਿਲ ਜਿਸ ਨੇ ਵੀ ਦੁਖਾਇਆ
ਦੁੱਖ ਤੋਂ ਛੁਟਕਾਰਾ ਉਸ ਕਦੇ ਨਾ ਪਾਇਆ
ਸਦਾ ਹੀ ਮਾਂ ਨੂੰ ਪੁੱਤ 'ਤੇ ਤਰਸ ਹੈ ਆਇਆ
ਨਾ ਉਸ ਨੂੰ ਸਮਝਿਆ ਉਸ ਕਦੇ ਪਰਾਇਆ
ਵਿਰਦੀ ਜੋ ਕਰਨ ਮਾਂ ਦੀ ਰੱਜ ਕੇ ਸੇਵਾ
ਦੋਹੀਂ ਜਹਾਨੀਂ ਮਿਲੇ ਉਨ੍ਹਾਂ ਨੂੰ ਮੇਵਾ।



• ਅਮਰਜੀਤ ਸਿੰਘ ਵਿਰਦੀ

### ਫੱਟ ਮੁਹੱਬਤਾਂ ਦੇ

ਮਿਲਦੇ ਨਹੀਂ ਲੱਭੇ ਹੋਏ ਡੂੰਘੇ ਫੱਟ ਮੁਹੱਬਤਾਂ ਦੇ।
ਭੁਲਾਇਆਂ ਵੀ ਨਹੀਂ ਭੁੱਲਦੇ ਬੀਤੇ ਝੱਟ ਮੁਹੱਬਤਾਂ ਦੇ।

ਬਾਹਰੋਂ ਦੇਖਣ ਨੂੰ ਤਾਂ ਬੁੱਤ ਪੂਰਾ-ਸੂਰਾ ਦਿਸਦਾ ਹੈ,
ਅੰਦਰੋਂ ਘੁਣ ਵਾਂਗੂ ਜਾਂਦੇ ਨੇ ਦੁੱਖ ਚੱਟ ਮੁਹੱਬਤਾਂ ਦੇ।

ਹੁਸਨ ਕਹਿੰਦਾ 'ਤੇ ਇੰਨ੍ਹ ਪੈਂਦੇ ਲਾਉਂਦੇ ਜਾਨ ਦੀ ਬਾਜ਼ੀ,
ਮੱਛੀ ਦੀ ਥਾਂ ਡੁੱਬੇ ਜਾਂਦੇ ਵੀ ਪੱਟ ਮੁਹੱਬਤਾਂ ਦੇ।

ਰੋਗ ਉਮਰਾਂ ਦਾ ਬਣ ਜਾਂਦੀ ਕੀਤੀ ਏ ਘੜੀਆਂ ਦੀ ਭੁੱਲ,
ਜਦੋਂ ਲੇਖਾਂ ਵਿਚ ਲਿਖੇ ਹੋਣ, ਲੇਖੇ ਘੱਟ ਮੁਹੱਬਤਾਂ ਦੇ।

ਜਗ ਰੁੱਸਦੇ ਤਾਂ ਰੁੱਸ ਜਾਵੇ ਇਸ ਗੱਲ ਦਾ ਝੋਰਾ ਨਹੀਂ,
ਜਰਨੇ ਬੜੇ ਨੇ ਔਖੇ ਮੱਥੇ ਪਏ ਵੱਟ ਮੁਹੱਬਤਾਂ ਦੇ।

ਚੀਮੇ ਬੇਵਸੀਆਂ ਵੱਸ ਪੈ ਕੇ ਹਾਰਦੇ ਇਸ਼ਕੇ ਦੀ ਬਾਜ਼ੀ,
ਸੱਚੇ ਹੁੰਦਿਆਂ ਝੂਠੇ ਮਿਹਣੇ ਲਏ ਖੱਟ ਮੁਹੱਬਤਾਂ ਦੇ।



• ਅਮਰਬੀਰ ਸਿੰਘ ਚੀਮਾ, ਮੋਬਾਈਲ : 98889-40211

# ਇਤਿਹਾਸਕ ਨਾਵਲ ਸੂਰਜ ਦੀ ਅੱਖ



ਹਰਪਾਲ ਸਿੰਘ ਪੰਨੂ
ਮੋਬਾਈਲ 94642-51454

> ਸਰਕਾਰ ਖ਼ਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂਪੀ ਦੇ ਗਰੀਬ ਲੋਕ ਤਾਂ ਖੇਡਦੇ ਦੇਖੇ, ਇਕ ਦੂਜੇ ਉੱਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ। ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ...

*(ਲੜੀ ਜੋੜਨ ਲਈ ਅਦਬ ਦਾ 3 ਸਤੰਬਰ ਦਾ ਅੰਕ ਦੇਖੋ)*

ਮੇਰਾ ਰਣਜੀਤ ਸਿੰਘ ਉੱਤੇ ਲਿਖਿਆ ਲੇਖ ਪੜ੍ਹਕੇ ਇਕ ਮਿੱਤਰ ਨੇ ਫੋਨ ਕੀਤਾ, ਕਿਹਾ-ਤੇਰੀ ਲਿਖਤ ਪੜ੍ਹ ਲਈ ਹੈ। ਇਹ ਦੱਸ, ਰਣਜੀਤ ਸਿੰਘ ਵਿਚ ਕੋਈ ਨੁਕਸ ਨਹੀ ਸੀ? ਮੈਂ ਕਿਹਾ-ਤੇਰੀ ਲਿਖਤ ਪੜ੍ਹੀ ਸੀ, ਇਹ ਦੱਸ ਰਣਜੀਤ ਸਿੰਘ ਵਿਚ ਗੁਣ ਨਹੀ ਸੀ? ਔਗੁਣ ਹੀ ਔਗੁਣ ਲਿਖੇ ਦੇਖੇ ਤਾਂ ਸਮਤੋਲ ਕਾਇਮ ਕਰਨ ਲਈ ਮੈਂ ਗੁਣ ਹੀ ਗੁਣ ਲਿਖ ਦਿੱਤੇ। ਜੇ ਤੂੰ ਕੋਈ ਗੁਣ ਲਿਖਦਾ, ਮੈਂ ਕੋਈ ਔਗਣ ਵੀ ਲਿਖ ਸਕਦਾ ਫਿਰ।

ਰਣਜੀਤ ਸਿੰਘ ਨੂੰ ਲਾਹੌਰ ਵਿਚ ਹੋਲੀ ਖੇਡਦਾ ਦਿਖਾਇਆ ਹੈ, ਸ਼ਰਾਬ ਪੀਤੀ ਹੋਈ ਹੈ, ਹਾਥੀ ਉੱਪਰ ਮੋਰਾਂ ਆਪਣੇ ਨਾਲ ਬਿਠਾ ਰੱਖੀ ਹੈ, ਰੰਗ ਪਾਉਂਦਿਆਂ ਪਾਉਂਦਿਆਂ ਸਰਦਾਰ ਇਕ ਦੂਜੇ ਨੂੰ ਪੱਥਰ ਮਾਰਨ ਲੱਗਦੇ ਹਨ, ਜੁੱਤੀਆਂ ਮਾਰਨ ਲੱਗਦੇ ਹਨ। ਸਰਕਾਰ ਖ਼ਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂਪੀ ਦੇ ਗਰੀਬ ਲੋਕ ਤਾਂ ਖੇਡਦੇ ਦੇਖੇ ਹਨ, ਇਕ ਦੂਜੇ ਉੱਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ। ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ।

ਆਪਣੇ ਵਜ਼ੀਰਾਂ, ਅਫ਼ਸਰਾਂ ਨਾਲ ਗੱਲਾਂ ਕਰਦਿਆਂ ਰਣਜੀਤ ਸਿੰਘ ਤੋਂ ਜਿਹੜੇ ਵਾਕ ਬੁਲਵਾਏ ਹਨ ਉਹ ਨੀਵੀਂ ਪੱਧਰ ਦੇ ਹਨ। ਚੇਤੇ ਰਹੇ ਕਿ ਰਣਜੀਤ ਸਿੰਘ ਦੇ ਵਡੇਰੇ [illegible] ਸੀ। ਮਹਾਰਾਜੇ ਦੇ ਬਾਬਾ ਚੜ੍ਹਤ ਸਿੰਘ ਦਾ ਬਾਬਾ, ਬੁੱਢਾ ਸਿੰਘ ਗੁਰੂ ਹਰਿਰਾਇ ਦਾ ਸਿੱਖ ਸਜਿਆ ਜਿਸ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਤੇ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਸੂਰਮਗਤੀ ਦੇ ਜੌਹਰ ਦਿਖਾਏ। ਮਿਸਲ ਸ਼ੁਕਰਚੱਕ ਦੀ ਸਥਾਪਨਾ ਬੁੱਢਾ ਸਿੰਘ ਨੇ ਕਰ ਦਿੱਤੀ ਸੀ। ਇਨ੍ਹਾਂ ਸਰਦਾਰਾਂ ਵਿਚ ਬੋਲ ਬਾਣੀ ਦਾ ਸਲੀਕਾ ਪੁਸ਼ਤਾਂ ਤੋਂ ਤੁਰਿਆ ਆਇਆ ਸੀ। ਵੈਸੇ ਵੀ ਮਝੈਲ, ਰਹਿਣ-ਸਹਿਣ, ਬੋਲਣ-ਚਲਣ ਵਿਚ ਬਾਕੀ ਦੇ ਪੰਜਾਬੀਆਂ ਤੋਂ ਅੱਗੇ ਸਨ ਤੇ ਹਨ।

ਜੋ ਕੁਝ ਸਾਡੇ ਸਾਹਮਣੇ ਪਏ ਸਰੋਤਾਂ ਵਿਚ ਮੌਜੂਦ ਹੈ, ਉਹ ਉਵੇਂ ਦਾ ਉਵੇਂ ਪਾਠਕਾਂ ਅੱਗੇ ਨਹੀਂ ਰੱਖਣਾ ਹੁੰਦਾ। ਛਾਣਨੀ ਨਹੀਂ ਤਾਂ ਰੋਟੀਆਂ ਵਿਚ ਕੋਕੜੂ, ਕੰਕਰ ਆਉਣਗੇ ਹੀ ਆਉਣਗੇ। ਸਾਲ 1975 ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ ਸੀ। ਵਿਦਵਾਨਾਂ ਨੇ ਖੋਜ ਪੱਤਰ ਲਿਖੇ, ਪੜ੍ਹੇ।

ਡਾ. ਫੌਜਾ ਸਿੰਘ ਨੇ ਇਕ ਲੇਖ ਵਿਚ ਗੁਲਾਮ ਹੁਸੈਨ ਦਾ ਹਵਾਲਾ ਦੇ ਦਿੱਤਾ ਜਿਸ ਨੇ ਗੁਰੂ ਜੀ ਬਾਰੇ ਲਿਖਿਆ ਸੀ ਕਿ ਉਹ ਲੁੱਟਮਾਰ ਕਰਿਆ ਕਰਦੇ ਸਨ। ਮੂਲ ਫ਼ਾਰਸੀ ਵਾਕ ਦਾ ਅੰਗਰੇਜ਼ੀ ਉਲਥਾ ਸੀ। ਇਸ ਇਕ ਵਾਕ ਨੇ ਫੌਜਾ ਸਿੰਘ ਦੇ ਸਾਰੇ ਕੈਰੀਅਰ ਨੂੰ ਮਿੱਟੀ ਵਿਚ ਮਿਲਾ ਦਿੱਤਾ। ਥਾਂ ਥਾਂ ਲਿਖਤੀ ਤੇ ਜ਼ਬਾਨੀ ਮਾਫ਼ੀਆਂ ਮੰਗਦਾ ਫਿਰਿਆ। ਫੌਜਾ ਸਿੰਘ ਮਿਹਨਤੀ ਅਤੇ ਸਹੀ ਅਖ਼ਬਾਰੀ ਸਟੀਕ ਲੇਖ ਕਪੂਰ ਸਿੰਘ ਨੇ ਲਿਖਿਆ, 1977 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਪੜ੍ਹਿਆ। ਇਸ ਵਿਚ ਉਨ੍ਹਾਂ ਨੇ ਦੱਸਿਆ ਕਿ ਗੁਲਾਮ ਹੁਸੈਨ ਦਾ ਇਹ ਵਾਕ ਫੌਜਾ ਸਿੰਘ ਨੇ ਮਨਘੜਤ ਨਹੀਂ ਸੀ ਜੋੜਿਆ। ਫੌਜਾ ਸਿੰਘ ਨੇ ਉਸ ਦਾ ਵਾਕ ਲਿਖ ਦਿੱਤਾ, ਵਾਕ ਦੀ ਵਿਆਖਿਆ ਨਹੀਂ ਕੀਤੀ, ਸਮਝਿਆ ਗਿਆ ਕਿ ਫੌਜਾ ਸਿੰਘ, ਗੁਲਾਮ ਹੁਸੈਨ ਨਾਲ ਸਹਿਮਤ ਹੈ।

ਸਦਾ ਕੌਰ ਆਪਣੇ ਜਵਾਈ ਰਣਜੀਤ ਸਿੰਘ ਨੂੰ ਹਰ ਥਾਂ ਕਾਕਾ ਜੀ ਕਹਿ ਕੇ ਗੱਲ ਕਰਦੀ ਹੈ। ਉਨ੍ਹਾਂ ਦਿਨਾਂ ਵਿਚ ਕੀ, ਪਿਛਲੀ ਵੀਹਵੀਂ ਸਦੀ ਤਕ ਜਵਾਈਆਂ ਨੂੰ ਸਾਊ ਕਿਹਾ ਜਾਂਦਾ ਸੀ ਕਾਕਾ ਜੀ ਨਹੀਂ। ਕਾਕਾ ਜੀ ਪਿਛਲੇ ਤੀਹ ਕੁ ਸਾਲਾਂ ਦੇ ਸਮੇਂ ਵਿਚ ਵਿਕਸਿਤ ਹੋਇਆ ਹੈ। ਪੰਜਾਬੀ ਦੇ ਇਕ ਉੱਘੇ ਨਾਵਲਕਾਰ ਨੇ ਤਾਂ ਲਿਖਤ ਵਿਚ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਵੀ ਕਾਕਾ ਜੀ ਲਿਖ ਦਿੱਤਾ ਸੀ। ਵਡੇਰੀਆਂ ਔਰਤਾਂ ਨੂੰ ਸ਼ਰਾਬਣਾਂ, ਕਥਾਬਣਾਂ ਤੇ ਦੁਰਾਚਾਰਨੀਆਂ ਦਿਖਾ ਕੇ ਚਟਕਾਰੇ ਲਏ ਹਨ। ਲਿਖਿਆ ਹੈ ਜਦੋਂ ਮਹਾਰਾਣੀ ਜਿੰਦਾ ਨਾਲ ਵਿਆਹ ਹੋਇਆ ਉਦੋਂ ਤਾਂ ਰਣਜੀਤ ਸਿੰਘ ਨਪੁੰਸਕ ਹੋ ਚੁੱਕਾ ਸੀ, ਗੱਲਾਂ ਹੋ ਰਹੀਆਂ ਹਨ ਕਿ ਦਲੀਪ ਸਿੰਘ ਮਹਾਰਾਜੇ ਦਾ ਨਹੀ ਮਾਸ਼ਕੀ ਦਾ ਬੀਜ ਹੈ। ਇਸੇ ਤਰ੍ਹਾਂ ਰਾਣੀ ਮਹਿਤਾਬ ਕੌਰ ਦੇ ਦੋ ਜੌੜੇ ਬੇਟੇ ਜਨਮ ਲੈਂਦੇ ਹਨ ਤਾਂ ਰਣਜੀਤ ਸਿੰਘ ਨੂੰ ਪਤਾ ਸੀ ਇਕ ਲੜਕਾ ਧੋਬੀ ਦਾ ਹੈ ਦੂਜਾ ਸਦਾ ਕੌਰ ਦੀ ਇਕ ਨੌਕਰਾਣੀ ਦਾ। ਨਮੋਸ਼ੀ ਤੋਂ ਬਚਣ ਲਈ ਰਣਜੀਤ ਸਿੰਘ ਨੇ ਖ਼ੁਸ਼ੀ ਮਨਾਉਣ ਦਾ ਹੁਕਮ ਦਿੱਤਾ। (ਪੰਨਾ 209)

ਹਕੀਮ ਮਹਾਰਾਜਾ ਨੂੰ ਦਵਾਈ ਦੇਣ ਆਇਆ ਤਾਂ ਆਪਣੇ ਜੁਆਨ ਬੇਟੇ ਅਜ਼ੀਜ਼ਉਦੀਨ ਨੂੰ ਵੀ ਨਾਲ ਲਿਆਇਆ। ਇਸ ਜੁਆਨ ਦੀ ਜ਼ਬਾਨ ਉਤੇ ਬਾਅਦ ਕਿ ਮਹਾਰਾਜੇ ਨੇ ਹਕੀਮ ਨੂੰ ਕਿਹਾ-ਇਹ ਬੇਟਾ ਸਾਡੇ ਮਹਿਲਾਂ ਵਿਚ ਰਹੇਗਾ। ਜਿਸ ਸ਼ਖ਼ਸ ਵਿਚ ਖ਼ੁਦ ਸਲੀਕਾ ਨਾ ਹੋਵੇ ਉਸ ਨੂੰ ਸਲੀਕੇਦਾਰ ਲੋਕ ਚੰਗੇ ਨਹੀਂ ਲੱਗਿਆ ਕਰਦੇ। ਮਹਾਰਾਜਾ ਆਪਣੇ ਤੋਂ ਛੋਟਿਆਂ ਨੂੰ ਵੀ ਤੁਸੀਂ ਕਹਿ ਕੇ ਬੁਲਾਉਂਦਾ ਹੁੰਦਾ ਸੀ। ਇਸ ਨਾਵਲ ਵਿਚ ਉਹ ਆਪਣੇ ਵਜ਼ੀਰਾਂ ਨਾਲ ਇਕ ਵਚਨ ਵਿਚ ਤੂੰ-ਤੂੰ ਕਰਿਕੇ ਗੱਲ ਕਰਦਾ ਹੈ।

ਸਰਕਾਰ ਖ਼ਾਲਸਾ ਦੀ ਮਾਲੀ ਹਾਲਤ ਏਨੀ ਮਾੜੀ ਹੋ ਗਈ ਕਿ ਮਹਾਰਾਜੇ ਨੇ ਸਾਰੇ ਮੁਲਾਜ਼ਮਾਂ ਨੂੰ ਦੋ ਦੋ ਮਹੀਨੇ ਦੀ ਤਨਖ਼ਾਹ ਜਮ੍ਹਾਂ ਕਰਵਾਉਣ ਦਾ ਹੁਕਮ ਦਿੱਤਾ। ਬਾਕੀ ਤਾਂ ਮੰਨ ਗਏ, ਜਰਨੈਲ ਐਲਾਰਡ ਅਤੇ ਵੈਨਤੂਰਾ ਅੜ ਗਏ, ਤਨਖ਼ਾਹ ਜਮ੍ਹਾਂ ਨਹੀਂ ਕਰਵਾਈ। ਮਹਾਰਾਜੇ ਨੇ ਤਲਬ ਕਰ ਲਏ। ਦਰਬਾਰ ਦੀ ਸਾਰੀ ਮਰਿਆਦਾ ਭੁਲਾ ਕੇ ਉਨ੍ਹਾਂ ਨੂੰ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗਾ। ਖੰਜਰ ਲੈ ਕੇ ਉਨ੍ਹਾਂ ਉੱਪਰ ਝਪਟਿਆ। (ਪੰਨਾ 409)

ਫਕੀਰ ਅਜੀਜ਼ਉਦੀਨ ਹੈਨਰੀ ਫ਼ੁਰਟ ਅਤੇ ਅਵੀਤਾਬੇਲ ਨੂੰ ਮਹਾਰਾਜੇ ਅੱਗੇ ਪੇਸ਼ ਕਰਦਿਆਂ ਆਖਦਾ ਹੈ, 'ਮਹਾਰਾਜ ਇਹ ਇਤਾਲਵੀ ਅਵੀਤਾਬੇਲ ਥੋੜ੍ਹਾ ਹਰਾਮੀ ਜਾਪਦਾ ਏ' (ਪੰਨਾ 420)। ਇਹ ਦੋਵੇਂ ਸਰਕਾਰ ਖ਼ਾਲਸਾ ਦੇ ਜਰਨੈਲ ਹਨ। (ਪੰਨਾ 430, 431 ਉੱਪਰ) ਲੈਲੀ ਨੂੰ ਘੋੜਾ ਦੱਸਦਾ ਹੈ ਪਰ (ਪੰਨਾ 594, 595




ਉੱਪਰ) ਲੈਲੀ ਅਚਾਨਕ ਘੋੜੀ ਹੋ ਗਈ। ਘੋੜਿਆਂ ਦੇ ਵਪਾਰੀ ਜੋ ਮੁੱਲ ਮੰਗਦੇ ਹਨ, ਮਹਾਰਾਜੇ ਨੂੰ ਮਨਜ਼ੂਰ ਨਹੀਂ। ਹੁਕਮ ਦਿੰਦਾ ਹੈ, ਵਪਾਰੀਆਂ ਨੂੰ ਕੋੜੇ ਮਾਰੋ। ਕੋੜੇ ਖਾ ਕੇ ਵਪਾਰੀ ਜਿੰਨੇ ਪੈਸੇ ਮਿਲੇ ਲੈ ਕੇ ਤੁਰਨ ਦੀ ਕਰਦੇ ਹਨ (ਪੰਨਾ 431), ਨਪੁੰਸਕ ਰਾਜੇ ਦੀਆਂ ਰਾਣੀਆਂ ਵਿਚ ਪਾਤਰ ਜੀਜਦੀਆਂ ਨਹੀਂ ਵਿਖਾਈਆਂ, ਉਹ ਖ਼ੁਸ਼ੀਆਂ ਮਨਾਉਂਦਾ ਰਿਹਾ (444)।

ਦੂਤ ਖ਼ੁਸ਼ਖ਼ਬਰੀ ਸੁਣਾਉਂਦਾ ਹੈ, "ਮਹਾਰਾਜ, ਕੁੰਵਰ ਖੜਕ ਸਿੰਘ ਨੇ ਮਿਨਕੋਟ 'ਤੇ ਕਬਜ਼ਾ ਕਰ ਲਿਆ ਹੈ। ਹੁਣ ਉਸ ਨੇ ਸ਼ਿਕਾਰਪੁਰ ਉੱਪਰ ਕਬਜ਼ਾ ਕਰਨ ਦੀ ਆਗਿਆ ਮੰਗੀ ਹੈ"। ਦੂਤ ਨੇ ਕੁੰਵਰ ਵਾਸਤੇ ਉਸ ਨੇ ਸ਼ਬਦ ਵਰਤੇ ਹਨ, ਉਨ੍ਹਾਂ ਨੇ ਨਹੀਂ।

ਸਹੂਲਤ ਲਈ ਅਤੇ ਖ਼ੁਦ ਨੂੰ ਖ਼ਤਰਨਾਕ ਖ਼ਿਆਲਾਂ ਤੋਂ ਨਿਰਲੇਪ ਕਰਨ ਲਈ ਲੇਖਕ ਨੇ ਇਕ ਪਾਤਰ ਘੜ ਲਿਆ ਹੈ ਪ੍ਰੋਫ਼ੈਸਰ ਕੌਤਕੀ। ਕੌਤਕੀ ਲਫ਼ਜ਼ ਆਪਣੇ ਆਪ ਵਿਚ ਹਲਕਾ ਹੈ, ਜਿਵੇਂ ਮਦਾਰੀ। ਕੌਤਕ ਕੋਈ ਨਹੀਂ ਦਿਖਾਉਂਦਾ, ਮਹਾਰਾਜੇ ਦਾ ਨਿੱਘਰਿਆ ਰੂਪ ਪੇਸ਼ ਕਰਦਾ ਹੈ। ਇਹ ਪਾਤਰ ਸੰਜੀਦਾ ਹੋਣ ਦੀ ਥਾਂ ਰਾਮਲੀਲਾ ਦਾ ਮਖੌਲੀਆ ਵਧੀਕ ਲੱਗਦਾ ਹੈ। ਜਿਸ ਤੋਂ ਵਧੀਕ ਗੰਭੀਰਤਾ ਦੀ ਉਮੀਦ ਸੀ, ਉਹੀ ਵਾਰ-ਵਾਰ ਸੰਜੀਦਗੀ ਵਿਚ ਤ੍ਰੇੜਾਂ ਪਾਉਂਦਾ ਹੈ।

ਇਸ ਨਾਵਲ ਨਾਲ ਨਾ ਇਤਿਹਾਸ ਵਿਚ ਕੋਈ ਵਾਧਾ ਹੋਇਆ ਨਾ ਨਾਵਲਕਾਰੀ ਵਿਚ। ਪਾਠਕਾਂ ਨੂੰ ਤੈਸ਼ ਵਿਚ ਆ ਕੇ ਲੇਖਕ ਵਾਸਤੇ ਅਪਸ਼ਬਦ ਨਹੀਂ ਬੋਲਣੇ ਚਾਹੀਦੇ। ਰਣਜੀਤ ਸਿੰਘ ਸਿੱਖਾਂ ਦਾ ਕੋਈ ਧਾਰਮਿਕ ਨੇਤਾ ਨਹੀਂ ਹੈ। ਸਖ਼ਤ ਦਿਲ ਸਖ਼ਤ ਜਾਨ ਹੈ, ਚਤਰ ਹੈ, ਸਵਾਰਥੀ ਹੈ, ਲੋਭੀ ਹੈ, ਰੋਮਾਂਟਿਕ ਹੈ, ਰਾਜੇ ਇਸੇ ਤਰ੍ਹਾਂ ਦੇ ਹੋਇਆ ਕਰਦੇ ਹਨ। ਦੇਖਣਾ ਇਹ ਹੈ ਕਿ ਹਜ਼ਾਰ ਔਗੁਣਾਂ ਦੇ ਹੁੰਦਿਆਂ ਉਸ ਨੇ ਅੱਧੀ ਸਦੀ ਤਕ 8 ਫ਼ੀਸਦੀ ਸਿੱਖਾਂ ਦਾ ਰਾਜ 92 ਫ਼ੀਸਦੀ ਪਰਜਾ ਉੱਪਰ ਕਰਵਾਇਆ ਜਿਸ ਦੇ ਜਿਉਂਦਿਆਂ ਕਿਸੇ ਨੇ ਗੱਦਾਰੀ ਨਹੀਂ ਕੀਤੀ। ਏਸ਼ੀਆ ਵਿਚ ਮੁਸਲਮਾਨਾਂ ਦੇ ਰਾਜ ਸਮੇਂ ਕੇਵਲ ਰਣਜੀਤ ਸਿੰਘ ਇਹ ਚੁਣੌਤੀ ਕਰ ਸਕਿਆ ਕਿ ਮੁਸਲਮਾਨ ਦੇਸ਼ਾਂ ਵਿਰੁੱਧ ਜਿੱਤਾਂ ਹਾਸਿਲ ਕਰਨ ਦੇ ਬਾਵਜੂਦ ਉਸ ਨੇ ਮੁਸਲਮਾਨ ਵਜ਼ੀਰ ਅਤੇ ਜਰਨੈਲ ਰੱਖੇ। ਕਿਸੇ ਮੁਸਲਮਾਨ ਵਜ਼ੀਰ ਜਾਂ ਜਰਨੈਲ ਨੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਾਜ਼ਿਸ਼ਾਂ ਵਿਚ ਹਿੱਸਾ ਨਹੀਂ ਲਿਆ, ਗ਼ੱਦਾਰੀ ਨਹੀਂ ਕੀਤੀ। ਮਾਘੋ ਖਾਨ ਅੰਗਰੇਜ਼ਾਂ ਉੱਪਰ ਤੋਪਾਂ ਦੇ ਗੋਲੇ ਦਾਗਦਾ ਰਿਹਾ। ਅੰਗਰੇਜ਼ਾਂ ਨੂੰ ਤੀਜੀ ਜਾਤ ਕਹਿੰਦਿਆਂ ਸ਼ਾਹ ਮੁਹੰਮਦ ਲਿਖਦਾ ਹੈ :

*ਸੁਣੀ ਬਹੁਤ ਲੜਾਈ ਮੁਸਲਮਾਨ ਹਿੰਦੂ,*
*ਸਿਰ ਦੋਹਾਂ ਦੇ ਉੱਤੇ ਆਫ਼ਤ ਆਈ।*
*ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,*
*ਕਦੇ ਨਹੀਂ ਸੀ ਤੀਸਰੀ ਜਾਤ ਆਈ। •*

# ਧਰਮ ਤੇ ਵਿਰਸਾ

ਜੋੜ ਮੇਲੇ 'ਤੇ ਵਿਸ਼ੇਸ਼

## ਇਤਿਹਾਸਕ ਗੁਰਦੁਆਰਾ ਸ੍ਰੀ ਝਾੜ ਸਾਹਿਬ ਪਾਤਸ਼ਾਹੀ ਦਸਵੀ



**ਤਸਵਿੰਦਰ ਸਿੰਘ ਵੜੈਚ**

ਗੁਰਦੁਆਰਾ ਸ੍ਰੀ ਝਾੜ ਸਾਹਿਬ ਸਮਰਾਲਾ-ਬਹਿਲੋਲਪੁਰ ਸੜਕ 'ਤੇ ਸਮਰਾਲਾ ਤੋਂ 10 ਕੁ ਕਿਲੋਮੀਟਰ ਅਤੇ ਸਰਹੰਦ ਨਹਿਰ ਦੇ ਕਿਨਾਰੇ-ਕਿਨਾਰੇ ਜਾਂਦੀ ਰੋਪੜ-ਦੋਰਾਹਾ ਸੜਕ ਤੋਂ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਨੂੰ ਖ਼ਾਲਸਾ ਪੰਥ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। 1704 ਵਿਚ ਜ਼ੁਲਮੀ ਕਹਿਰ ਵਿਰੁੱਧ ਲੜਦੇ ਹੋਏ ਉਨ੍ਹਾਂ ਚਮਕੌਰ ਦੀ ਗੜ੍ਹੀ ਵਿਚੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ ਪੰਜ ਪਿਆਰਿਆਂ ਦਾ ਹੁਕਮ ਮੰਨਦੇ ਹੋਏ ਪੋਹ ਮਹੀਨੇ ਦੀ ਠੰਢੀ-ਠਾਰ ਰਾਤ ਵਿਚ ਚੱਲ ਕੇ ਪਿੰਡ ਚੂਹੜਪੁਰ ਵਿਖੇ ਇਕ ਝਾੜ ਹੇਠਾਂ ਆਰਾਮ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਆਪਣੇ ਇਕ ਅਨਿਨ ਸਾਧੂ ਨੂੰ ਦਰਸ਼ਨ ਦੇ ਕੇ ਉਸਦੇ ਮਨ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਅਤੇ ਉਸਦਾ ਜੀਵਨ ਸਫ਼ਲ ਕੀਤਾ। ਇਸ ਅਸਥਾਨ 'ਤੇ ਦਸਮੇਸ਼ ਪਿਤਾ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਝਾੜ ਸਾਹਿਬ ਦੀ ਆਲੀਸ਼ਾਨ ਇਮਾਰਤ ਸੁਸ਼ੋਭਿਤ ਹੈ। ਇਸ ਗੁਰੂ-ਘਰ ਦੀ ਸ਼ਾਨਦਾਰ ਸਫ਼ੈਦ ਇਮਾਰਤ ਹੈ, ਜੋ ਬੁਲੰਦ ਨਿਸ਼ਾਨ ਸਾਹਿਬ ਕਾਰਨ ਦੂਰ ਤੋਂ ਹੀ ਨਜ਼ਰ ਆਉਂਦੀ ਹੈ। ਇਥੇ ਹਰ ਮਹੀਨੇ ਸੰਗਰਾਂਦ ਦੇ ਦਿਹਾੜੇ 'ਤੇ ਭਾਰੀ ਜੋੜ ਮੇਲਾ ਲੱਗਦਾ ਹੈ। ਉਂਜ ਵੀ ਹਰ ਸਮੇਂ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਵਾਲੇ ਬਾਬਾ ਪਿਆਰਾ ਸਿੰਘ ਦੀ ਯਾਦ ਨੂੰ ਸਮਰਪਿਤ ਇਥੇ ਹਰ ਸਾਲ ਅਗਸਤ ਮਹੀਨੇ 'ਚ ਵਿਸ਼ਾਲ ਸਾਲਾਨਾ ਜੋੜ ਮੇਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਮਨਾਇਆ ਜਾਂਦਾ ਹੈ, ਜਿੱਥੇ ਸੰਤ-ਮਹਾਂਪੁਰਸ, ਉੱਚ ਕੋਟੀ ਦੇ ਰਾਗੀ, ਢਾਡੀ-ਕਵੀਸ਼ਰ, ਪ੍ਰਚਾਰਕ ਤੇ ਕਥਾਵਾਚਕ ਪਹੁੰਚਦੇ ਹਨ, ਜੋ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਲੰਗਰ ਹਾਲ ਦੀ ਵਿਸ਼ਾਲ ਇਮਾਰਤ ਹੈ, ਜਿੱਥੇ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਇਲਾਕਾ ਨਿਵਾਸੀਆਂ ਵੱਲੋਂ ਸੌਂਪਿਆ ਲੜਕੀਆਂ ਦਾ ਗੁਰੂ ਗੋਬਿੰਦ ਸਿੰਘ ਕਾਲਜ ਵੀ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ 'ਤੇ ਵਿਸਰਾਮ ਕਰਨ ਤੋਂ ਬਾਅਦ ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ, ਜਿੱਥੇ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ।

## ਗੁਰਬਾਣੀ ਕੀਰਤਨ ਨੂੰ ਸਮਰਪਿਤ ਅਮਨਦੀਪ ਕੌਰ ਖ਼ਾਲਸਾ

ਗੁਰੂਆਂ, ਭਗਤਾਂ, ਭੱਟਾਂ 'ਤੇ ਸਿੱਖਾਂ ਦੀ ਗੁਰਬਾਣੀ ਦੇ ਕੀਰਤਨ ਦੀ ਸੇਵਾ ਮਹਾਨ ਹੈ। ਗੁਰੂ ਦੀ ਬਖਸ਼ਿਸ਼ ਨਾਲ ਹੀ ਇਹ ਸੇਵਾ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸਿੱਖ ਪ੍ਰੰਪਰਾਵਾਂ ਅਤੇ ਸਿੱਖੀ ਸਿਧਾਂਤ ਵਿਚ ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਧੀਆਂ ਨੂੰ ਖ਼ਾਲਸਾ ਕਹਿ ਕੇ ਮਾਣ ਦਿੱਤਾ। ਜਿੱਥੇ ਇਕ ਸਿੱਖ ਖ਼ਾਲਸਾ ਹੈ ਉੱਥੇ ਹੀ ਇਕ ਸਿੰਘਣੀ ਵੀ ਖ਼ਾਲਸਾ ਅਖਵਾਉਂਦੀ ਹੈ। ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲਿਆਂ ਵਿੱਚੋਂ ਇਕ ਹੈ ਰਾਗੀ ਬੀਬੀ ਅਮਨਦੀਪ ਕੌਰ ਖ਼ਾਲਸਾ ਮਜੀਠਾ ਵਾਲੇ। ਉਸ ਦਾ ਜਨਮ 5 ਅਪ੍ਰੈਲ 1989 ਨੂੰ ਮਾਤਾ ਸਤਵੰਤ ਕੌਰ ਅਤੇ ਪਿਤਾ ਬਲਦੇਵ ਸਿੰਘ ਦੇ ਘਰ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਤੋਂ ਹੀ ਅਮਨਦੀਪ ਕੌਰ ਖ਼ਾਲਸਾ ਨੂੰ ਕੀਰਤਨ ਕਰਨ 'ਤੇ ਗੁਰਬਾਣੀ ਪੜ੍ਹਨ ਸੁਣਨ ਦੀ ਤਾਂਘ ਰਹਿੰਦੀ ਸੀ, ਜਿਸ ਕਰਕੇ ਅੱਜ ਉਹ ਗੁਰਬਾਣੀ ਦੇ ਕੀਰਤਨ ਦੀ ਸੇਵਾ ਕਰ ਰਹੀ ਹੈ। ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਸ੍ਰੀ ਅੰਮ੍ਰਿਤਸਰ ਸਾਹਿਬ) ਤੋਂ ਬੀ ਸੀ ਏ/ਐੱਮ ਸੀ ਏ ਦੀ ਪੜ੍ਹਾਈ ਕੀਤੀ।



ਨੌਕਰੀ ਕਰਨ ਦੀ ਥਾਂ ਉਸ ਨੇ ਗੁਰੂ ਘਰਾਂ, ਕੀਰਤਨ ਦਰਬਾਰਾਂ 'ਤੇ ਧਾਰਮਿਕ ਸਮਾਗਮਾਂ ਵਿਚ ਕੀਰਤਨ ਕਰ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਨੂੰ ਪਹਿਲ ਦਿੱਤੀ। ਜਿਸ ਕਰਕੇ 2 ਸਾਲ ਪਹਿਲਾਂ ਰਾਗੀ ਭਾਈ ਸੁਰਜੀਤ ਸਿੰਘ (ਮਜੀਠਾ ਵਾਲੇ) ਨੂੰ ਉਸਤਾਦ ਮੰਨ ਕੇ ਕੀਰਤਨ ਕਰਨ ਦੀਆਂ ਸਿੱਖਿਆਵਾਂ, ਵੱਖ-ਵੱਖ ਰਾਗਾਂ ਦੀਆਂ ਬਰੀਕੀਆਂ ਨੂੰ ਜਾਣਿਆ। ਉਸ ਦੀ ਮਿੱਠੀ 'ਤੇ ਪਿਆਰੀ ਆਵਾਜ਼ ਵਿਚ ਕੀਤਾ ਗੁਰਬਾਣੀ ਦਾ ਕੀਰਤਨ ਸੰਗਤਾਂ ਦੇ ਮਨ ਨੂੰ ਸਕੂਨ ਬਖਸ਼ਦਾ ਹੈ। ਖ਼ਾਲਸਾ ਨੇ ਹੁਣ ਤਕ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਦਰਬਾਰ ਸਾਹਿਬ ਦਿੱਲੀ, ਯੂਪੀ, ਰਾਜਸਥਾਨ ਤੇ ਦੇਸ਼ ਦੇ ਅਨੇਕਾਂ ਵੱਡੇ ਸ਼ਹਿਰਾਂ ਵਿਚ ਕੀਰਤਨ ਦੀ ਸੇਵਾ ਕਰਨ ਦੇ ਨਾਲ-ਨਾਲ ਪੰਜਾਬ ਦੇ ਹਰ ਕੋਨੇ ਵਿਚ ਹੁੰਦੇ ਕੀਰਤਨ ਦਰਬਾਰਾਂ, ਧਾਰਮਿਕ ਸਮਾਗਮਾਂ ਤੇ ਇਤਿਹਾਸਿਕ ਧਰਮ ਅਸਥਾਨਾਂ ਵਿਚ ਆਪਣੇ ਜਥੇ ਸਮੇਤ ਜਿਸ ਵਿਚ ਬੀਬੀ ਭੁਪਿੰਦਰ ਕੌਰ ਮਜੀਠਾ (ਬੀਏ) ਤਬਲਾ ਵਾਦਕ ਭਾਈ ਤਲਜੀਤ ਸਿੰਘ ਮਜੀਠਾ ਨਾਲ ਕੀਰਤਨ ਦੀ ਸੇਵਾ ਕਰਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਮਹਾਨ ਕਾਰਜ ਕਰ ਰਹੀ ਹੈ। ਬੀਬੀ ਅਮਨਦੀਪ ਕੌਰ ਖ਼ਾਲਸਾ ਸਿੱਖ ਸਿਧਾਂਤਾਂ ਵਿਚ ਪਰਪੱਕ ਰਹਿ ਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖੀ ਬਾਣੇ ਵਿਚ ਜੀਵਨ ਜਿਊਂਦੀ ਹੈ। ਵਿਹਲੇ ਸਮੇਂ ਵਿਚ ਸਿੱਖ ਇਤਿਹਾਸ ਪੜ੍ਹਣਾ, ਬੱਚਿਆਂ ਨੂੰ ਕੀਰਤਨ ਸਿਖਾਉਣਾ ਤੇ ਗੁਰਬਾਣੀ ਦੀ ਸੰਥਿਆ ਕਰਾਉਣੀ, ਕਲਾਸੀਕਲ ਗੁਰਮਤਿ ਸੰਗੀਤ ਸੁਣਨਾ, ਇਤਿਹਾਸਿਕ ਧਰਮ ਅਸਥਾਨਾਂ ਦੀ ਯਾਤਰਾ ਕਰਕੇ ਗੁਰੂ ਸਹਿਬਾਨ, ਸ਼ਹੀਦ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਨੂੰ ਸਿਜਦਾ ਕਰਨਾ ਉਸ ਦੀਆਂ ਰੁਚੀਆਂ ਹਨ। ਉਸ ਦੀ ਆਵਾਜ਼ 'ਚੋਂ ਨਿਕਲਿਆ ਹਰ ਸ਼ਬਦ ਸੰਗਤਾਂ ਨੂੰ ਸਮਝ ਆਉਂਦਾ ਹੈ। ਬੀਬੀ ਆਸ਼ੂਪ੍ਰੀਤ ਕੌਰ, ਭਾਈ ਸਤਿੰਦਰ ਸਿੰਘ/ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਮਹਿਤਾਬ ਸਿੰਘ (ਦਿੱਲੀ ਵਾਲੇ), ਭਾਈ ਬਲਦੇਵ ਸਿੰਘ ਵਡਾਲਾ, ਬੀਬੀ ਰਾਜਵਿੰਦਰ ਕੌਰ (ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ), ਰਾਗੀ ਭਾਈ ਮਨਜੀਤ ਸਿੰਘ ਸ਼ਾਂਤ ਬੀਬੀ ਅਮਨਦੀਪ ਕੌਰ ਖਾਲਸਾ ਦੇ ਪ੍ਰੇਰਨਾ ਸਰੋਤ ਹਨ, ਜਿਨ੍ਹਾਂ ਤੋਂ ਉਹ ਬਹੁਤ ਕੁਝ ਸਿੱਖਣ ਦੀ ਆਸਵੰਦ ਹੈ।•

**ਹਰਪਾਲ ਸਿੰਘ ਪਾਲੀ ਵਜੀਦਕੇ**

# ਗੁਰਬਾਣੀ ਵਿਚ ਸਾਵਣ ਦੀ ਮਹਿਮਾ



**ਪ੍ਰੋ. ਜਸਵੰਤ ਸਿੰਘ ਗੰਡਮ**
98766-55055

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ-ਸ਼੍ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿਚ, ਐਸਾ ਮਹੀਨਾ ਸਾਉਣ (ਹੈ)। ਗੁਰਬਾਣੀ ਵਿਚ ਸਾਵਣ ਮਹੀਨੇ ਦਾ ਬੜਾ ਵਰਨਣ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹਾ ਅੰਕਿਤ ਹਨ। ਇਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿਚ ਅਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਹੈ : -ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ (ਬਾਰਹ ਮਾਹਾ ਮਾਂਝ ਮਹਲਾ 5)। -ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ (ਤੁਖਾਰੀ ਛੰਤ ਮਹਲਾ 1 ਬਾਰਹਮਾਹਾ)। ਬਾਣੀ ਵਿਚ ਹੋਰ ਅਨੇਕਾਂ ਪ੍ਰਮਾਣ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਸਾਵਣ ਮਹੀਨੇ ਦਾ ਜ਼ਿਕਰ ਕੀਤਾ ਹੈ। ਵੰਨਗੀ ਮਾਤਰ ਕੁਝ ਟੂਕਾਂ ਹਾਜ਼ਰ ਹਨ : -ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ। -ਸਾਵਣ ਲਹਿਰ ਤਰੰਗ ਨੀਰੁ ਨੀਵਾਣਿਆ। - ਸਾਵਣ ਵਣ ਹਰੀਆਵਲੇ ਅਕੁ ਜੰਮੇ ਅਉੜੀ। ਸਾਵਣ ਦਾ ਮਹੱਤਵ ਸਭਿਆਚਾਰ, ਸਾਹਿਤ ਅਤੇ ਸਮਾਜਿਕ ਪਰਿਪੇਖ ਵਿਚ ਵੀ ਬਹੁਤ ਹੈ ਪਰ ਗੁਰਬਾਣੀ ਵਿਚ ਮਾਘ ਮਹੀਨੇ ਵਾਲੀ ਬਸੰਤ ਰੁੱਤ ਅਤੇ ਸਾਵਣ ਮਹੀਨੇ ਸਬੰਧੀ ਬਹੁਤ ਜ਼ਿਕਰ ਹੈ। ਹੋਰ ਧਰਮ ਵੀ ਇਨ੍ਹਾਂ ਮਹੀਨਿਆਂ ਵਿਚ ਆਪੋ ਆਪਣੇ ਰੀਤੀ ਰਿਵਾਜਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ ਪਰ ਸਿੱਖ ਧਰਮ ਵਿਚ ਇਸ ਸਮੇਂ ਦਾ ਵੱਖਰਾ ਹੀ ਮਹੱਤਵ ਹੈ। ਇਨ੍ਹਾਂ ਦੋਵਾਂ ਰੁੱਤਾਂ/ ਮਹੀਨਿਆਂ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹੋਣ ਵਾਲੇ ਰਸਭਿੰਨੇ ਕੀਰਤਨ ਦੌਰਾਨ ਹਰ ਰੋਜ਼ ਬਸੰਤ, ਸਾਵਣ, ਮੀਂਹ, ਬੱਦਲ, ਝੜੀ ਆਦਿ ਨਾਲ ਸਬੰਧਿਤ ਸ਼ਬਦ ਵਾਰ-ਵਾਰ ਗਾਏ ਜਾਂਦੇ ਹਨ। ਬਸੰਤ ਰੁੱਤ ਵੇਲੇ 'ਬਸੰਤੁ ਕੀ ਵਾਰ (ਮਹਲਾ ਪੰਜਵਾਂ ਤੋਂ ਇਲਾਵਾ 'ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ', 'ਸਬਦੇ ਸਦਾ ਬਸੰਤੁ ਹੈ','ਬਸੰਤੁ ਚੜਿਆਂ ਫੂਲ਼ੀ ਬਨਰਾਇ','ਬਨਸਪਤਿ ਮਉਲੀ ਚੜਿਆ ਬਸੰਤੁ" ਆਦਿ ਸ਼ਬਦਾਂ ਦਾ ਗਾਇਨ ਅਕਸਰ ਸੁਣਨ ਨੂੰ ਮਿਲਦਾ ਹੈ। ਅੱਜ ਕਲ੍ਹ ਸਾਵਣ ਮਹੀਨੇ ਦੌਰਾਨ ਹੇਠ ਲਿਖੇ ਸ਼ਬਦਾਂ 'ਚੋਂ ਕਿਸੇ ਨਾ ਕਿਸੇ ਦਾ ਗਾਇਣ ਹਰ ਰੋਜ਼ ਸੁਣਨ ਨੂੰ ਮਿਲਦਾ ਹੈ : -ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ -ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ -ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ -ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰਿ - ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ -ਬਰਸੁ ਮੇਘ ਜੀ ਤਿਲ ਬਿਲਮੁ ਨਾ ਲਾਉ - ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ - ਬਰਸੈ ਮੇਘੁ ਸਖੀ ਘਰਿ ਪਾਹੁਨ ਆਏ - ਬਰਸੁ ਸਰਸੁ ਆਗਿਆ -ਸਾਵਣਿ ਸਰਸੀ ਕਾਮਣੀ -ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ -ਬਾਬੀਹਾ ਜਿਸ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭੁ ਕੋਇ -ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ਹੋਰਨਾਂ ਗੁਰਦਵਾਰਿਆਂ, ਖ਼ਾਸ ਕਰ ਕੇ ਇਤਿਹਾਸਕ ਗੁਰਦਵਾਰਿਆਂ ਵਿਚ ਵੀ ਅਜਿਹੇ ਸ਼ਬਦਾਂ ਦਾ ਗਾਇਨ ਕੀਤਾ ਜਾਂਦੈ। ਇਨ੍ਹਾਂ ਸਾਰੇ ਅਤੇ ਗੁਰਬਾਣੀ ਦੇ ਇਨ੍ਹਾਂ ਵਰਗੇ ਹੋਰ ਅਨੇਕਾਂ ਸ਼ਬਦਾਂ ਵਿਚ ਸਾਵਣ ਮਹੀਨੇ ਵਿਚ ਹੋਣ ਵਾਲੀ ਰੱਜਵੀਂ ਬਰਸਾਤ, ਝੜੀ, ਜਲਥਲ, ਹਰਿਆਵਲ, ਮੋਰਾਂ ਅਤੇ ਪਪੀਹਿਆਂ ਦੇ ਪ੍ਰਸੰਨ ਹੋਣ, ਪ੍ਰੇਮਿਕਾ ਤੇ ਪ੍ਰੇਮੀ ਦੇ ਮਿਲਾਪ ਦੀ ਤੜਪ, ਜੀਵ- ਇਸਤਰੀ ਦੇ ਪ੍ਰਮਾਤਮਾ ਨਾਲ ਮੇਲ ਦੀ ਤਾਂਘ, ਸਖੀਆਂ-ਭੈਣਾਂ ਦਾ ਆਪਸੀ ਸੰਵਾਦ, ਪ੍ਰਾਣੀਆਂ, ਜੀਵ-ਜੰਤੂਆਂ,ਪੰਖੇਰੂਆਂ, ਪੌਦਿਆਂ, ਵਣਤ੍ਰਿਣ, ਕੁਲ ਬਨਸਪਤੀ ਅਤੇ ਕਾਇਨਾਤ ਦੇ ਮੌਲਣ, ਵਿਗਸਣ, ਖਿੜਨ, ਪ੍ਰਸੰਨ ਹੋਣ ਅਤੇ ਅਨੰਦਮਈ ਆਲਮ ਦਾ ਸੁਖਾਵਾਂ ਚਿੱਤਰ ਖਿੱਚਿਆ ਗਿਆ ਹੈ। ਪਰ ਦੁੱਖ ਦੀ ਗਲ ਹੈ ਇਹ ਹੈ ਕਿ ਅਸੀਂ ਸਾਵਣ ਮਹੀਨੇ ਦੇ ਇਸ ਕਾਲਜੇ ਵਿਚ ਠੰਢ ਪਾਉਣ ਵਾਲੇ ਆਲਮ ਨੂੰ ਅੱਜ ਕਲ੍ਹ ਖਰਾਬ ਹੀ ਨਹੀਂ ਕੀਤਾ ਸਗੋਂ ਰੱਜ ਕੇ ਖੱਜਲ-ਖੁਆਰ ਵੀ ਕਰ ਦਿਤਾ ਹੈ। ਚਾਰ- ਪੰਜ ਦਹਾਕੇ ਪਹਿਲਾਂ ਅਸੀਂ ਸੌਣ ਦੀ ਝੜੀ ਦੌਰਾਨ ਪੰਜਾਬ ਦੇ ਕਈ ਭਾਗਾਂ ਵਿਚ ਖੇਤਾਂ ਅਤੇ ਖੂਹਾਂ ਦਾ ਪਾਣੀ ਇਕ ਦੂਜੇ ਦੇ ਬਰੋ- ਬਰਾਬਰ ਹੋਇਆ ਆਪ ਦੇਖਿਆ ਹੈ। ਖੂਹ ਦੀ ਮੌਣ ਕੋਲ ਬਹਿ ਕੇ ਉਪਰੋਂ ਹੀ ਬੁੱਕ ਭਰ ਭਰ ਪੀਤਾ ਵੀ ਹੈ। ਅੱਜ ਕਲ੍ਹ ਇਹ ਨੌਬਤ ਆ ਗਈ ਹੈ ਕਿ ਮੋਟਰ ਲਾਉਣ ਲਈ 300-400 ਫੁੱਟ ਡੂੰਘਾ ਬੋਰ ਕਰ ਕੇ ਸਬਮਰਸੀਬਲ ਪੰਪ ਰਾਹੀਂ ਪਾਣੀ ਖਿੱਚਣਾ ਪੈਂਦੈ ਟਿਊਬਲ ਚਲਾਉਣ ਲਈ। ਨਲਕਿਆਂ ਦਾ ਪਾਣੀ ਤਾਂ ਭਲਾ ਸੁੱਕੇ ਨੂੰ ਦਹਾਕੇ ਹੋ ਗਏ ਹਨ। ਮਨੁੱਖ ਦੇ ਕੁਦਰਤ ਪ੍ਰਤੀ ਬਦਲੇ ਰਵੱਈਏ ਕਾਰਨ ਕੁਦਰਤ ਨੇ ਵੀ ਮਨੁੱਖ ਪ੍ਰਤੀ ਆਪਣਾ ਰਵੱਈਆ ਬਦਲ ਲਿਆ ਹੈ। ਜਿਨ੍ਹਾਂ ਪ੍ਰਾਂਤਾਂ ਵਿਚ ਪਿਛਲੇ 50-50 ਸਾਲਾਂ ਤੋਂ ਕਦੀ ਹੜ੍ਹ ਨਹੀਂ ਸਨ ਆਏ ਤੇ ਲੋਕ ਪਾਣੀ ਨੂੰ ਤਰਸਦੇ ਸਨ ਉਥੇ ਹੜ੍ਹ ਆਏ ਹੋਏ ਹਨ। ਜਿਸ ਪ੍ਰਾਂਤ ਦਾ ਨਾਂ ਹੀ ਪਾਣੀਆਂ ਉੱਪਰ ਹੈ ਅਤੇ ਜਿਥੇ ਕਦੀ ਮੂਸਲਾਧਾਰ ਬਾਰਿਸ਼ ਹੁੰਦੀ ਸੀ, ਉੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੀਕ ਹੇਠਾਂ ਚਲਾ ਗਿਆ ਹੈ ਅਤੇ ਹੋਰ ਜਾ ਰਿਹਾ ਹੈ। ਸਾਵਣ ਦੀ ਝੜੀ ਭਲਾ ਗਈ ਕਿਥੇ ? ਇਹ ਅੱਤ-ਆਧੁਨੀਕਰਨ, ਵਿਨਾਸ਼ਕਾਰੀ ਵਿਕਾਸ, ਅੰਨ੍ਹੇ ਪਦਾਰਥਵਾਦ, ਦਰੱਖ਼ਤਾਂ ਦੀ ਅੰਧਾ-ਧੁੰਦ ਕਟਾਈ, ਕੁਦਰਤ ਨਾਲ ਨਿਰਦਈ ਛੇੜਛਾੜ, ਉਦਯੋਗੀਕਰਨ, ਗੱਡੀਆਂ 'ਚੋਂ ਨਿਕਲਦੀ ਅੱਗ ਅਤੇ ਧੂੰਏਂ, ਧਰਤੀ ਦੀ ਤਪਸ਼, ਪਰਦੂਸ਼ਣ, ਵਾਤਾਵਰਨ ਦੇ ਅਸਾਵੇਂਪਨ ਦੀ ਬਲੀ ਚੜ੍ਹ ਗਈ ਹੈ। ਗਰਮੀਆਂ 'ਚ ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦਾ ਸੰਕਟ ਪੈਦਾ ਹੋ ਜਾਂਦੈ। ਫਿਜ਼ਾ 'ਚ ਸੇਕ, ਗੁਬਾਰ, ਗਰਦ, ਕਾਲਖ, ਮਿੱਟੀ-ਘੱਟਾ, ਧੂੜ-ਹਨੇਰੀ, ਸਾਹ-ਘੁਟਵੇਂ ਧੂੰਏਂ ਦੀ ਧੁੰਦ ਆਮ ਗੱਲ ਹੋ ਗਈ ਹੈ। ਸਾਡੀਆਂ ਲਾਪਰਵਾਹੀਆਂ ਨੇ ਮੌਸਮਾਂ ਦੇ ਸੁਭਾਉ ਬਦਲ ਦਿੱਤੇ ਹਨ। ਸਾਡੀ ਮੁਜਰਮਾਨਾ ਛੇੜ-ਛਾੜ ਨੇ ਮੌਸਮਾਂ ਦਾ ਮਿਜ਼ਾਜ਼ ਇਸ ਕਦਰ ਬਦਲ ਦਿਤਾ ਹੈ ਕਿ ਮੌਸਮ ਇਕ-ਡੇਢ ਮਹੀਨਾ ਅੱਗੋਂ-ਪਿੱਛੋਂ ਆਉਣ ਲੱਗ ਪਏ ਹਨ, ਭਾਵੇਂ ਮਹੀਨਿਆਂ ਦੇ ਨਾਂ ਤਾਂ ਉਹੀ ਹਨ ਅਤੇ ਉਹੀ ਰਹਿਣੇ ਹਨ। ਲਾਲਚੀ ਬੰਦੇ ਨੇ ਮੌਸਮਾਂ ਦੀ ਮੱਤ ਮਾਰ ਦਿਤੀ ਹੈ, ਰੁੱਤਾਂ ਦੀ ਰੱਤ ਨਿਚੋੜ ਛੱਡੀ ਹੈ, ਪੌਣਾਂ ਦੀ ਪੱਤ ਲੁੱਟ ਲਈ ਹੈ, ਪਾਣੀਆਂ ਨੂੰ ਪਤਿਤ ਕਰ ਮਾਰਿਆ ਹੈ,ਧਰਤੀ ਮਾਂ ਦੀ ਮਿੱਟੀ ਪਲੀਤ ਕਰ ਦਿਤੀ ਹੈ! ਦੁਨੀਆ ਭਰ ਵਿਚ ਗਲੋਬਲ ਵਾਰਮਿੰਗ, ਗਰੀਨ-ਹਾਊਸ ਗੈਸਾਂ, ਕਾਰਬਨ ਡਾਈਆ ਕਸਾਈਡ ਦੀ ਬਹੁਤਾਤ, ਜੰਗਲਾਂ ਦੀ ਕਟਾਈ ਕਾਰਨ ਤਪਸ਼ ਵਿਚ ਬੇਇੰਤਹਾ ਵਾਧਾ ਹੋਇਆ ਹੈ। ਸੁਹਾਵੀ ਧਰਤ, ਜਲ ਤੇ ਸਾਵਣ ਨੂੰ ਸੰਭਾਲੋ। ਕਿਧਰੇ ਇਹ ਐਨਾ ਨਾ ਸੁੱਕ ਜਾਣ ਕਿ ਸਿਰਫ਼ ਸਾਵਣ ਦੇ ਅੰਧੇ ਨੂੰ ਹੀ ਹਰਾ ਦਿਸੇ! ਪਪੀਹਾ ਤਾਂ ਸਵਾਂਤੀ ਬੂੰਦ ਨੂੰ ਤਰਸਦਾ ਪੀਹੂ ਪੀਹੂ ਦੀ ਪੁਕਾਰ ਨਾਲ ਹਲਕਾਣ ਹੋ ਜਾਂਦੈ, ਕਿਧਰੇ ਅਸੀਂ ਸਧਾਰਨ ਬੂੰਦ ਨੂੰ ਵੀ ਨਾ ਤਰਸ ਜਾਈਏ।•

ਸਿੱਖ ਆਪਣੀ ਦਸਤਾਰ ਦਾ ਸਤਿਕਾਰ ਅਤੇ ਇੱਜ਼ਤ ਹੀ ਨਹੀਂ ਕਰਦੇ ਸਗੋਂ ਇਹ ਆਪਣੇ ਦੁਸ਼ਮਣਾਂ ਦੀਆਂ ਦਸਤਾਰਾਂ ਦੀ ਵੀ ਪੂਰੀ ਕਦਰ ਕਰਦੇ ਹਨ...

# ਅਣਖ ਤੇ ਗ਼ੈਰਤ ਦੀ ਪ੍ਰਤੀਕ ਦਸਤਾਰ

**ਅਵਤਾਰ ਸਿੰਘ ਕੈਂਥ**



"ਜੇ ਤਖ਼ਤ ਨਹੀਂ, ਤੇ ਤਾਜ ਨਹੀਂ, ਤਾਂ ਕਿੰਗ ਨਹੀਂ। ਜੇ ਕੇਸ ਨਹੀਂ, ਦਸਤਾਰ ਨਹੀਂ, ਤਾਂ ਸਿੰਘ ਨਹੀਂ। " ਦਸਤਾਰ ਸਰਦਾਰੀ ਦੀ ਨਿਸ਼ਾਨੀ ਹੈ। ਇਸ ਲਈ ਇਸ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਿਤ ਕੀਤਾ ਗਿਆ ਹੈ। ਸਿੱਖੀ ਅਸੂਲਾਂ ਅਨੁਸਾਰ ਸਿੱਖ ਦੀ ਸਾਬਤ-ਸੂਰਤ ਸਿਰ ਉੱਪਰ ਦਸਤਾਰ ਨਾਲ ਹੀ ਪੂਰੀ ਹੁੰਦੀ ਹੈ। ਭਾਈ ਨੰਦ ਲਾਲ ਜੀ ਤਨਖਾਹਨਾਮੇ ਵਿਚ ਲਿਖਦੇ ਹਨ। 'ਕੰਘਾ ਦੋਨੋਂ ਵਕਤ ਕਰ, ਪਾਗ ਚੁਨਈ ਕਰ ਬਾਂਧਈ।' ਭਾਵ ਕਿ ਦਸਤਾਰ ਨੂੰ ਇਕੱਲਾ-ਇਕੱਲਾ ਪੇਚ ਕਰਕੇ ਲੜਾਂ ਨੂੰ ਚੁਣ-ਚੁਣ ਕੇ ਬੰਨ, ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਦਸਤਾਰ ਸਿੱਖੀ ਦੀ ਸ਼ਾਨ ਹੈ ਅਤੇ ਸਿੱਖ ਸਤਿਗੁਰਾਂ ਵੱਲੋਂ ਬਖਸ਼ਿਆ ਉਹ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਦੇ ਨਿਆਰੇਪਣ ਦੀ ਹੋਂਦ ਦਾ ਪ੍ਰਗਟਾਵਾ ਹੁੰਦਾ ਹੈ। ਇਹ ਇਕ ਅਜਿਹਾ ਚਿੰਨ੍ਹ ਹੈ ਜਿਸ ਨੂੰ ਧਾਰਨ ਕਰ ਕੇ ਹਰ ਸਿੱਖ ਦਾ ਸਿਰ ਫਖ਼ਰ ਨਾਲ ਉੱਚਾ ਹੋ ਜਾਂਦਾ ਹੈ। ਸਿੱਖ ਵਾਸਤੇ ਇਹ ਸਿਰਫ਼ ਇਕ ਧਾਰਮਿਕ ਚਿੰਨ੍ਹ ਹੀ ਨਹੀਂ, ਬਲਕਿ ਸਿੱਖ ਦੇ ਸਿਰ ਦਾ ਤਾਜ ਹੈ। ਇਸ ਦਸਤਾਰ ਰੂਪੀ ਤਾਜ ਨੂੰ ਕਾਇਮ ਰੱਖਣ ਲਈ ਅਨੇਕਾਂ ਕੁਰਬਾਨੀਆਂ ਹੋਈਆਂ ਹਨ। ਸਤਿਗੁਰੂ ਜੀ ਨੇ ਇਸ (ਦਸਤਾਰ) ਦੀ ਪੂਰੀ ਕੀਮਤ ਆਪਣੇ ਚਾਰ ਪੁੱਤਰ, ਮਾਤਾ-ਪਿਤਾ, ਅਤੇ ਬੇਅੰਤ ਸਿੰਘਾਂ ਅਤੇ ਆਪਾ ਵਾਰ ਕੇ ਤਾਰ ਦਿੱਤੀ ਹੈ। ਜਿਸ ਸਦਕਾ ਅੱਜ ਸਾਰੇ ਸੰਸਾਰ ਵਿਚ ਇਕ ਸਾਬਤ- ਸੂਰਤ ਦਸਤਾਰਧਾਰੀ ਨੂੰ "ਸਰਦਾਰ ਜੀ" ਕਹਿ ਕੇ ਬੁਲਾਇਆ ਜਾਂਦਾ ਹੈ। ਇਹ ਦਸਤਾਰ ਸਿੱਖੀ ਦੀ ਇਜ਼ਤ ਤੇ ਅਣਖ ਦੀ ਪ੍ਰਤੀਕ ਹੈ। ਸਾਡੇ ਸਮਾਜ ਵਿਚ ਦਸਤਾਰ ਜਾਂ ਪੱਗ ਨੂੰ ਹੱਥ ਪਾਉਣ, ਪੱਗ ਲਾਹੁਣ, ਪੱਗ ਰੋਲਣ, ਪੱਗ ਪੈਰੀਂ ਰੱਖਣ ਤੋਂ ਵੱਡੀ ਹੋਰ ਬੇਇੱਜ਼ਤੀ ਨਹੀਂ। ਦਸਤਾਰ ਲਈ ਮਰ-ਮਿਟਣ ਵਾਲੇ ਸੂਰਮਿਆਂ ਦੀਆਂ ਵਾਰਤਾਵਾਂ ਆਮ ਪ੍ਰਚੱਲਤ ਹਨ। ਇਕ ਸਮਾਂ ਸੀ ਜਦ ਸਿੱਖੀ ਲਈ, ਕੇਸਾਂ ਲਈ, ਅਤੇ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਸਿਰ ਦੇ ਇਸ ਤਾਜ ਲਈ ਸ਼ਹਾਦਤ ਦਾ ਜਾਮ ਪੀਣ ਵਿਚ ਜ਼ਰਾ ਦੇਰ ਨਹੀਂ ਲਾਉਂਦੇ ਸਨ। ਪਰ ਅਜੋਕੇ ਸਮੇਂ ਸਿੱਖ ਨੌਜਵਾਨਾਂ ਵੱਲੋਂ ਪੱਗ ਦੇ ਮਹੱਤਵ ਨੂੰ ਅਣਗੌਲਿਆ ਜਾ ਰਿਹਾ ਹੈ। ਅੱਜ ਨੌਜਵਾਨ, ਆਪਣੇ ਅਮੀਰ ਵਿਰਸੇ ਤੋਂ ਅਣਜਾਣ, ਗੁੰਮਰਾਹ ਹੋ ਕੇ ਧੜਾਧੜ ਕੇਸਾਂ ਦੀ ਬੇਅਦਬੀ ਕਰ ਰਹੇ ਹਨ। ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਗੁਲਾਮ ਮਾਨਸਿਕਤਾ ਵਾਲੇ ਲੋਕਾਂ ਨੂੰ ਝੰਜੋੜ ਕੇ ਉਨ੍ਹਾਂ ਨੂੰ ਅਣਖ, ਗ਼ੈਰਤ ਨਾਲ ਜੀਉਣ ਲਈ ਪ੍ਰੇਰਿਆ। ਆਪ ਜੀ ਨੇ ਉਹਨਾਂ ਹਿੰਦੁਸਤਾਨੀ ਲੋਕਾਂ ਨੂੰ ਸਖ਼ਤ ਲਾਹਨਤਾਂ ਪਾਈਆਂ ਜਿਹੜੇ ਵਿਦੇਸ਼ੀ ਹਾਕਮਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਆਪਣੀ ਬੋਲੀ, ਆਪਣੇ ਵਿਰਸੇ ਅਤੇ ਆਪਣੇ ਪਹਿਰਾਵੇ ਨੂੰ ਤਿਆਗ ਰਹੇ ਸਨ। ਆਪ ਜੀ ਜਾਣਦੇ ਸਨ ਕਿ ਇਹ ਪ੍ਰਵਿਰਤੀ ਮਾਨਸਿਕ ਗ਼ੁਲਾਮੀ ਦਾ ਕਾਰਨ ਬਣੇਗੀ, ਜੋ ਕਿ ਰਾਜਸੀ ਗੁਲਾਮੀ ਨਾਲੋਂ ਵੱਧ ਖਤਰਨਾਕ ਹੈ। ਇੱਥੇ ਇਕ ਹੋਰ ਗੱਲ ਦੱਸਣਯੋਗ ਹੈ ਕਿ ਸਿੱਖ ਆਪਣੀ ਦਸਤਾਰ ਦਾ ਸਤਿਕਾਰ ਅਤੇ ਇੱਜ਼ਤ ਤਾਂ ਕਰਦੇ ਹੀ ਹਨ, ਸਗੋਂ ਇਹ ਆਪਣੇ ਦੁਸ਼ਮਣਾਂ ਦੀਆਂ ਦਸਤਾਰਾਂ ਦੀ ਵੀ ਪੂਰੀ ਕਦਰ ਕਰਦੇ ਹਨ। ਮੁਹਸਨ ਫਾਨੀ ਨੇ ਲਿਖਿਆ ਹੈ ਕਿ ਸਿੱਖ ਦੁਸ਼ਮਣ ਦੀ ਦਸਤਾਰ ਦੀ ਵੀ ਇੱਜ਼ਤ ਕਰਦੇ ਸਨ, ਜਦੋਂ ਮੈਦਾਨ - ਏ-ਜੰਗ ਵਿਚ ਕਿਸੇ ਦੁਸ਼ਮਣ ਦੇ ਸਿਰ ਤੋਂ ਉਸਦੀ ਪੱਗ ਲੱਥ ਜਾਂਦੀ ਤਾਂ ਇਹ ਤਲਵਾਰ ਦਾ ਵਾਰ ਰੋਕ ਕੇ ਉਸਨੂੰ ਮੁਖਾਤਿਬ ਹੁੰਦਿਆਂ ਕਹਿੰਦੇ ਸਨ, ਭਲੇ -ਮਾਣਸਾ! ਆਪਣੀ ਪੱਗ ਸੰਭਾਲ। ਮੈਂ ਤੇਰੀ ਇੱਜ਼ਤ ਉਤਾਰਨ ਲਈ ਹੀ ਜੰਗ ਵਿਚ ਨਹੀਂ ਆਇਆ ਹਾਂ, ਮੇਰੀ ਲੜਾਈ ਸਿਰਫ਼ ਤੇ ਸਿਰਫ਼ ਜ਼ੁਲਮ ਦੇ ਖ਼ਿਲਾਫ਼ ਹੈ। ਸ.ਗੁਰਬਖਸ਼ ਸਿੰਘ ਜੀ ਯੂ.ਕੇ.ਵਾਲਿਆਂ ਨੇ ਲਿਖਿਆ ਹੈ ਕਿ ਇੱਕ ਵਾਰ ਅਮਰੀਕਾ ਵਿਚ ਇਕ ਸਿੱਖ ਡਾਕਟਰ (ਜੋ ਉਨ੍ਹਾਂ ਦਾ ਦੋਸਤ ਵੀ ਸੀ) ਨੂੰ ਡਿਗਰੀ (ਪੀ.ਐੱਚ.ਡੀ) ਪਾਸ ਕਰਨ ਤੋਂ ਬਾਅਦ ਵੀ ਜਦ ਉਸਨੂੰ ਨੌਕਰੀ ਲਈ ਉਤਰ ਨਾਂਹ ਦਾ ਹੀ ਮਿਲਦਾ ਰਿਹਾ ਤਾਂ ਉਸ ਦੇ ਡੀਨ ਨੇ ਉਸ ਨੂੰ ਕਿਹਾ " ਡਾਕਟਰ ਸਿੰਘ! ਤੇਰੇ ਮੂੰਹ ਦੇ ਉਪਰਲੀ ਦਾਹੜੀ ਅਤੇ ਸਿਰ ਤੇ ਸਜੀ ਤੇਰੀ ਦਸਤਾਰ ਵੇਖ ਕੇ ਤੈਨੂੰ ਕੋਈ ਵੀ ਨੌਕਰੀ ਦੇਣ ਲਈ ਤਿਆਰ ਨਹੀਂ ਹੋ ਰਿਹਾ। ਮੈਂ ਮਨੋਵਿਗਿਆਨੀ ਨੂੰ ਖਰਚਾ ਦੇ ਦਿੰਦੀ ਹਾਂ ਜੋ ਤੈਨੂੰ ਇਹ ਸਮਝਾ ਸਕੇ ਕੇ ਇਨ੍ਹਾਂ ਚੀਜਾਂ ਦੀ ਤੈਨੂੰ ਕੋਈ ਲੋੜ ਨਹੀਂ ਹੈ ਤਾਂ ਕਿ ਤੈਨੂੰ ਆਪਣੇ ਕੇਸ ਦਾਹੜੀ ਦਾ ਤਿਆਗ ਕਰਨ ਅਤੇ ਦਸਤਾਰ ਉਤਾਰਨ ਵਿਚ ਕੋਈ ਵੀ ਦੁੱਖ ਮਹਿਸੂਸ ਨਾ ਹੋਵੇ।" ਤਾਂ ਅੱਗੋਂ ਉਸ ਸਾਬਤ-ਸੂਰਤ ਸਿੱਖ ਡਾਕਟਰ ਦਾ ਜੁਆਬ ਸੀ ਕਿ "ਧੰਨਵਾਦ! ਤੁਹਾਨੂੰ ਇਸ ਦਸਤਾਰ ਦੀ ਕੀਮਤ ਦਾ ਪਤਾ ਨਹੀਂ। ਇਹ ਮੈਨੂੰ ਆਪਣੀ ਜਾਨ ਨਾਲੋਂ ਵੀ ਵੱਧ ਪਿਆਰੀ ਹੈ। ਮੈਂ ਡਾਕਟਰ ਜਾਂ ਪ੍ਰੋਫੈਸਰੀ ਬਲਦੇ ਇਸਨੂੰ ਤਿਆਗ ਨਹੀਂ ਸਕਦਾ, ਇਸਨੂੰ ਵੇਚ ਨਹੀਂ ਸਕਦਾ।' ਘਰ ਆਉਂਦਾ ਕੋਈ ਹੋਰ ਕੰਮ ਕਰਨ ਬਾਰੇ ਸੋਚ ਰਿਹਾ ਸੀ। ਜਦ ਉਸ ਨੇ ਆਪਣੀ ਡਾਕ ਵੇਖੀ ਤਾਂ ਵੇਖਦਿਆਂ ਹੀ ਆਪਣਾ ਸਿਰ ਗੁਰੂ ਚਰਨਾਂ ਵਿਚ ਝੁਕਾ ਕੇ ਉਸ ਦਾ ਧੰਨਵਾਦ ਕਰਨ ਲੱਗ ਪਿਆ ਕਿ "ਐ ਗੁਰੂ ਪਾਤਸ਼ਾਹ! ਤੇਰਾ ਧੰਨਵਾਦ ਹੈ। ਜੋ ਤੂੰ ਮੈਨੂੰ ਅੱਜ ਲਏ ਇਮਤਿਹਾਨ ਵਿਚ ਪਾਸ ਹੋਣ ਲਈ ਸਮੱਰਥਾ ਅਤੇ ਤਾਕਤ ਦਿੱਤੀ। " ਦਰਅਸਲ ਉਸ ਨੂੰ ਯੂ.ਐੱਨ.ਓ ਵੱਲੋਂ ਇਕ ਬਹੁਤ ਹੀ ਵੱਡੀ ਅਤੇ ਮਾਣ ਵਾਲੀ ਨੌਕਰੀ ਦੀ ਚਿੱਠੀ ਮਿਲੀ ਸੀ। ਫਿਰ ਉਹ ਉੱਚੀ ਪਦਵੀ ਤੋਂ ਦਸਤਾਰ, ਕੇਸਾਂ ਅਤੇ ਦਾਹੜੀ ਸਮੇਤ ਰਿਟਾਇਰ ਹੋ ਕੇ ਅਮਰੀਕਾ ਵਿਚ ਰਹਿਣ ਲੱਗ ਪਿਆ ਸੀ। ਗੁਰਬਖਸ਼ ਸਿੰਘ ਜੀ ਲਿਖਦੇ ਹਨ ਕਿ ਉਹ ਸਾਰੀ ਗੱਲ ਦੱਸ ਕੇ ਕਹਿਣ ਲੱਗਾ ਕਿ "ਅਸੀਂ ਹੀ ਡੋਲ ਜਾਂਦੇ ਹਾਂ ਉਂਝ ਗੁਰੂ ਤਾਂ ਹਰ ਸਮੇਂ ਸਾਡੇ ਨਾਲ ਰਹਿੰਦਾ ਹੈ।" ਅਜੋਕੇ ਸਮੇਂ ਪੱਛਮੀ ਸਭਿਅਤਾ ਦੀ ਨਕਲ ਕਰਨ ਵਾਲੇ ਸੋਚਣ ਕਿ ਆਪਣੇ ਅਨਮੋਲ ਵਿਰਸੇ ਦਾ ਤਿਆਗ ਕਰ ਕੇ ਕਿਉਂ ਅੰਨ੍ਹੇਵਾਹ ਪੱਛਮੀ ਸੱਭਿਆਚਾਰ ਨੂੰ ਧਾਰਨ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਕੀ ਇਹ ਗ਼ੁਲਾਮ ਮਾਨਸਿਕਤਾ ਦਾ ਪ੍ਰਗਟਾਵਾ ਨਹੀਂ ? ਅੱਜ ਤੋਂ ਪੁਰਾਣੇ ਸਮੇਂ ਵਿਚ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ 'ਤੇ ਮਾਣ ਕਰਦੀਆਂ ਸਨ। ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ। ਆਪਣੇ ਵਿਰਸੇ ਨੂੰ ਭੁਲਾ ਦੇਣ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ ? ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅੱਜ ਜਦੋਂ ਵਿਦੇਸ਼ਾਂ ਵਿਚ ਵੱਸਦੇ ਸਿੱਖ ਲੋਹ-ਟੋਪ ਪਹਿਨਣ ਦੀ ਥਾਂ ਦਸਤਾਰ ਦੇ ਗੌਰਵ ਨੂੰ ਬਰਕਾਰ ਰੱਖਣ ਲਈ ਅਦਾਲਤੀ ਸੰਘਰਸ਼ ਕਰ ਰਹੇ ਹਨ ਪਰ ਅਸੀਂ ਆਪਣੀ ਧਰਤੀ 'ਤੇ ਹੀ ਦਸਤਾਰ ਤਿਆਗ ਕੇ ਆਪਣੇ ਗੌਰਵਮਈ ਵਿਰਸੇ ਨੂੰ ਕਲੰਕਿਤ ਕਰ ਰਹੇ ਹਾਂ। ਬੇਸ਼ੱਕ ਇਸਦੇ ਕਾਰਨ ਕੋਈ ਵੀ ਹੋਣ। ਇਸ ਲਈ ਸਾਨੂੰ ਵਿਸ਼ੇਸ਼ ਤੌਰ 'ਤੇ ਯਤਨ ਕਰਨੇ ਚਾਹੀਦੇ ਹਨ ਅਤੇ ਆਪਣੀ ਦਸਤਾਰ ਅਤੇ ਅਣਖ ਨੂੰ ਖ਼ੁਦ ਕਾਇਮ ਕਰਨਾ ਹੈ ਤਾਂ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੀ ਸਰਦਾਰੀ ਨੂੰ ਸੰਸਾਰ ਦੀ ਦਿੱਖ ਬਣਾ ਸਕੀਏ। ਟੋਪੀ ਬਾਰੇ ਕਵੀ ਜਾਚਕ ਨੇ ਬੜਾ ਸੋਹਣਾ ਲਿਖਿਆ ਹੈ। ਸਿੱਖੀ ਸਰੂਪ ਦੇ ਸੁੰਦਰ ਮੁਨਾਰਿਆਂ ਨੂੰ, ਕੈਂਚੀ ਬਲੇਡ ਦੇ ਨਾਲ ਨੇ ਢਾਈ ਫਿਰਦੇ। ਕਈ ਗੁਰਸਿੱਖਾਂ ਦੇ ਪੁੱਤ ਪਤਿਤ ਹੋ ਕੇ, ਚਿੱਟੀ ਪੱਗ ਨੂੰ ਦਾਗ਼ ਨੇ ਲਾਈ ਫਿਰਦੇ। ਕਤਲ ਕਰਵਾਂਦੇ ਨੇ ਕੇਸ ਇਹ ਬੋਝ ਕਹਿ ਕੇ, ਐਪਰ ਸਰੀਰ ਦਾ ਬੋਝ ਇਹ ਚਾਈ ਫਿਰਦੇ। ਸੁੰਦਰ ਸੋਹਣੀ 'ਦਸਤਾਰ' ਨੂੰ ਛੱਡ ਕੇ ਤੇ, ਅੱਜ ਟੋਪੀਆਂ ਸਿਰਾਂ 'ਤੇ ਪਾਈ ਫਿਰਦੇ।

ਪਾਵਨ ਕੇਸਾਂ ਦਾ ਪੂਰਾ ਸਤਿਕਾਰ ਕਰਨਾ, ਇਹਨੂੰ ਸਮਝ ਕੇ ਸਿੱਖੀ ਦੀ ਮੋਹਰ ਆਪਾਂ। ਰੋਮ ਕੱਟਦੀਆਂ ਸਿੱਖਾਂ ਦੀਆਂ ਬੀਬੀਆਂ ਨੂੰ, ਕਰਨ ਦੇਈਏ ਨਾ ਪਾਪ ਇਹ ਘੋਰ ਆਪਾਂ। ਸਜਾਉਣੀ ਸੋਹਣੀ ਦਸਤਾਰ ਏ ਸੀਸ ਉੱਤੇ, ਨੰਗੇ ਸਿਰ ਨਹੀਂ ਤੁਰਨੀ ਤੋਰ ਆਪਾਂ। ਰਹਿਣੈ 'ਜਾਚਕ' ਸਦਾ ਹੀ ਸ਼ੇਰ ਬਣਕੇ, ਨਹੀਂ ਗਿੱਦੜ ਦਾ ਬਣਨਾ ਕੁੱਝ ਹੋਰ ਆਪਾਂ। ਅੱਜ ਲੋੜ ਹੈ, ਗੌਰਵਮਈ ਵਿਰਸੇ ਨੂੰ ਸੰਭਾਲਣ ਦੀ। ਆਪਣੀ ਅਣਖ ਅਤੇ ਗੈਰਤ ਨੂੰ ਕਾਇਮ ਰੱਖਣ ਦੀ। ਦਸਤਾਰ ਅਣਖ ਅਤੇ ਅਜ਼ਾਦੀ ਦੀ ਨਿਸ਼ਾਨੀ ਹੈ।•

## ਬੋਧ ਵਿਚਾਰ: ਉਮਰ ਦੀ ਗਿਣਤੀ



ਇਕ ਵਾਰ ਗੌਤਮ ਬੁੱਧ ਨੂੰ ਮਿਲਣ ਸਮਰਾਟ ਪ੍ਰਸੇਨਜਿਤ ਆਏ। ਉਨ੍ਹਾਂ ਦੋਹਾਂ ਦੀ ਗੱਲਬਾਤ ਸਮੇਂ ਕਿਸੇ ਦੂਜੇ ਵਿਅਕਤੀ ਨੇ ਦਖਲ ਨਹੀਂ ਦਿੱਤਾ। ਇਸ ਦੀ ਇਕ ਮੁੱਖ ਵਜ੍ਹਾ ਇਹ ਹੈ ਕਿ ਖ਼ੁਦ ਗੌਤਮ ਬੁਧ ਸਮਰਾਟ ਨਾਲ ਗੱਲ ਕਰ ਰਹੇ ਸਨ। ਕੁਝ ਹੀ ਦੇਰ ਬਾਅਦ ਇਕ ਬਿਰਧ ਭਿਕਸ਼ੂ ਨੂੰ ਵਿਚ ਦਖਲ ਦੇਣਾ ਪਿਆ, ਕਿਉਂਕਿ ਉਸ ਨੇ ਬੁੱਧ ਦਾ ਸੰਦੇਸ਼ ਪਹੁੰਚਾਉਣ ਲਈ ਸੂਰਜ ਅਸਤ ਹੋਣ ਤੋਂ ਪਹਿਲਾਂ ਜਾਣਾ ਸੀ ? ਉਹ ਬਗੈਰ ਬੁੱਧ ਦੇ ਪੈਰ ਛੂਹੇ ਜਾ ਨਹੀਂ ਸਕਦੇ ਸਨ। ਭਿਕਸ਼ੂ ਨੇ ਪ੍ਰਸੇਨਜਿਤ ਨੂੰ ਕਿਹਾ, 'ਮੈਨੂੰ ਮਾਫ਼ ਕਰਨਾ, ਸਿਰਫ਼ ਇਕ ਪਲ..ਮੈਂ ਬਸ ਬੁੱਧ ਦੇ ਪੈਰ ਛੂਹ ਲਵਾਂ। ਮੈਂ ਜਾਣਾ ਹੈ ਸੂਰਜ ਅਸਤ ਹੋਣ ਤੋਂ ਪਹਿਲਾਂ।' ਭਿਕਸ਼ੂ ਦੀ ਉਮਰ ਕਰੀਬ ਪੰਝਤਰ ਸਾਲ ਦੀ ਹੋਵੇਗੀ। ਰਾਜਾ ਨੇ ਉਸ ਤੋਂ ਪੁੱਛਿਆ,'ਭੰਤੇ, ਤੁਹਾਡੀ ਉਮਰ ਕਿੰਨੀ ਹੈ ? ਭਿਕਸ਼ੂ ਨੇ ਕਿਹਾ, 'ਮੈਂ ਸਿਰਫ਼ ਚਾਰ ਸਾਲ ਦਾ ਹਾਂ। ਪ੍ਰਸੇਨਜਿਤ ਵਿਸ਼ਵਾਸ ਨਾ ਕਰ ਸਕਿਆ। ਪਝੰਤਰ ਸਾਲ ਦਾ ਬੁੱਢਾ ਵਿਅਕਤੀ! ਇਹ ਪੂਰੀ ਤਰ੍ਹਾਂ ਅਸੰਭਵ ਹੈ ਕਿ ਉਹ ਚਾਰ ਸਾਲ ਦਾ ਹੀ ਹੋਵੇ। ਇਸ ਗੱਲ ਨੂੰ ਗੌਤਮ ਬੁੱਧ ਨੇ ਸਵੀਕਾਰ ਕਰ ਲਿਆ,ਇਹ ਹੋਰ ਵੀ ਵੱਧ ਹੈਰਾਨੀਜਨਕ ਸੀ। ਉਨ੍ਹਾਂ ਨੇ ਗੌਤਮ ਬੁੱਧ ਨੂੰ ਕਿਹਾ,'ਇਹ ਵਿਅਕਤੀ ਚਾਰ ਸਾਲ ਦਾ ਤਾਂ ਨਹੀਂ ਲੱਗਦਾ।' ਬੁੱਧ ਨੇ ਕਿਹਾ,'ਸ਼ਾਇਦ ਤੁਹਾਨੂੰ ਇਹ ਗੱਲ ਪਤਾ ਨਹੀਂ ਹੈ ਕਿ ਕਿਸ ਢੰਗ ਨਾਲ ਅਸੀਂ ਲੋਕ ਉਮਰ ਗਿਣਦੇ ਹਾਂ ? ਜਦ ਤਕ ਕਿ ਕੋਈ ਵਿਅਕਤੀ ਡੂੰਘੇ ਧਿਆਨ 'ਚ ਨਾ ਉਤਰੇ, ਉਸ ਜੋਤੀ ਨੂੰ ਨਾ ਜਾਣ ਲਵੇ, ਜੋ ਕੇਂਦਰ ਤੋਂ ਪ੍ਰਕਾਸ਼ਤ ਹੁੰਦੀ ਹੈ, ਉਹ ਅਜੇ ਪੈਦਾ ਨਹੀਂ ਹੋਇਆ ਹੈ। ਇਸ ਵਿਅਕਤੀ ਨੇ ਆਪਣੇ ਹੋਣ ਦੀ ਝਲਕ ਸਿਰਫ ਚਾਰ ਸਾਲ ਪਹਿਲਾਂ ਹੀ ਪਾਈ ਹੈ। ਉਸ ਤੋਂ ਪਹਿਲਾਂ ਜੋ ਪਝੰਤਰ ਸਾਲ ਨਿਕਲੇ, ਉਹ ਗਹਿਰੀ ਨੀਂਦ 'ਚ ਨਿਕਲ ਗਏ। ਉਹ ਇਸ ਦੀ ਉਮਰ ਵਾਂਗ ਨਹੀਂ ਗਿਣਾ ਜਾ ਸਕਦੇ।' ਪ੍ਰਸੇਨਜਿਤ ਬਹੁਤ ਉਲਝਣ 'ਚ ਪੈ ਗਏ, ਪਰ ਇਹ ਸੱਚ ਵੀ ਸੀ। ਪ੍ਰਸੇਨਜਿਤ ਜਦ ਇਸ ਗੱਲ ਦਾ ਮਰਮ ਸਮਝੇ, ਤਾਂ ਉਨ੍ਹਾਂ ਬੁੱਧ ਦੇ ਪੈਰ ਫੜ ਲਏ ਅਤੇ ਕਿਹਾ,'ਮੇਰੀ ਵੀ ਮਦਦ ਕਰੋ, ਤਾਂ ਕਿ ਮੈਂ ਵੀ ਫਿਰ ਜਨਮ ਲੈ ਸਕਾਂ। ਅਜੇ ਤਕ ਮੈਂ ਇਹੀ ਸੋਚਦਾ ਰਿਹਾ ਕਿ ਮੈਂ ਜ਼ਿੰਦਾ ਹਾਂ। ਤੁਸੀਂ ਮੈਨੂੰ ਦੱਸਿਆ ਕਿ ਮੈਂ ਮੁਰਦਾ ਹਾਂ।' ਗੌਤਮ ਬੁੱਧ ਨੇ ਕਿਹਾ,'ਸਿਰਫ ਇਹ ਜਾਣਨਾ ਕਿ ਅਜੇ ਤਕ ਤੁਸੀਂ ਮੁਰਦਾ ਸੀ, ਬਹੁਤ ਵੱਡੀ ਸ਼ੁਰੂਆਤ ਹੈ।

-ਓਸ਼ੋ

# ਐਸ.ਡੀ.ਐਮ ਪਟਿਆਲਾ ਪਿੰਡਾਂ 'ਚ ਕਿਸਾਨਾਂ ਨੂੰ ਮਿਲੇ, ਪਰਾਲੀ ਪ੍ਰਬੰਧਨ ਲਈ ਕੀਤਾ ਜਾਗਰੂਕ




**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ ਖੂੰਹਦ ਦੇ ਨਿਪਟਾਰੇ ਲਈ ਨਵੀਨਤਮ ਤਕਨੀਕਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਦੇ ਮਕਸਦ ਨਾਲ ਅੱਜ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਐਸ.ਡੀ.ਐਮ ਪਟਿਆਲਾ ਮਨਜੀਤ ਕੌਰ ਪਿੰਡਾਂ 'ਚ ਜਾ ਕੇ ਕਿਸਾਨਾਂ ਨੂੰ ਮਿਲੇ ਤੇ ਪਰਾਲੀ ਪ੍ਰਬੰਧਨ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ।

ਪਟਿਆਲਾ ਸਬ ਡਵੀਜ਼ਨ ਦੇ ਪਿੰਡ ਲੰਗ, ਚਲੈਲਾ, ਕਸਿਆਣਾ ਤੇ ਫੱਗਣ ਮਾਜਰਾ ਸਮੇਤ ਦਰਜਨ ਦੇ ਕਰੀਬ ਪਿੰਡ ਦਾ ਦੌਰਾ ਕਰਦਿਆਂ ਐਸ.ਡੀ.ਐਮ ਨੇ ਕਿਸਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਕੀਤੇ ਗਏ ਉਪਰਾਲਿਆਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਿਸਾਨ ਮਸ਼ੀਨਰੀ ਲਈ ਆਪਣੇ ਪਿੰਡ ਦੇ ਵਿਲੇਜ਼ ਲੈਵਲ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ ਜਾ ਫੇਰ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਬਣਾਈ ਗਈ 'ਉੱਨਤ ਕਿਸਾਨ' ਐਪ ਰਾਹੀਂ ਲੋੜੀਂਦੀ ਮਸ਼ੀਨਰੀ ਦੀ ਬੁਕਿੰਗ ਕਰਵਾ ਸਕਦੇ ਹਨ। ਇਸ ਮੌਕੇ ਉਨ੍ਹਾਂ ਪਿਛਲੇ ਸਾਲ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ।

ਇਸ ਦੌਰਾਨ ਐਸ.ਡੀ.ਐਮ ਮਨਜੀਤ ਕੌਰ ਨੇ ਕਿਸਾਨਾਂ ਤੇ ਪਿੰਡਾਂ ਦੇ ਹੋਰਨਾਂ ਵਸਨੀਕਾਂ ਨੂੰ ਪਰਾਲੀ ਨੂੰ ਅੱਗ ਲਾਏ ਜਾਣ ਕਾਰਨ ਕਿਸਾਨਾਂ ਦਾ ਖੁਦ ਦਾ ਅਤੇ ਧਰਤੀ ਸਮੇਤ ਪੌਣ-ਪਾਣੀ ਤੇ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਦੀ ਭਲਾਈ ਅਤੇ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਪੂਰੀ ਤਰ੍ਹਾਂ ਮਦਦ ਕਰੇਗੀ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਬੇਲਰ, ਚੌਂਪਰ, ਸੁਪਰ ਸੀਡਰ ਤੇ ਸਰਫੇਸ ਸੀਡਰ ਵਰਗੀ ਮਸ਼ੀਨਰੀ ਉਪਲਬੱਧ ਹੈ, ਕਿਸਾਨ ਆਪਣੇ ਖੇਤ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਲਈ ਤੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਪਰਾਲੀ ਦਾ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਨਾਲ ਨਿਪਟਾਰਾ ਕਰਨ। ਇਸ ਮੌਕੇ ਬਲਾਕ ਖੇਤੀਬਾੜੀ ਅਫ਼ਸਰ ਗੁਰਮੀਤ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਪਰਮਜੀਤ ਕੌਰ ਵੀ ਮੌਜੂਦ ਸਨ।

# ਕਰ ਵਿਭਾਗ ਵੱਲੋਂ ਟੈਕਸ ਚੋਰੀ ਰੋਕਣ ਲਈ ਪਟਿਆਲਾ ਸ਼ਹਿਰ, ਸਮਾਣਾ, ਪਾਤੜਾਂ, ਰਾਜਪੁਰਾ ਤੇ ਨਾਭਾ ਵਿਖੇ ਅਚਨਚੇਤ ਚੈਕਿੰਗ ਕਰਕੇ ਦੋ ਦਰਜਨ ਨੋਟਿਸ ਕੱਢੇ

**➢ ਵਪਾਰੀ ਹਰ ਤਰ੍ਹਾਂ ਦੇ ਵੇਚੇ ਸਮਾਨ ਦਾ ਪੂਰਾ ਬਿੱਲ ਕੱਟਣਾ ਯਕੀਨੀ ਬਣਾਉਣ, ਗਾਹਕ ਬਿਲ ਲੈਕੇ ਮੇਰਾ ਬਿਲ ਐਪ 'ਤੇ ਅਪਲੋਡ ਕਰਕੇ ਇਨਾਮ ਜਿੱਤਣ ➢ ਸਹਾਇਕ ਕਮਿਸ਼ਨਰ ਰਾਜ ਕਰ ਕੰਨੂ ਗਰਗ ਵੱਲੋਂ ਵਪਾਰੀਆਂ ਨਾਲ ਵੀ ਬੈਠਕ**

**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਸ ਚੋਰੀ ਰੋਕਣ ਲਈ ਕਰ ਵਿਭਾਗ ਦੇ ਸਹਾਇਕ ਕਮਿਸ਼ਨਰ, ਪਟਿਆਲਾ ਕੰਨੂ ਗਰਗ ਦੀ ਅਗਵਾਈ ਹੇਠ ਕਰ ਵਿਭਾਗ ਦੀਆਂ ਟੀਮਾਂ ਨੇ ਪਟਿਆਲਾ ਸ਼ਹਿਰ ਸਮੇਤ ਸਮਾਣਾ, ਪਾਤੜਾਂ, ਰਾਜਪੁਰਾ ਤੇ ਨਾਭਾ ਦੇ ਬਾਜ਼ਾਰਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਅਤੇ ਟੈਕਸ ਚੋਰੀ ਦੇ ਮਾਮਲੇ ਸਾਹਮਣੇ ਆਉਣ 'ਤੇ ਦੋ ਦਰਜਨ ਨੋਟਿਸ ਵੀ ਕੱਢੇ। ਇਸੇ ਦੌਰਾਨ ਸਹਾਇਕ ਕਮਿਸ਼ਨਰ ਕੰਨੂ ਗਰਗ ਨੇ ਵਪਾਰ ਮੰਡਲ ਦੇ ਵੱਖ-ਵੱਖ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਪੂਰਾ ਬਣਦਾ ਜੀ.ਐਸ.ਟੀ. ਅਤੇ ਸਾਰੇ ਬਿੱਲ ਕੱਟਣ ਸਬੰਧੀ ਜਾਣਕਾਰੀ ਦਿੱਤੀ।ਉਨ੍ਹਾਂ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਹਰ ਤਰ੍ਹਾਂ ਦੇ ਵੇਚੇ ਗਏ ਸਮਾਨ ਦਾ ਪੂਰਾ ਬਿੱਲ ਕੱਟਣਾ ਯਕੀਨੀ ਬਣਾਇਆ ਜਾਵੇ। ਕੰਨੂ ਗਰਗ ਨੇ ਕਿਹਾ ਕਿ ਸਮੂਹ ਵਪਾਰੀ ਤੇ ਦੁਕਾਨਦਾਰ ਇਹ ਯਕੀਨੀ ਬਣਾਉਣ ਕਿ ਉਹ ਗਾਹਕਾਂ ਨੂੰ ਸਮਾਨ ਵੇਚਣ ਸਮੇਂ ਬਿਲ ਜ਼ਰੂਰ ਦੇਣ, ਜਿਸ ਨੂੰ ਕਿ ਕਰ ਵਿਭਾਗ ਵੱਲੋਂ ਕਿਸੇ ਵੀ ਸਮੇਂ ਚੈਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਗਾਹਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਕੋਈ ਸਮਾਨ ਲੈਣ ਸਮੇਂ ਦੁਕਾਨਦਾਰ ਜਾਂ ਵਪਾਰੀ ਤੋਂ ਪੂਰਾ ਬਿਲ ਜ਼ਰੂਰ ਲੈਣ। ਉਨ੍ਹਾਂ ਕਿਹਾ ਕਿ ਗਾਹਕ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਬਿਲ ਲਿਆਓ, ਇਨਾਮ ਪਾਓ' ਸਕੀਮ ਦੇ ਤਹਿਤ ਮੇਰਾ ਬਿਲ ਐਪ 'ਤੇ ਅਪਲੋਡ ਕਰਕੇ ਇਨਾਮ ਹਾਸਲ ਕਰ ਸਕਦੇ ਹਨ।



ਕਰ ਵਿਭਾਗ ਦੇ ਸਹਾਇਕ ਕਮਿਸ਼ਨਰ, ਪਟਿਆਲਾ ਕੰਨੂ ਗਰਗ ਦੀ ਅਗਵਾਈ ਹੇਠ ਕਰ ਵਿਭਾਗ ਦੀ ਟੀਮ ਬਾਜ਼ਾਰਾਂ ਵਿੱਚ ਚੈਕਿੰਗ ਕਰਦੇ ਹੋਈ।

ਸਹਾਇਕ ਕਮਿਸ਼ਨਰ ਕੰਨੂ ਗਰਗ ਨੇ ਕਿਹਾ ਕਿ ਕਰ ਵਿਭਾਗ ਵੱਲੋਂ ਬਿਨ੍ਹਾਂ ਜੀ.ਐਸ.ਟੀ. ਰਜਿਸਟ੍ਰੇਸ਼ਨ ਤੋਂ ਕੰਮ ਕਰ ਰਹੇ ਅਤੇ ਜੀ.ਐਸ.ਟੀ. ਚੋਰੀ ਕਰ ਰਹੇ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਅਜਿਹੇ ਲੋਕਾਂ ਦੀ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਰ ਵਿਭਾਗ ਵੱਲੋਂ ਟੈਕਸ ਚੋਰੀ ਰੋਕਣ ਲਈ ਬਾਜ਼ਾਰਾਂ ਵਿੱਚ ਅਚਨਚੇਤ ਚੈਕਿੰਗ ਲਗਾਤਾਰ ਜਾਰੀ ਰਹੇਗੀ। ਕੰਨੂ ਗਰਗ ਨੇ ਕਿਹਾ ਕਿ ਜੇਕਰ ਕੋਈ ਮਾਲ ਬਿਨ੍ਹਾਂ ਬਿਲ ਤੋਂ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸਹਾਇਕ ਕਮਿਸ਼ਨਰ ਕੰਨੂ ਗਰਗ ਵੱਲੋਂ ਵਪਾਰੀਆਂ ਨਾਲ ਕੀਤੀ ਬੈਠਕ ਦੌਰਾਨ ਵਪਾਰੀਆਂ ਨੇ ਵਿਸ਼ਵਾਸ ਦੁਆਇਆ ਕਿ ਉਹ ਮਾਰਕਿਟ ਵਿਚ ਵਪਾਰੀਆਂ ਨਾਲ ਮੀਟਿੰਗਾਂ ਕਰਕੇ ਪੂਰੇ ਬਿੱਲ ਕੱਟਣ ਅਤੇ ਪੂਰਾ ਜੀ.ਐਸ.ਟੀ. ਭਰਵਾਉਣ ਸਬੰਧੀ ਹਰ ਸੰਭਵ ਯਤਨ ਕਰਨਗੇ ਅਤੇ ਜੋ ਟ੍ਰੇਡਰ ਹਾਲੇ ਤੱਕ ਜੀ.ਐਸ.ਟੀ. ਅਧੀਨ ਰਜਿਸਟਰ ਨਹੀਂ ਹੋਏ ਉਹਨਾਂ ਨੂੰ ਜਲਦ ਤੋਂ ਜਲਦ ਰਜਿਸਟਰ ਹੋਣ ਲਈ ਕਿਹਾ ਜਾਵੇਗਾ।

# ਟੈਕਸ ਚੋਰੀ ਰੋਕਣ ਤੇ ਜੀ.ਐਸ.ਟੀ ਵਸੂਲੀ ਵਧਾਉਣ ਲਈ ਕਰ ਵਿਭਾਗ ਸਰਗਰਮ

**ਕਰ ਵਿਭਾਗ ਦੇ ਪਟਿਆਲਾ ਡਵੀਜ਼ਨ ਦੇ ਡਿਪਟੀ ਕਮਿਸ਼ਨਰ ਵੱਲੋਂ ਮੈਰਿਜ ਪੈਲਸਾਂ ਅਤੇ ਵੱਖ-ਵੱਖ ਵਪਾਰ ਮੰਡਲ ਦੇ ਪ੍ਰਧਾਨਾਂ ਨਾਲ ਜੀ.ਐਸ.ਟੀ ਵਸੂਲੀ ਵਧਾਉਣ ਲਈ ਬੈਠਕ**



**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀ.ਐਸ.ਟੀ. ਚੋਰੀ ਰੋਕਣ ਅਤੇ ਜੀ.ਐਸ.ਟੀ ਵਸੂਲੀ ਵਧਾਉਣ ਲਈ ਪਟਿਆਲਾ ਮੰਡਲ ਦੇ ਡਿਪਟੀ ਕਮਿਸ਼ਨਰ ਰਮਨਪ੍ਰੀਤ ਕੌਰ ਨੇ ਮੈਰਿਜ ਪੈਲਸਾਂ ਦੇ ਮਾਲਕਾਂ ਤੇ ਨੁਮਾਇੰਦਿਆਂ ਅਤੇ ਇੰਡਸਟ੍ਰੀਅਲ ਏਰੀਆ ਪਟਿਆਲਾ ਦੇ ਵੱਖ-ਵੱਖ ਵਪਾਰ ਮੰਡਲ ਦੇ ਪ੍ਰਧਾਨਾਂ ਨਾਲ ਇੱਕ ਅਹਿਮ ਬੈਠਕ ਕੀਤੀ। ਰਮਨਪ੍ਰੀਤ ਕੌਰ ਨੇ ਵਪਾਰੀ ਨੁਮਾਇੰਦਿਆਂ ਨੂੰ ਜੀ.ਐਸ.ਟੀ. ਵਧਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ।ਉਨ੍ਹਾਂ ਦੇ ਨਾਲ ਸਹਾਇਕ ਕਮਿਸ਼ਨਰ ਕੰਨੂ ਗਰਗ ਵੀ ਮੌਜੂਦ ਸਨ।

ਇਸ ਮੀਟਿੰਗ ਵਿੱਚ ਵਪਾਰ ਮੰਡਲ ਦੇ ਪ੍ਰਧਾਨ ਅਸ਼ਵਨੀ ਕੁਮਾਰ, ਪ੍ਰਭਾਤ ਜੈਨ, ਮੁਨੀਸ਼ ਗੋਇਲ, ਕਪਿਲ ਗੁਪਤਾ, ਰਾਹੁਲ ਤਿਆਲ, ਰੋਹਿਤ ਬਾਂਸਲ, ਪਰਮਜੀਤ ਸਿੰਘ ਅਤੇ ਮੈਰਿਜ ਪੈਲੇਸਾਂ ਦੇ ਵੱਲੋਂ ਪ੍ਰਧਾਨ ਮਨਵਿੰਦਰ ਸਿੰਘ, ਹੀਮਾਂਸ਼ੂ ਸਿੰਗਲਾ, ਨਵਦੀਪ ਵਾਲੀਆ, ਹਰਜਿੰਦਰ ਸਿੰਘ, ਸੁਖਮਿੰਦਰ ਸਿੰਘ ਆਦਿ ਹਾਜਰ ਹੋਏ।

ਉਪ ਕਮਿਸ਼ਨਰ ਰਾਜ ਕਰ ਰਮਨਪ੍ਰੀਤ ਕੌਰ ਨੇ ਵਪਾਰੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਬਾਜ਼ਾਰ ਵਿੱਚ ਅਜੇ ਵੀ ਕੁਝ ਡੀਲਰ ਅਜਿਹੇ ਹਨ ਜਿਹੜੇ ਨਿਲ ਟੈਕਸ ਫਾਈਲ ਕਰ ਰਹੇ ਹਨ ਅਤੇ ਕੁਝ ਅਜਿਹੇ ਹਨ ਜਿਹੜੇ ਆਪਣਾ ਜੀਟੀਓ ਨਿਲ ਦਿਖਾ ਲਿਖਾਉਂਦੇ ਹਨ ਇਸ ਤੋ ਇਲਾਵਾ ਕੁਝ ਡੀਲਰ ਅਜਿਹੇ ਹਨ ਜੋ ਪੂਰਾ ਟੈਕਸ ਨਹੀ ਭਰਵਾ ਰਹੇ। ਉਨ੍ਹਾਂ ਦੱਸਿਆ ਕਿ ਅਜਿਹੇ ਸਾਰੇ ਡੀਲਰਾ ਦਾ ਡਾਟਾ ਸਿਸਟਮ ਵਿੱਚੋਂ ਕੱਢ ਲਿਆ ਗਿਆ ਹੈ ਇਸ ਲਈ ਉਹ ਕੋਈ ਕੁਤਾਹੀ ਨਾ ਕਰਨ ਨਹੀਂ ਤਾਂ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਨਿਰਦੇਸ਼ ਦਿੱਤੇ ਕਿ ਆਉਣ ਵਾਲੇ ਤਿਉਹਾਰੀ ਸੀਜ਼ਨ ਵਿੱਚ ਹਰ ਤਰ੍ਹਾਂ ਦੇ ਵੇਚੇ ਗਏ ਸਮਾਨ ਦਾ ਪੂਰਾ ਬਿੱਲ ਕੱਟਣਾ ਯਕੀਨੀ ਬਣਾਇਆ ਜਾਵੇ।

ਰਮਨਪ੍ਰੀਤ ਕੌਰ ਨੇ ਮੈਰਿਜ ਪੈਲੇਸਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਜਿਹੜੇ ਮੈਰਿਜ ਪੈਲੇਸ ਅਜੇ ਤੱਕ ਰਜਿਸਟਰਡ ਨਹੀਂ ਹਨ ਉਹਨਾਂ ਨੂੰ ਸੁਨੇਹਾ ਦੇ ਕੇ ਜਾਂ ਉਹਨਾਂ ਨਾਲ ਮੀਟਿੰਗਾਂ ਕਰਕੇ ਉਹਨਾਂ ਨੂੰ ਰਜਿਸਟਰਡ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਡੀਲਰ ਜਿਹੜਾ ਅਜੇ ਤੱਕ ਰਜਿਸਟਰਡ ਨਹੀ ਹੈ ਜਾ ਪੂਰਾ ਟੈਕਸ ਨਹੀ ਭਰਵਾ ਰਿਹਾ ਉਸ ਖ਼ਿਲਾਫ਼ ਜੀ.ਐਸ.ਟੀ ਐਕਟ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਵਿੱਚ ਹਾਜਰ ਹੋਏ ਨੁਮਾਇੰਦਿਆਂ ਨੇ ਵਿਸ਼ਵਾਸ ਦੁਆਇਆ ਕਿ ਉਹ ਮਾਰਕਿਟ ਵਿਚ ਵਪਾਰੀਆਂ ਨਾਲ ਮੀਟਿੰਗਾਂ ਕਰਕੇ ਪੂਰੇ ਬਿੱਲ ਕੱਟਣ ਅਤੇ ਪੂਰਾ ਜੀ.ਐਸ.ਟੀ. ਭਰਵਾਉਣ ਸਬੰਧੀ ਹਰ ਸੰਭਵ ਯਤਨ ਕਰਨਗੇ ਅਤੇ ਜੋ ਟ੍ਰੇਡਰ ਹਾਲੇ ਤੱਕ ਜੀ.ਐਸ.ਟੀ.ਅਧੀਨ ਰਜ਼ਿਸਟਰ ਨਹੀਂ ਹੋਏ ਉਹਨਾਂ ਨੂੰ ਜਲਦ ਤੋਂ ਜਲਦ ਰਜ਼ਿਸਟਰ ਹੋਣ ਲਈ ਕਿਹਾ ਜਾਵੇਗਾ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਅੰਬਾਲਾ ਨਾਲ ਲਗਦੇ ਪਟਿਆਲਾ ਦੇ ਖੇਤਰਾਂ 'ਚ ਡਰਾਈ ਡੇਅ ਸਬੰਧੀ ਹੁਕਮ ਜਾਰੀ

**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਅੰਬਾਲਾ ਨਾਲ ਲਗਦੇ ਪਟਿਆਲਾ ਜ਼ਿਲ੍ਹੇ ਦੀ ਸੀਮਾ ਅੰਦਰ 8 ਕਿਲੋਮੀਟਰ ਦੇ ਏਰੀਏ ਵਿੱਚ ਮਿਤੀ 7 ਅਕਤੂਬਰ 2024 ਸ਼ਾਮ 6 ਵਜੇ ਤੋਂ ਮਿਤੀ 5 ਅਕਤੂਬਰ 2024 ਸ਼ਾਮ 5 ਵਜੇ ਤੱਕ ਅਤੇ ਵੋਟਾਂ ਦੀ ਗਿਣਤੀ ਵਾਲੇ ਦਿਨ ਮਿਤੀ 8 ਅਕਤੂਬਰ 2024 ਨੂੰ ਵੋਟਾਂ ਦਾ ਨਤੀਜਾ ਘੋਸ਼ਿਤ ਹੋਣ ਤੱਕ ਡਰਾਈ ਡੇਅ ਦੇ ਹੁਕਮ ਜਾਰੀ ਕੀਤੀ ਹਨ। ਇਸ ਦੌਰਾਨ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਅਤੇ ਵਿਅਕਤੀਆਂ ਦੁਆਰਾ ਸ਼ਰਾਬ ਸਟੋਰ ਕਰਨ ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਕਿਸੇ ਵੀ ਸ਼ਰਾਬ ਦੇ ਠੇਕੇ (ਦੇਸੀ ਅਤੇ ਅੰਗਰੇਜ਼ੀ), ਹੋਟਲ, ਦੁਕਾਨ, ਰੈਸਟੋਰੈਂਟ, ਕਲੱਬ, ਬੀਅਰ ਬਾਰ, ਅਹਾਤੇ ਜਿਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜ਼ਤ ਹੈ ਜਾ ਕਿਸੇ ਹੋਰ ਜਨਤਕ ਥਾਵਾਂ ਆਦਿ ਤੇ ਸ਼ਰਾਬ ਦੀ ਵਿੱਕਰੀ ਕਰਨ, ਵਰਤੋਂ ਕਰਨ, ਪੀਣ, ਪਿਲਾਉਣ, ਸਟੋਰ ਕਰਨ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਤੇ ਮੁਕੰਮਲ ਪਾਬੰਦੀ ਹੋਵੇਗੀ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦਫ਼ਤਰ ਡਿਪਟੀ ਕਮਿਸ਼ਨਰ ਅੰਬਾਲਾ ਵੱਲੋਂ ਜ਼ਿਲ੍ਹਾ ਅੰਬਾਲਾ ਦੇ ਨਾਲ ਲਗਦੇ ਪਟਿਆਲਾ ਜ਼ਿਲ੍ਹੇ ਦੀਆਂ ਸੀਮਾ ਅੰਦਰ 8 ਕਿਲੋਮੀਟਰ ਤੱਕ ਦੇ ਏਰੀਆ ਵਿੱਚ ਮਿਤੀ 7 ਅਕਤੂਬਰ 2024 ਸ਼ਾਮ 6 ਵਜੇ ਤੋਂ ਮਿਤੀ 5 ਅਕਤੂਬਰ 2024 ਸ਼ਾਮ 5 ਵਜੇ ਤੱਕ ਅਤੇ ਵੋਟਾਂ ਦੀ ਗਿਣਤੀ ਵਾਲੇ ਦਿਨ ਮਿਤੀ 8 ਅਕਤੂਬਰ 2024 ਨੂੰ ਵੋਟਾਂ ਦਾ ਨਤੀਜਾ ਘੋਸ਼ਿਤ ਹੋਣ ਤੱਕ ਡਰਾਈ ਡੇਅ ਘੋਸ਼ਿਤ ਕਰਨ ਦੀ ਬੇਨਤੀ ਕੀਤੀ ਗਈ ਹੈ, ਜਿਸ ਤਹਿਤ ਇਹ ਹੁਕਮ ਜਾਰੀ ਕੀਤੇ ਗਏ ਹਨ।

**ਹਾੜੀ ਦੀਆਂ ਫ਼ਸਲਾਂ ਲਈ ਜ਼ਿਲ੍ਹੇ 'ਚ ਡੀਏਪੀ ਖਾਦ ਦੀ ਸਪਲਾਈ ਨਿਰੰਤਰ ਜਾਰੀ**

# ਸਹਿਕਾਰੀ ਸਭਾਵਾਂ ਨੂੰ ਪਹਿਲ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ ਡੀਏਪੀ ਖਾਦ ਦੀ ਸਪਲਾਈ : ਡਿਪਟੀ ਕਮਿਸ਼ਨਰ

**ਪਟਿਆਲਾ, 7 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾੜੀ ਦੀਆਂ ਫ਼ਸਲਾਂ ਲਈ ਜ਼ਿਲ੍ਹੇ 'ਚ ਡੀਏਪੀ ਖਾਦ ਦੀ ਸਪਲਾਈ ਨਿਰੰਤਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਪਲਾਈ ਹੋ ਰਹੀ ਖਾਦ ਪਹਿਲ ਦੇ ਆਧਾਰ 'ਤੇ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਨੂੰ ਕੀਤੀ ਜਾ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਖਾਦ ਲੈਣ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ ਹਾੜੀ ਸੀਜ਼ਨ ਦੌਰਾਨ 2 ਲੱਖ 30 ਹਜ਼ਾਰ ਹੈਕਟੇਅਰ ਰਕਬੇ ਵਿੱਚ ਕਣਕ, ਆਲੂ, ਸਰ੍ਹੋਂ ਤੇ ਸਬਜ਼ੀਆਂ ਦੀ ਬਿਜਾਈ ਕੀਤੀ ਜਾਂਦੀ ਹੈ, ਇਸ ਲਈ 30 ਹਜ਼ਾਰ ਐਮ.ਟੀ. ਡੀਏਪੀ ਖਾਦ ਦੀ ਲੋੜ ਹੁੰਦੀ ਹੈ ਤੇ ਜ਼ਿਲ੍ਹੇ ਅੰਦਰ ਲਗਾਤਾਰ ਡੀਏਪੀ ਦੇ ਰੈਕ ਲੱਗ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋੜ ਅਨੁਸਾਰ ਕਿਸਾਨਾਂ ਨੂੰ ਖਾਦ ਦੀ ਸਪਲਾਈ ਕੀਤੀ ਜਾ ਰਹੀ ਹੈ।



ਸਹਿਕਾਰੀ ਸਭਾਵਾਂ ਦੇ ਡਿਪਟੀ ਰਜਿਸਟਰਾਰ ਸੰਗਰਾਮ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ ਸਾਰੀਆਂ 263 ਸਹਿਕਾਰੀ ਸਭਾਵਾਂ ਵਿੱਚ ਕਿਸਾਨਾਂ ਨੂੰ ਖਾਦ ਉਪਲਬੱਧ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਹਾਲੇ ਵਾਢੀ ਸ਼ੁਰੂ ਹੋਈ ਹੈ ਪਰ ਸਹਿਕਾਰੀ ਸਭਾਵਾਂ ਵਿੱਚ ਖਾਦ ਪੁੱਜਣੀ ਸ਼ੁਰੂ ਹੋ ਚੁੱਕੀ ਹੈ ਤੇ ਜਦ ਕਿਸਾਨਾਂ ਨੂੰ ਖਾਦ ਦੀ ਜ਼ਰੂਰਤ ਹੋਵੇਗੀ ਉਸ ਸਮੇਂ ਤੱਕ ਖਾਦ ਪੂਰੀ ਉਪਲਬੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਖਾਦ ਦੀ 75 ਫ਼ੀਸਦੀ ਸਪਲਾਈ ਮਾਰਕਫੈੱਡ ਵੱਲੋਂ ਤੇ 25 ਫ਼ੀਸਦੀ ਈਫਕੋ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਆਪਣੀ ਨੇੜਲੀ ਸਹਿਕਾਰੀ ਸਭਾ ਨਾਲ ਰਾਬਤਾ ਰੱਖਣ ਦੀ ਅਪੀਲ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਝੋਨੇ ਦੀ ਵਾਢੀ ਕਰ ਰਹੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੇ ਸਹਿਯੋਗ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਕਿਸਾਨ ਪਰਾਲੀ ਦੀ ਨਿਪਟਾਰੇ ਲਈ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਦੀ ਵਰਤੋਂ ਕਰਨ ਤਾਂ ਜੋ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਧ ਸਕੇ ਤੇ ਖਾਦਾਂ ਦੀ ਵਰਤੋਂ 'ਚ ਕਮੀ ਆਵੇ।

# ਲੋਕਲ ਬਾਡੀ ਸੈੱਲ ਵੱਲੋਂ ਮਹਾਰਾਣੀ ਪ੍ਰਨੀਤ ਕੌਰ ਦਾ ਜਨਮ ਦਿਨ ਮਨਾਇਆ ਗਿਆ



**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇ.ਕੇ. ਮਲਹੋਤਰਾ ਕਨਵੀਨਰ ਲੋਕਲ ਬਾਡੀ ਸੈਲ ਪੰਜਾਬ ਅਤੇ ਕੋਨਵੀਨਰ ਇਲਗਾਨੀ ਸੁਕਲਾ,ਅਤੇ ਕੋਨਵੀਨਰ ਗੁਰਪ੍ਰੀਤ ਸਿੰਘ ਬਾਵਾ ਅਤੇ ਪੂਰੇ ਬੀ ਜੇ ਪੀ ਸਮਰਥਕਾਂ ਵੱਲੋ ਮਹਾਰਾਣੀ ਪ੍ਰਨੀਤ ਕੌਰ ਜੀ ਦਾ ਜਨਮ ਦਿਨ ਕੇਕ ਕੱਟ ਧੂਮ ਧਾਮ ਨਾਲ ਮਨਾ ਲੰਬੀ ਉਮਰ ਦੀ ਪ੍ਰਾਥਨਾ ਕੀਤੀ ਗਈ। ਇਸ ਮੋਕੇ ਕਰਨ ਗੋਡ, ਵਿਨਿਤ ਸਹਿਗਲ, ਸਿਕੰਦਰ ਚੋਹਾਨ, ਮਨਿੰਦਰ ਸਿੰਘ, ਹੋਰ ਆਏ ਸਭ ਮੈਂਬਰਾ ਨੇ ਸੁਭਕਾਵਨਾਵਾ ਦਿੱਤੀਆਂ।

# ਜੂਡੀਸ਼ਲ ਕੋਰਟ ਕੰਪਲੈਕਸ ਵਿਖੇ 'ਸਵੱਛਤਾ ਹੀ ਸੇਵਾ' ਅਭਿਆਨ ਚਲਾਇਆ ਗਿਆ




**ਫਾਜ਼ਿਲਕਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਜੀ ਦੀ ਰਹਿਨੁਮਾਈ ਹੇਠ ਮਿਊਂਸਪਲ ਕਮੇਟੀ, ਫਾਜ਼ਿਲਕਾ ਦੇ ਸਹਿਯੋਗ ਨਾਲ 'ਸਵੱਛਤਾ ਹੀ ਸੇਵਾ' ਅਭਿਆਨ ਚਲਾਇਆ ਗਿਆ, ਜਿਸ ਦੇ ਤਹਿਤ ਜੂਡੀਸ਼ਲ ਕੋਰਟ ਕੰਪਲੈਕਸ ਦੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਕੀਤਾ ਗਿਆ ਅਤੇ ਜੂਡੀਸ਼ਲ ਕੋਰਟ ਕੰਪਲੈਕਸ ਦੇ ਟਾਇਲਟ ਨੂੰ ਸਾਫ ਕਰਵਾਇਆ ਗਿਆ। ।

ਸ੍ਰੀ ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਵਾ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜਿਲਕਾ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ 'ਸਵੱਛਤਾ ਹੀ ਸੇਵਾ' ਇੱਕ ਮੁਹਿੰਮ ਹੈ ਜਿਸ ਦਾ ਉਦੇਸ਼ ਲੋਕਾਂ ਵਿੱਚ ਸਾਫ-ਸਫਾਈ ਅਤੇ ਹਾਈਜੀਨ ਦੇ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਹੈ। ਇਹ ਮੁਹਿੰਮ ਸਿਰਫ ਸਫਾਈ ਦੇ ਪ੍ਰਤੀ ਨਹੀਂ, ਸਗੋਂ ਸੇਵਾ ਦੇ ਰੂਪ ਵਿੱਚ ਸਫਾਈ ਨੂੰ ਅਪਨਾਉਣ ਅਤੇ ਸਮਾਜ ਦੇ ਹਿੱਤ ਲਈ ਸਫਾਈ ਨੂੰ ਇੱਕ ਸੇਵਾ ਸਮਝਣ ਤੇ ਜ਼ੋਰ ਦਿੰਦੀ ਹੈ। ਉਹਨਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ, ਆਸ-ਪਾਸ ਦੇ ਇਲਾਕੇ, ਗਲੀ-ਮੁਹੱਲਿਆਂ, ਦਫਤਰ ਅਤੇ ਦੁਕਾਨਾਂ ਦੀ ਸਫਾਈ ਕਰਨ ਲਈ ਪ੍ਰੇਰਿਤ ਕੀਤਾ ਅਤੇ ਦੱਸਿਆ ਕਿ ਸਫਾਈ ਰੱਖਣ ਨਾਲ ਜਿੱਥੇ ਵਾਤਾਵਰਨ ਸ਼ੁੱਧ ਹੁੰਦਾ ਹੈ, ਉੱਥੇ ਹੀ ਇਸ ਨਾਲ ਭਿਆਨਕ ਬਿਮਾਰੀਆਂ ਤੋਂ ਦੂਰ ਰਿਹਾ ਜਾ ਸਕਦਾ ਹੈ। ਇਸ ਮੌਕੇ ਤੇ ਮੈਡਮ ਅਮਨਦੀਪ ਕੌਰ, ਮਾਣਯੋਗ ਸਿਵਿਲ ਜੱਜ (ਸੀ. ਡੀ.), ਫਾਜ਼ਿਲਕਾ, ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ/ਸਿਵਿਲ ਜੱਜ (ਸੀ. ਡੀ.)—ਕਮ—ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ, ਸ਼੍ਰੀ ਹੇਮ ਅੰਮ੍ਰਿਤ ਮਾਹੀ ਮਾਣਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਫਾਜ਼ਿਲਕਾ ਵੀ ਮੌਜੂਦ ਰਹੇ।

# ਸੈਮੀਨਾਰ ਵਿੱਚ 877 ਨੂੰ 4 ਲੱਖ ਦੀ ਇਮਿਊਨਿਟੀ ਬੂਸਟਰ ਕਿਟ ਭੇਟ

**ਮਲੇਰਕੋਟਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਨਵੀ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਸਰਕਾਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਅਤੇ ਝੋਨੇ ਦੀ ਰਹਿੰਦ- ਖੂੰਹਦ ਦੀ ਸੁਚੱਜੀ ਸੰਭਾਲ ਕਰਨ ਸਬੰਧੀ ਚਲਾਈ ਜਾ ਰਹੀ ਮੁਹਿੰਮ ਦੀ ਲਗਾਤਾਰਤਾ ਤਹਿਤ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸ਼ ਤਹਿਤ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਦਾ ਆਯੋਜਨਪਿੰਡ ਕੁਠਾਲਾ ਵਿਖੇ ਕੀਤਾ ਗਿਆ ।




ਬਲਾਕ ਪੱਧਰੀ ਕੈਂਪ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ,ਅਹਿਮਦਗੜ੍ਹ ਦੇ ਖੇਤੀਬਾੜੀ ਵਿਕਾਸ ਅਫਸਰ, ਡਾ. ਰਾਕੇਸ਼ ਕੁਮਾਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਦੀ ਅਪੀਲ ਕਰਦਿਆਂ ਸੀ.ਆਰ.ਐਮ ਸਕੀਮ ਤਹਿਤ ਪਰਾਲੀ ਦੇ ਯੋਗ ਪ੍ਰਬੰਧਨ ਲਈ ਸਬਸਿਡੀ ਉੱਪਰ ਦਿੱਤੀ ਜਾਣ ਵਾਲੀਆਂ ਮਸ਼ੀਨਰੀ ਬਾਰੇ ਜਾਣਕਾਰੀ ਦਿੱਤੀ ਅਤੇ ਪਰਾਲੀ ਨੂੰ ਬਿਨਾਂ ਅੱਗ ਲਗਾ ਕੇ ਕਣਕ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ । ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਮਿਲਾ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਅਤੇ ਖੇਤੀ ਲਾਗਤ ਵਿੱਚ ਵੀ ਕਮੀ ਆਉਂਦੀ ਹੈ ਅਤੇ ਵਾਤਾਵਰਣ ਦੂਸਿਤ ਹੋਣ ਤੋਂ ਵੀ ਬੱਚਦਾ ਹੈ। ਕਿਸਾਨਾਂ ਨੂੰ ਕਸਟਮ-ਹਾਇਰਿੰਗ ਸੈਂਟਰ/ਕਿਸਾਨ ਗਰੁੱਪ ਬਣਾ ਕੇ ਸੀ.ਆਰ.ਐਮ ਸਕੀਮ ਅਧੀਨ ਵੱਧ ਤੋਂ ਵੱਧ ਸਬਸਿਡੀ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਇਸ ਕੈਂਪ ਵਿੱਚ ਹਾੜੀ ਦੀਆਂ ਫਸਲਾਂ ਦੀ ਕਾਸਤ ਸਬੰਧੀ ਜਾਣਕਾਰੀ ਵੀ ਸਾਂਝੀ ਕੀਤੀ ਗਈ।ਇਸ ਤੋਂ ਇਲਾਵਾ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਭਾਰਤ ਸਰਕਾਰ ਦੇ 'ਸਵੱਛਤਾ ਹੀ ਸੇਵਾ' 2024 ਮੁਹਿੰਮ ਤਹਿਤ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਨਾਲ ਨਾਲ ਸਾਫ ਸਫਾਈ ਸਬੰਧੀ ਮਹੱਤਵਪੂਰਨ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

# ਸ੍ਰੀ ਇੱਛਾ ਪੂਰਨ ਬਾਲਾ ਜੀ ਮੰਦਿਰ ਵਿਖੇ ਸ੍ਰੀ ਬਾਲਾ ਜੀ ਦੀ ਜੋਤ ਲਈ ਚਾਂਦੀ ਦੀ ਪਾਲਕੀ ਸਥਾਪਿਤ ਕੀਤੀ ਗਈ

**ਗੋਨੇਆਣਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸ੍ਰੀ ਇੱਛਾ ਪੂਰਨ ਬਾਲਾ ਜੀ ਮੰਦਿਰ ਵਿਖੇ ਸ੍ਰੀ ਬਾਲਾ ਜੀ ਦੀ ਜੋਤ ਪ੍ਰਕਾਸ਼ਿਤ ਕਰਨ ਲਈ ਚਾਂਦੀ ਦੀ ਪਾਲਕੀ ਵਿਰਾਜਮਾਨ ਕੀਤੀ ਗਈ ਪਾਲਕੀ ਵਿਰਾਜਮਾਨ ਕਰਨ ਤੋਂ ਪਹਿਲਾਂ ਮੰਦਰ ਦੇ ਮੁੱਖ ਪੁਜਾਰੀ ਰਵੀ ਸ਼ਾਸਤਰੀ ਦੁਆਰਾ ਮੰਤਰ ਉਚਾਰਨ ਅਤੇ ਵਿਧੀਵਤ ਪੂਜਾ ਕੀਤੀ ਗਈ ਅਤੇ ਉਸ ਤੋਂ ਬਾਅਦ ਹਿੰਦੂ ਮਹਾ ਗਠਬੰਧਨ ਦੇ ਪ੍ਰਧਾਨ ਵਿਪਨ ਕੁਮਾਰ ਚੀਕੂ ਦੁਆਰਾ ਜੋਤੀ ਪ੍ਰਕਾਸ਼ ਕਰਨ ਮੌਕੇ ਪੂਜਾ ਅਰਚਨਾ ਵੀ ਕੀਤੀ ਗਈ ਇਸ ਮੌਕੇ ਸ੍ਰੀ ਇੱਛਾ ਪੂਰਨ ਕਾਵੜ ਸੰਗ ਦੇ ਪ੍ਰਧਾਨ ਅਸ਼ੋਕ ਕੁਮਾਰ ਗਰਗ ਦੁਆਰਾ ਜੋਤੀ ਪ੍ਰਕਾਸ਼ ਕੀਤੀ ਗਈ



ਅਤੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਚੱਲ ਰਹੇ ਨਵਰਾਤਰਿਆਂ ਦੇ ਦਿਨਾਂ ਵਿੱਚ ਹੀ ਭਗਵਾਨ ਸ਼ੰਕਰ ਜੀ ਦੇ ਸ਼ਿਵਲਿੰਗ ਸਵਰੂਪ ਉੱਪਰ ਵੀ ਚਾਂਦੀ ਦੀ ਸੇਵਾ ਸ਼ੁਰੂ ਕਰ ਦਿੱਤੀ ਜਾਏਗੀ ਇਸ ਮੌਕੇ ਸ੍ਰੀ ਇੱਛਾ ਪੂਰਨ ਮੰਦਰ ਪ੍ਰਧਾਨ ਸੋਹਨ ਲਾਲ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੱਲ ਰਹੇ ਨਵਰਾਤਰਿਆਂ ਦੇ ਅੰਦਰ ਅੰਦਰ ਹੀ ਸ਼੍ਰੀ ਬਾਲਾ ਜੀ ਮੰਦਰ ਦੇ ਅੰਦਰ ਵੀ ਚਾਂਦੀ ਦੀ ਸੇਵਾ ਸ਼ੁਰੂ ਕਰ ਦਿੱਤੀ ਜਾਏਗੀ ਅਤੇ ਦੋਨੋ ਹੀ ਜਗ੍ਹਾ ਉੱਪਰ ਨਵਰਾਤਰੇ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਇਹ ਚਾਂਦੀ ਸਥਾਪਿਤ ਕਰਨ ਦੀਆਂ ਸੇਵਾਵਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ ਇਸ ਮੌਕੇ ਸਮਾਜ ਸੇਵੀ ਭਗਵਾਨ ਦਾਸ ਭੂਸ਼ਨ ਕੁਮਾਰ, ਸੋਹਨ ਲਾਲ ਗਰਗ, ਅਸ਼ੋਕ ਕੁਮਾਰ ਗਰਗ, ਵਿਪਨ ਕੁਮਾਰ ਚੀਕੂ, ਸ਼ਾਮ ਲਾਲ ਬਾਂਸਲ, ਦਰਸ਼ਨ ਕੁਮਾਰ ਹੈਪੀ ,ਆਸ਼ੀਸ਼ ਮਿੱਤਲ, ਹੰਸ ਰਾਜ ਕੰਸਲ, ਸਤੀਸ਼ ਕੁਮਾਰ, ਸਤਪਾਲ ਬਾਂਸਲ, ਅਰਮਾਨ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਸ਼੍ਰੀ ਬਾਲਾ ਜੀ ਦੇ ਸਨਮੁੱਖ ਆਪਣੀ ਹਾਜਰੀ ਲਗਵਾਈ।

# ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਜੇਲ ਅਤੇ ਮਾਨਵਤਾ ਬਾਲ ਆਸ਼ਰਮ ਦਾ ਦੌਰਾ

**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੀਆਂ ਹਦਾਇਤਾਂ ਅਨੁਸਾਰ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ- ਜੇਲ੍ਹਾਂ ਵਿੱਚ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਹਿੱਤ ਅਤੇ ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਸ੍ਰੀ ਮੁਕਤਸਰ ਸਾਹਿਬ ਅਤੇ ਡਾ. ਗਗਨਦੀਪ ਕੌਰ, ਸੀ.ਜੀ.ਐੱਮ/ਸਕੱਤਰ ਸ੍ਰੀ ਮੁਕਤਸਰ ਸਾਹਿਬ ਵੱਲੋ ਅੱਜ ਜ਼ਿਲ੍ਹਾ ਜੇਲ੍ਹ, ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ।

ਜਿਕਰਯੋਗ ਹੈ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਪੈਰਾ ਲੀਗਲ ਵਲੰਟੀਅਰਜ਼ ਅਤੇ ਡਿਫੈਂਸ ਕਾਊਂਸਲ ਦੀ ਡਿਊਟੀ ਲਗਾਈ ਗਈ ਹੈ ਜੋ ਕਿ ਜ਼ਿਲ੍ਹਾ ਜੇਲ੍ਹ ਵਿੱਚ ਹਰ ਰੋਜ਼ ਆਉਣ ਵਾਲੇ ਹਵਾਲਾਤੀਆਂ ਨੂੰ ਕਾਨੂੰਨੀ ਸਹਾਇਤਾ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਜੋ ਰਜਿਸਟਰ ਲਗਾਏ ਹਨ, ਉਹਨਾਂ ਵਿੱਚ ਹਰ ਰੋਜ ਆਉਣ ਵਾਲੇ ਹਵਾਲਾਤੀ, ਅਪੀਲ ਸਬੰਧੀ, ਜਮਾਨਤ ਸਬੰਧੀ ਅਤੇ ਹੋਰ ਮੈਡੀਕਲ ਸਬੰਧੀ ਜਾਣਕਾਰੀ ਦਰਜ ਕਰਨਗੇ ਅਤੇ ਉਸਦੀ ਸਮੀਖਿਆ ਹਰੇਕ ਹਫਤੇ ਸਕੱਤਰ ਵੱਲੋਂ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਅਤੇ ਸਕੱਤਰ ਨੇ ਜੇਲ੍ਹ ਵਿਚ ਬੰਦ ਹਵਾਲਾਤੀ/ਕੈਦੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾ ਦੀਆਂ ਮੁਸ਼ਕਿਲਾਂ ਸੁਣੀਆਂ ਗਈਆ ਅਤੇ ਉਸਦਾ ਨਿਪਟਾਰਾ ਕੀਤਾ ਗਿਆ। ਜੋ ਜੇਲ੍ਹ ਵਿੱਚ ਰਜਿਸਟਰ ਲਗਾਏ ਗਏ ਸਨ ਉਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਰਜਿਸਟਰ ਵਿੱਚ ਦਰਜ ਹਵਾਲਾਤੀਆਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਬਣਦੀ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਗਈ। ਜੇਲ੍ਹ ਦੌਰਾਨ ਹਵਾਲਾਤੀਆਂ ਨੂੰ ਦਿੱਤੀ ਜਾਣ ਵਾਲੀ ਮੈਡੀਕਲ ਸਹੂਲਤ ਅਤੇ ਖਾਣੇ ਦਾ ਵੀ ਨਿਰੀਖਣ ਕੀਤਾ ਗਿਆ।

ਇਸ ਮੌਕੇ ਸਟੇਟ ਬੈਂਕ ਆਫ ਇੰਡੀਆ ਵੱਲੋ ਚਲਾਏ ਜਾ ਰਹੀ ਆਰ.ਐੱਸ.ਈ.ਟੀ.ਆਈ.ਕੋਟਭਾਈ ਵੱਲੋਂ ਇੰਟਰਨਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਜੇਲ ਵਿੱਚ ਬੰਦ ਕੈਦੀਆਂ/ਹਵਾਲਾਤੀਆਂ ਲਈ ਇੱਕ ਟ੍ਰੇਨਿੰਗ ਪ੍ਰੋਗਰਾਮ ਕੀਤਾ ਗਿਆ ਅਤੇ ਇਸ ਟ੍ਰੇਨਿੰਗ ਉਪਰੰਤ ਭਾਗ ਲੈਣ ਵਾਲੇ ਕੈਦੀਆਂ/ਹਵਾਲਾਤੀਆਂ ਨੂੰ ਜ਼ਿਲ੍ਹਾ ਅਤੇ ਸੈਸ਼ਨ ਜੱਜ ਵੱਲੋਂ ਸਰਟੀਫਿਕੇਟ ਦਿੱਤੇ ਗਏ, ਤਾਂ ਜੋ ਜੇਲ ਤੋਂ ਬਾਹਰ ਆਉਣ ਉਪਰੰਤ ਕੰਮ ਸੁਰੂ ਕਰ ਸਕਣ।

ਇਸ ਮੌਕੇ ਜ਼ਿਲ੍ਹਾ ਜੇਲ੍ਹ ਵਿੱਚ ਹਵਾਲਾਤੀਆਂ/ਕੈਦੀਆਂ ਨੂੰ ਚਮੜੀ ਦੇ ਰੋਗਾਂ ਨਾਲ ਪੀੜਤਾਂ ਦੇ ਇਲਾਜ ਸਬੰਧੀ ਇੱਕ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਮੌਕੇ ਡਾ. ਆਲਮਜੀਤ ਸਿੰਘ, ਮੈਡੀਕਲ ਅਫਸਰ (ਚਮੜੀ ਰੋਗਾਂ ਦੇ ਮਾਹਿਰ) ਅਤੇ ਸ਼੍ਰੀ ਸੰਦੀਪ ਕੁਮਾਰ (ਫਾਰਮੇਸੀ ਅਫਸਰ) ਵੱਲੋ ਜੇਲ੍ਹ ਵਿੱਚ ਬੰਦ ਹਲਵਾਲੀਆਂ/ਕੈਦੀਆਂ ਦਾ ਚੈਕਅਪ ਕਰਕੇ ਜ਼ਰੂਰਤ ਅਨੁਸਾਰ ਦਵਾਈ ਦਿੱਤੀ ਗਈ। ਕੈਦੀਆ/ਹਵਾਲਾਤੀਆਂ ਨੂੰ ਪਲੀ-ਬਾਰਗੇਨਿਗ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

ਇਸ ਉਪਰੰਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਉਦੇਕਰਨ ਰੋਡ ਸਥਿਤ ਮਾਨਵਤਾ ਬਾਲ ਆਸ਼ਰਮ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਵੱਲੋਂ ਬੱਚਿਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਤੰਦਰੁਸਤੀ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਜੱਜ ਸਾਹਿਬ ਨੇ ਉਨ੍ਹਾਂ ਦੀ ਹੱਕਾਂ ਸਬੰਧੀ ਵੀ ਜਾਣਕਾਰੀ ਦਿੱਤੀ ।ਇਸ ਤੋਂ ਬਾਅਦ ਮਾਣਯੋਗ ਜਿਲ੍ਹਾ ਅਤੇ ਸੈਸ਼ਨ ਜੱਜ ਸਾਹਿਬ ਵੱਲੋਂ, ਕੋਰਟ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

# ਸੋਸ਼ਲ ਮੀਡੀਆ 'ਤੇ ਅੰਧਵਿਸ਼ਵਾਸ ਗੰਭੀਰ ਚਿੰਤਾ ਦਾ ਵਿਸ਼ਾ, ਗ੍ਰਹਿ ਮੰਤਰੀ ਅਤੇ ਆਈਟੀ ਮੰਤਰੀ ਨੂੰ ਲਿਖਿਆ ਪੱਤਰ : ਐਮ ਪੀ ਸੰਜੀਵ ਅਰੋੜਾ

**ਲੁਧਿਆਣਾ, 7 ਅਕਤੂਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਨਗਰ ਤੋਂ ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਸੋਸ਼ਲ ਮੀਡੀਆ 'ਤੇ ਅੰਧ-ਵਿਸ਼ਵਾਸਾਂ ਦੇ ਪ੍ਰਚਾਰ ਵਿਰੁੱਧ ਕਾਰਵਾਈ ਕਰਨ ਲਈ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਪੱਤਰ ਲਿਖਿਆ ਹੈ। ਜਾਦੂਈ ਸ਼ਕਤੀਆਂ ਦੇ ਬਹਾਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅੰਧ-ਵਿਸ਼ਵਾਸਾਂ ਦੇ ਵਧ ਰਹੇ ਪ੍ਰਸਾਰ ਅਤੇ ਪ੍ਰਚਾਰ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ, ਐਮਪੀ ਅਰੋੜਾ ਨੇ ਲਿਖਿਆ ਕਿ ਸੋਸ਼ਲ ਮੀਡੀਆ 'ਤੇ ਅੰਧਵਿਸ਼ਵਾਸ਼ੀ ਸਮੱਗਰੀ ਦੇ ਪ੍ਰਸਾਰ ਵਿੱਚ ਵਾਧਾ ਇੱਕ ਗੰਭੀਰ ਮੁੱਦਾ ਹੈ ਜਿਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਇਹ ਅਭਿਆਸ ਕਮਜ਼ੋਰ ਵਿਅਕਤੀਆਂ ਦਾ ਸ਼ੋਸ਼ਣ ਕਰਦੇ ਹਨ ਅਤੇ ਸਮਾਜਕ ਤਰੱਕੀ ਲਈ ਮਹੱਤਵਪੂਰਨ ਤਰਕਸ਼ੀਲ ਅਤੇ ਵਿਗਿਆਨਕ ਮਾਨਸਿਕਤਾ ਨੂੰ ਕਮਜ਼ੋਰ ਕਰਦੇ ਹਨ ਜੋ ਸਰਕਾਰੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਵੀ ਸ਼ਾਮਲ ਹਨ।

ਅਰੋੜਾ ਨੇ ਕੁਝ ਤੱਥਾਂ ਦਾ ਹਵਾਲਾ ਦਿੰਦੇ ਹੋਏ ਇਸ ਮੁੱਦੇ ਨੂੰ ਹੱਲ ਕਰਨ ਦੀ ਤਤਕਾਲਤਾ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 2021 ਤੋਂ 2023 ਤੱਕ ਸੋਸ਼ਲ ਮੀਡੀਆ ਧੋਖਾਧੜੀ ਦੇ ਰਿਪੋਰਟ ਕੀਤੇ ਗਏ ਮਾਮਲਿਆਂ ਵਿੱਚ 35% ਦਾ ਵਾਧਾ ਹੋਇਆ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਕੇਸਾਂ ਵਿੱਚ ਅਲੌਕਿਕ ਸ਼ਕਤੀਆਂ ਅਤੇ ਚਮਤਕਾਰੀ ਇਲਾਜਾਂ ਦੇ ਧੋਖਾਧੜੀ ਦੇ ਦਾਅਵੇ ਸ਼ਾਮਲ ਹਨ, ਜੋ ਕਿ ਸਮੱਸਿਆ ਦੇ ਵੱਡੇ ਪੱਧਰ ਦਾ ਪ੍ਰਦਰਸ਼ਨ ਕਰਦੇ ਹਨ। .

ਉਨ੍ਹਾਂ ਅੱਗੇ ਲਿਖਿਆ ਕਿ ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਨੇ ਰਿਪੋਰਟ ਦਿੱਤੀ ਹੈ ਕਿ ਅਲੌਕਿਕ ਉਪਚਾਰਾਂ ਦੇ ਦਾਅਵਿਆਂ ਸਮੇਤ ਡਾਕਟਰੀ ਇਲਾਜਾਂ ਬਾਰੇ ਗਲਤ ਜਾਣਕਾਰੀ, ਜਨਤਕ ਸਿਹਤ ਲਈ ਮਹੱਤਵਪੂਰਨ ਜੋਖਮ ਪੈਦਾ ਕਰ ਸਕਦੀ ਹੈ। ਭਾਰਤ ਵਿੱਚ, ਅਜਿਹੀ ਗਲਤ ਜਾਣਕਾਰੀ ਦੇ ਫੈਲਣ ਨੂੰ ਟੀਕਾਕਰਨ ਦਰਾਂ ਵਿੱਚ ਗਿਰਾਵਟ ਅਤੇ ਰੋਕਥਾਮਯੋਗ ਬਿਮਾਰੀਆਂ ਦੀਆਂ ਵਧੀਆਂ ਦਰਾਂ ਨਾਲ ਜੋੜਿਆ ਗਿਆ ਹੈ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐਮਆਰ) ਵੱਲੋਂ 2023 ਦੇ ਇੱਕ ਅਧਿਐਨ ਦੇ ਅਨੁਸਾਰ, ਵੈਕਸੀਨ-ਰੋਕਥਾਮ ਵਾਲੀਆਂ ਬਿਮਾਰੀਆਂ ਦੇ ਮਾਮਲਿਆਂ ਵਿੱਚ 20% ਵਾਧਾ ਹੋਇਆ ਹੈ, ਅੰਸ਼ਕ ਤੌਰ 'ਤੇ ਸੋਸ਼ਲ ਮੀਡੀਆ ਵੱਲੋਂ ਫੈਲਾਈ ਗਈ ਗਲਤ ਜਾਣਕਾਰੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਖਪਤਕਾਰ ਮਾਮਲਿਆਂ ਦੇ ਮੰਤਰਾਲੇ ਨੇ ਅੰਧਵਿਸ਼ਵਾਸੀ ਦਾਅਵਿਆਂ ਨਾਲ ਸਬੰਧਤ ਵਿੱਤੀ ਧੋਖਾਧੜੀ ਵਿੱਚ ਵਾਧਾ ਦਰਜ ਕੀਤਾ ਹੈ। ਇਕੱਲੇ 2023 ਵਿੱਚ, ਅਲੌਕਿਕ ਸਾਧਨਾਂ ਰਾਹੀਂ ਵਿੱਤੀ ਲਾਭ ਦਾ ਵਾਅਦਾ ਕਰਨ ਵਾਲੀਆਂ ਧੋਖਾਧੜੀ ਵਾਲੀਆਂ ਸਕੀਮਾਂ ਰਾਹੀਂ ਧੋਖਾਧੜੀ ਦਾ ਸ਼ਿਕਾਰ ਹੋਏ ਵਿਅਕਤੀਆਂ ਵੱਲੋਂ 60 ਕਰੋੜ ਤੋਂ ਵੱਧ ਗੁਆਏ ਜਾਣ ਦੀ ਰਿਪੋਰਟ ਕੀਤੀ ਗਈ। ਇਹ ਵਿੱਤੀ ਸ਼ੋਸ਼ਣ ਸਖ਼ਤ ਰੈਗੂਲੇਟਰੀ ਉਪਾਵਾਂ ਦੀ ਲੋੜ ਨੂੰ ਰੇਖਾਂਕਿਤ ਕਰਦਾ ਹੈ। ਬਹੁਤ ਸਾਰੇ ਕੇਸ ਗੈਰ-ਰਿਪੋਰਟ ਵੀ ਹੋ ਜਾਂਦੇ ਹਨ।

ਉਨ੍ਹਾਂ ਨੇ ਮੰਤਰੀ ਨੂੰ ਅੱਗੇ ਦੱਸਿਆ ਕਿ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋਸਾਇੰਸ (ਐਨਆਈਐਮਐਚਏਐਨਐਸ) ਦੀ ਇੱਕ ਰਿਪੋਰਟ ਦਰਸਾਉਂਦੀ ਹੈ ਕਿ ਸੋਸ਼ਲ ਮੀਡੀਆ 'ਤੇ ਧੋਖਾਧੜੀ ਵਾਲੇ ਅੰਧਵਿਸ਼ਵਾਸੀ ਦਾਅਵਿਆਂ ਦੇ ਸੰਪਰਕ ਵਿੱਚ ਆਉਣ ਨਾਲ ਚਿੰਤਾ ਅਤੇ ਤਣਾਅ ਦੇ ਮਾਮਲਿਆਂ ਵਿੱਚ 25% ਵਾਧਾ ਹੋਇਆ ਹੈ। ਸੁਰੱਖਿਆ ਜਾਂ ਸਫਲਤਾ ਦੇ ਝੂਠੇ ਵਾਅਦਿਆਂ 'ਤੇ ਵਿਸ਼ਵਾਸ ਕਰਨ ਲਈ ਗੁੰਮਰਾਹ ਕੀਤੇ ਜਾਣ ਵਾਲੇ ਵਿਅਕਤੀਆਂ 'ਤੇ ਮਨੋਵਿਗਿਆਨਕ ਪ੍ਰਭਾਵ ਵਧਦੀ ਚਿੰਤਾ ਹੈ। ਅਰੋੜਾ ਨੇ ਆਪਣੇ ਪੱਤਰ ਵਿੱਚ ਅੱਗੇ ਦੱਸਿਆ ਕਿ ਇੰਟਰਨੈਟ ਅਤੇ ਮੋਬਾਈਲ ਐਸੋਸੀਏਸ਼ਨ ਆਫ ਇੰਡੀਆ (ਏਐਮਏਆਈ) ਵੱਲੋਂ 2023 ਦੇ ਇੱਕ ਸਰਵੇਖਣ ਅਨੁਸਾਰ, ਭਾਰਤ ਵਿੱਚ 70% ਤੋਂ ਵੱਧ ਸੋਸ਼ਲ ਮੀਡੀਆ ਉਪਭੋਗਤਾਵਾਂ ਨੂੰ ਗੁੰਮਰਾਹਕੁੰਨ ਜਾਂ ਧੋਖਾਧੜੀ ਵਾਲੀ ਸਮੱਗਰੀ ਦਾ ਸਾਹਮਣਾ ਕਰਨਾ ਪਿਆ ਹੈ। ਮੌਜੂਦਾ ਨਿਯਮਾਂ ਦੇ ਬਾਵਜੂਦ, ਲਾਗੂ ਕਰਨਾ ਇੱਕ ਚੁਣੌਤੀ ਬਣਿਆ ਹੋਇਆ ਹੈ, ਕਿਉਂਕਿ ਬਹੁਤ ਸਾਰੇ ਧੋਖਾਧੜੀ ਵਾਲੇ ਖਾਤੇ ਮੁਕਾਬਲਤਨ ਬਿਨਾਂ ਸਜ਼ਾ ਦੇ ਕੰਮ ਕਰਦੇ ਹਨ। ਉਨ੍ਹਾਂ ਨੇ ਇਸ ਗੰਭੀਰ ਮੁੱਦੇ ਨੂੰ ਹੱਲ ਕਰਨ ਲਈ ਕੁਝ ਕਾਰਵਾਈਆਂ ਦਾ ਸੁਝਾਅ ਦਿੱਤਾ।

# ਸਿਹਤ ਵਿਭਾਗ ਵੱਲੋਂ ਵਿਸ਼ਵ ਦਿਲ ਦਿਵਸ ਮਨਾਇਆ ਗਿਆ

**ਰੂਪਨਗਰ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਰੂਪਨਗਰ ਡਾ.ਤਰਸੇਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਸਵਪਨਜੀਤ ਕੌਰ ਦੀ ਅਗਵਾਈ ਹੇਠ ਅੱਜ ਵਿਸ਼ਵ ਦਿਲ ਦਿਵਸ ਮਨਾਇਆ ਗਿਆ।

ਇਸ ਮੌਕੇ ਬੋਲਦਿਆਂ ਡਾ. ਸਵਪਨਜੀਤ ਕੌਰ ਨੇ ਕਿਹਾ ਕਿ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਜਾਗਰੂਕ ਕਰਨ ਲਈ ਹਰ ਸਾਲ ਪੂਰੀ ਦੁਨੀਆਂ 'ਚ 29 ਸਤੰਬਰ ਨੂੰ ਵਿਸ਼ਵ ਦਿਲ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਘੱਟ ਕਰਨ ਅਤੇ ਦਿਲ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਵਿਸ਼ਵ ਦਿਲ ਦਿਵਸ ਦੇ ਮੌਕੇ 'ਤੇ ਅੱਜ ਸਾਰੀਆਂ ਸਿਹਤ ਸੰਸਥਾਵਾਂ ਵਿਖੇ ਕਈ ਤਰ੍ਹਾਂ ਦੇ ਜਾਗਰੂਕ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਡਾ. ਤਰਸੇਮ ਸਿੰਘ ਨੇ ਕਿਹਾ ਕਿ ਦਿਲ ਨਾਲ ਸਬੰਧਤ ਹੋਰ ਬਿਮਾਰੀਆਂ ਦੇ ਵੱਧਦੇ ਮਾਮਲਿਆਂ ਕਾਰਨ ਲੋਕ ਦਿਲ ਨਾਲ ਸਬੰਧਤ ਸਮੱਸਿਆਵਾਂ ਤੋਂ ਪ੍ਰਭਾਵਿਤ ਹੋ ਰਹੇ ਹਨ। ਇਸਦੇ ਮੁੱਖ ਕਾਰਕਾਂ ਗੈਰ-ਸਿਹਤਮੰਦ ਜੀਵਨ ਸ਼ੈਲੀ ਅਤੇ ਗਲਤ ਖਾਣ-ਪੀਣ ਦੀਆਂ ਆਦਤਾਂ। ਵਿਸ਼ਵ ਦਿਲ ਦਿਵਸ ਲੋਕਾਂ ਨੂੰ ਦਿਲ ਦੀ ਸਿਹਤ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦਿਲ ਮਨੁੱਖੀ ਸਰੀਰ ਦੇ ਸਭ ਤੋਂ ਮਹੱਤਵਪੂਰਨ ਅੰਗਾਂ ਵਿੱਚੋਂ ਇੱਕ ਹੈ। ਅਜਿਹੇ ਵਿੱਚ ਦਿਲ ਦੀ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕਾਂ ਦੀ ਦਿਲ ਦੀਆਂ ਬਿਮਾਰੀਆਂ ਕਾਰਨ ਮੌਤ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਲੋਕਾਂ ਨੂੰ ਦਿਲ ਲਈ ਜਾਗਰੂਕ ਕਰਨ ਲਈ ਅਤੇ ਦਿਲ ਦੀ ਸਿਹਤ ਦੀ ਮਹੱਤਤਾ ਨੂੰ ਸਮਝਣ ਦੇ ਉਦੇਸ਼ ਨਾਲ ਪੂਰੀ ਦੁਨੀਆ 'ਚ ਵਿਸ਼ਵ ਦਿਲ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਅਤੇ ਇਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਇਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਦਿਲ ਦੀਆਂ ਬੀਮਾਰੀਆਂ ਤੋਂ ਬਚਾਅ ਲਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਕੰਟਰੋਲ ਰੱਖਣਾ, ਜ਼ਿਆਦਾ ਚਰਬੀ ਵਾਲੇ ਭੋਜਨ ਤੋਂ ਪ੍ਰਹੇਜ਼ ਕਰਨਾ, ਸਿਗਰਟਨੋਸ਼ੀ ਅਤੇ ਸ਼ਰਾਬ ਦਾ ਜ਼ਿਆਦਾ ਸੇਵਨ ਨਾ ਕਰਨਾ, ਜੰਕ ਫੂਡ ਦੀ ਜਗ੍ਹਾ ਪੌਸ਼ਟਿਕ ਖਾਣੇ ਦਾ ਸੇਵਨ ਕਰਨਾ, ਰੈਗੂਲਰ ਰੂਪ ਨਾਲ ਸੈਰ ਅਤੇ ਕਸਰਤ ਜ਼ਰੂਰ ਕਰਨਾ, ਤਣਾਅ ਰਹਿਤ ਜ਼ਿੰਦਗੀ ਜਿਉਣਾ, ਛਾਤੀ ਵਿਚ ਦਰਦ ਅਤੇ ਚੱਲਣ 'ਤੇ ਸਾਹ ਫੁੱਲਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ, ਆਦਿ ਗੱਲਾਂ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ।

ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਫਸਰ ਰਾਜ ਰਾਣੀ, ਡਿਪਟੀ ਮਾਸ ਮੀਡੀਆ ਅਫਸਰ ਰਵਿੰਦਰ ਸਿੰਘ ਅਤੇ ਹੋਰ ਪੈਰਾਮੈਡੀਕਲ ਸਟਾਫ ਹਾਜ਼ਰ ਸੀ।

# ਸਵੱਛ ਭਾਰਤ ਮਿਸ਼ਨ ਦੇ 10 ਸਾਲ ਪੂਰੇ ਹੋਣ 'ਤੇ ਸਫ਼ਾਈ ਕਰਮੀਆਂ ਨੂੰ ਬੂਟ, ਸਾਬਣ, ਮਾਸਕ ਤੇ ਹੋਰ ਵਰਤੋਂ 'ਚ ਆਉਣ ਵਾਲਾ ਸਮਾਨ ਵੰਡਿਆ

**ਧੂਰੀ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਗਾਂਧੀ ਜੈਅੰਤੀ ਮੌਕੇ 'ਸਵੱਛ ਭਾਰਤ' ਮਿਸ਼ਨ ਦੇ 10 ਸਾਲ ਪੂਰੇ ਹੋਣ 'ਤੇ ਨਗਰ ਕੌਂਸਲ ਧੂਰੀ ਵੱਲੋਂ 'ਸਵੱਛਤਾ ਹੀ ਸੇਵਾ' ਦੇ ਬੈਨਰ ਹੇਠ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਕੈਂਪ ਦਫਤਰ ਦੇ ਇੰਚਾਰਜ਼ ਦਲਬੀਰ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਦਲਬੀਰ ਸਿੰਘ ਢਿੱਲੋਂ, ਨਗਰ ਕੌਂਸਲ ਪ੍ਰਧਾਨ ਪੁਸ਼ਪਾ ਰਾਣੀ, ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਗੁਰਿੰਦਰ ਸਿੰਘ ਤੇ ਹੋਰ ਅਧਿਕਾਰੀਆਂ ਵੱਲੋਂ ਜਿੱਥੇ ਚਾਰ ਸਫ਼ਾਈ ਕਰਮੀਆਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਪ੍ਰਸ਼ੰਸਾ ਪੱਤਰ ਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ, ਉੱਥੇ ਹੀ ਸਫ਼ਾਈ ਕਰਮੀਆਂ ਨੂੰ ਬੂਟ, ਸਾਬਣ, ਮਾਸਕ ਸਮੇਤ ਹੋਰ ਵਰਤੋਂ 'ਚ ਕੰਮ ਆਉਣ ਵਾਲਾ ਸਮਾਨ ਵੀ ਵੰਡਿਆ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸ਼ਹਿਰ ਨੂੰ ਸਾਫ ਰੱਖਣਾ ਸਾਡੀ ਸਭ ਦੀ ਜਿੰਮੇਵਾਰੀ ਹੈ ਅਤੇ ਸਾਨੂੰ ਗਿੱਲਾ ਤੇ ਸੁੱਕਾ ਅਲੱਗ-ਅਲੱਗ ਰੱਖਣਾ ਚਾਹੀਦਾ ਹੈ ਤਾਂ ਜੋਕਿ ਗਿੱਲੇ ਕੂੜੇ ਤੋਂ ਜੈਵਿਕ ਖਾਦ ਤਿਆਰ ਕੀਤੀ ਜਾ ਸਕੇ ਤੇ ਸੁੱਕੇ ਕੂੜੇ ਨੂੰ ਮੁੜ ਵਰਤੋਂ ਯੋਗ ਬਣਾਇਆ ਜਾ ਸਕੇ। ਇਸ ਦੌਰਾਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਆਉਣ ਵਾਲੇ ਸਮੇਂ ਵਿੱਚ ਸਫ਼ਾਈ ਕਰਮੀਆਂ ਨੂੰ ਵਰਤੋਂ 'ਚ ਆਉਣ ਵਾਲੀਆਂ ਹੋਰ ਵੀ ਚੀਜ਼ਾਂ ਤੇ ਜ਼ਰੂਰੀ ਮਸੀਨਰੀ ਵੀ ਮੁੱਹਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿਲ ਖੋਲ ਕੇ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਤੇ ਆਉਣ ਵਾਲੇ ਸਮੇਂ ਵਿੱਚ ਅਨੇਕਾਂ ਵਿਕਾਸ ਕਾਰਜ ਕਰਵਾ ਕੇ ਸ਼ਹਿਰ ਦੀ ਦਿੱਖ ਬਦਲੀ ਜਾਵੇਗੀ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਕੌਂਸਲਰ ਮਹਾਂਵੀਰ ਫੌਜੀ ਤੇ ਰਾਜੀਵ ਚੌਧਰੀ, ਸੈਨੀਟੇਸ਼ਨ ਵਿਭਾਗ ਦੇ ਐਸ. ਆਈ ਰੋਬਿਨ ਤੇ ਨਵਦੀਪ, ਸੀ.ਐਫ ਹਰਪਿੰਦਰ ਸਿੰਘ ਵੀ ਮੌਜੂਦ ਸਨ।

## ਬਿਹਤਰ ਸੇਵਾਵਾਂ ਦੇਣ ਵਾਲੇ 4 ਸਫ਼ਾਈ ਕਰਮੀਆਂ ਨੂੰ ਦਿੱਤਾ ਪ੍ਰਸ਼ੰਸਾ ਪੱਤਰ

**ਧੂਰੀ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਾਂਧੀ ਜੈਅੰਤੀ ਮੌਕੇ 'ਸਵੱਛ ਭਾਰਤ' ਮਿਸ਼ਨ ਦੇ 10 ਸਾਲ ਪੂਰੇ ਹੋਣ 'ਤੇ ਨਗਰ ਕੌਂਸਲ ਧੂਰੀ ਵੱਲੋਂ 'ਸਵੱਛਤਾ ਹੀ ਸੇਵਾ' ਦੇ ਬੈਨਰ ਹੇਠ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਕੈਂਪ ਦਫਤਰ ਦੇ ਇੰਚਾਰਜ਼ ਦਲਬੀਰ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਦਲਬੀਰ ਸਿੰਘ ਢਿੱਲੋਂ, ਨਗਰ ਕੌਂਸਲ ਪ੍ਰਧਾਨ ਪੁਸ਼ਪਾ ਰਾਣੀ, ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਗੁਰਿੰਦਰ ਸਿੰਘ ਤੇ ਹੋਰ ਅਧਿਕਾਰੀਆਂ ਵੱਲੋਂ ਜਿੱਥੇ ਚਾਰ ਸਫ਼ਾਈ ਕਰਮੀਆਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਪ੍ਰਸ਼ੰਸਾ ਪੱਤਰ ਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ, ਉੱਥੇ ਹੀ ਸਫ਼ਾਈ ਕਰਮੀਆਂ ਨੂੰ ਬੂਟ, ਸਾਬਣ, ਮਾਸਕ ਸਮੇਤ ਹੋਰ ਵਰਤੋਂ 'ਚ ਕੰਮ ਆਉਣ ਵਾਲਾ ਸਮਾਨ ਵੀ ਵੰਡਿਆ ਗਿਆ।

# ਬਲੱਡ ਸੈਂਟਰ ਸਿਵਲ ਹਸਪਤਾਲ ਰੂਪਨਗਰ ਵੱਲੋਂ ਨੈਸ਼ਨਲ ਵਲੰਟਰੀ ਬਲੱਡ ਡੋਨੇਸ਼ਨ ਦਿਵਸ ਨੂੰ ਸਮਰਪਿਤ ਕੱਢੀ ਗਈ ਜਾਗਰੂਕਤਾ ਰੈਲੀ



**ਰੂਪਨਗਰ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਨੈਸ਼ਨਲ ਵਲੰਟਰੀ ਬਲੱਡ ਡੋਨੇਸ਼ਨ ਦਿਵਸ 2024 ਮੌਕੇ ਸਿਵਲ ਸਰਜਨ ਰੂਪਨਗਰ ਡਾ. ਤਰਸੇਮ ਸਿੰਘ ਦੀ ਅਗਵਾਈ ਹੇਠ ਬਲੱਡ ਸੈਂਟਰ ਸਿਵਲ ਹਸਪਤਾਲ ਰੂਪਨਗਰ ਵੱਲੋਂ ਆਮ ਜਨਤਾ ਨੂੰ ਖੂਨਦਾਨ ਕਰਨ ਪ੍ਰਤੀ ਪ੍ਰੇਰਿਤ ਕਰਨ ਸਬੰਧੀ ਜਾਗਰੂਕਤਾ ਰੈਲੀ ਕੱਢੀ ਗਈ।

ਇਸ ਜਾਗਰੂਕਤਾ ਰੈਲੀ ਵਿਚ ਸਰਕਾਰੀ ਨਰਸਿੰਗ ਕਾਲਜ ਰੂਪਨਗਰ ਅਤੇ ਪ੍ਰਾਈਵੇਟ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਦੁਆਰਾ ਭਾਗ ਲਿਆ ਗਿਆ। ਇਸ ਦੌਰਾਨ ਆਮ ਜਨਤਾ ਨੂੰ 17 ਸਤੰਬਰ ਤੋਂ 17 ਅਕਤੂਬਰ 2024 ਤੱਕ ਚਲਾਈ ਜਾ ਰਹੀ ਵਿਸ਼ੇਸ਼ ਖੂਨਦਾਨ ਮੁਹਿੰਮ ਸੰਬੰਧੀ ਵੀ ਜਾਗਰੂਕ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਇਸ ਮੁਹਿੰਮ ਤਹਿਤ 18 ਤੋਂ 65 ਸਾਲ ਦੀ ਉਮਰ ਤੱਕ ਦਾ ਕੋਈ ਵੀ ਸਿਹਤਮੰਦ ਵਿਅਕਤੀ ਖੂਨਦਾਨ ਕੈਂਪ ਜਾਂ ਫਿਰ ਬਲੱਡ ਸੈਂਟਰ ਵਿਖੇ ਆ ਕੇ ਸਵੈ ਇੱਛਾ ਨਾਲ ਖੂਨਦਾਨ ਕਰ ਸਕਦਾ ਹੈ।

ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਰੂਪਨਗਰ ਡਾ. ਬਲਦੇਵ ਸਿੰਘ, ਡਾ.ਅਮਰਜੀਤ ਸਿੰਘ, ਅਮਨਦੀਪ ਟੈਕਨੀਕਲ ਸੁਪਰਵਾਈਜ਼ਰ, ਅਜੈ ਸ਼ਰਮਾ ਜੂਨੀਅਰ ਸਹਾਇਕ, ਅੰਮ੍ਰਿਤਪਾਲ ਐਸ ਏ, ਸਰਬਜੀਤ ਸਿੰਘ, ਓਂਕਾਰਦੀਪ ਸਿੰਘ, ਮਨਜੀਤ ਸਿੰਘ, ਸੁਨੀਤਾ ਦੇਵੀ ਨਰਸਿੰਗ ਸਿਸਟਰ, ਸੁਰਿੰਦਰ ਕੌਰ ਨਰਸਿੰਗ ਸਿਸਟਰ, ਅਮਰਜੀਤ ਕੌਰ ਨਰਸਿੰਗ ਸਿਸਟਰ ਆਦਿ ਸਟਾਫ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# 'ਸਵੱਛਤਾ ਹੀ ਸੇਵਾ' ਅਭਿਆਨ ਨੂੰ ਬਣਾਉਣਾ ਚਾਹੀਦਾ ਹੈ ਜ਼ਿੰਦਗੀ ਦਾ ਹਿੱਸਾ : ਐਸ.ਡੀ.ਐਮ. ਮਲੋਟ



**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਅਤੇ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਸ੍ਰੀ ਰਾਜੇਸ਼ ਤ੍ਰਿਪਾਠੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਲੋਟ ਵਿਖੇ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਬਠਿੰਡਾ ਚੌਂਕ ਤੋਂ ਤਹਿਸੀਲ ਰੋਡ ਤੱਕ ਦੋਨੋਂ ਸਾਈਡਾਂ 'ਤੇ ਸਫ਼ਾਈ ਦੀ ਸ਼ੁਰੂਆਤ ਐਸ.ਡੀ.ਐਮ. ਮਲੋਟ ਡਾ. ਸੰਜੀਵ ਕੁਮਾਰ ਵੱਲੋਂ ਕੀਤੀ ਗਈ।

ਇਸ ਮੌਕੇ ਐਸ.ਡੀ.ਐਮ. ਮਲੋਟ ਵੱਲੋਂ ਜਿਨ੍ਹਾਂ ਥਾਵਾਂ 'ਤੇ ਇਹ ਸਫਾਈ ਅਭਿਆਨ ਚੱਲ ਰਿਹਾ ਸੀ, ਉਨ੍ਹਾਂ ਉਥੇ ਪਹੁੰਚ ਹਰੇਕ ਸੰਸਥਾ ਦੀ ਹੌਸਲਾ ਅਫ਼ਜਾਈ ਕੀਤੀ। ਇਸ ਮੁਹਿੰਮ ਦੌਰਾਨ ਸਕੂਲ ਦੇ ਬੱਚਿਆਂ ਨੇ ਵੀ ਉਚੇਚੇ ਤੌਰ 'ਤੇ ਭਾਗ ਲਿਆ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਨਾਲ-ਨਾਲ ਸਾਨੂੰ ਵੱਡਿਆਂ ਨੂੰ ਵੀ ਅੱਜ ਦੇ ਇਸ ਸਫਾਈ ਅਭਿਆਨ ਨੂੰ ਆਪਣੀ ਜਿੰਦਗੀ ਦਾ ਹਿੱਸਾ ਬਣਾ ਲੈਣਾ ਚਾਹੀਦਾ ਹੈ ਅਤੇ ਸਾਫ-ਸਫਾਈ ਨਾਲ ਹੀ ਅਸੀਂ ਬਿਮਾਰੀਆਂ ਤੋਂ ਨਿਜ਼ਾਤ ਪਾ ਸਕਦੇ ਹਾਂ।

ਇਸ ਮੌਕੇ ਉਨ੍ਹਾਂ ਸਾਰੀਆਂ ਵਪਾਰਕ ਸੰਸਥਾਵਾਂ ਨੂੰ ਅਪੀਲ ਕੀਤੀ ਤੋਂ ਉਨ੍ਹਾਂ ਦੇ ਸਹਿਯੋਗ ਨਾਲ ਹੀ ਜੀ.ਟੀ. ਰੋਡ ਦੇ ਦੋਵੇਂ ਸਾਈਡਾਂ ਨੂੰ ਇਕ ਵੱਖਰੀ ਦਿੱਖ ਮਿਲ ਸਕਦੀ ਹੈ ਅਤੇ ਮਲੋਟ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਇਆ ਜਾ ਸਕਦਾ ਹੈ।

ਇਸ ਮੌਕੇ ਸ਼ੋਸ਼ਲ ਵਰਕਰਜ ਐਸੋਸੀਏਸ਼ਨ, ਪੰਜਾਬ ਦੇ ਪ੍ਰਧਾਨ ਡਾ. ਸ੍ਰੀ ਗੁਰਸ਼ਮਿੰਦਰ ਸਿੰਘ ਜਾਣਕਾਰੀ ਦਿੰਦਿਆਂ ਨੇ ਦੱਸਿਆ ਕਿ ਐਸੋਸੀਏਸ਼ਨ ਵਲੋਂ ਵਿਸ਼ੇਸ਼ ਉੱਦਮ ਕਰਦੇ ਹੋਏ ਜੀ.ਟੀ. ਰੋਡ ਦੇ ਦੋਨੋਂ ਸਾਈਡਾਂ 'ਤੇ ਬਣਾਏ ਗਏ 29 ਪੁਆਇੰਟਾਂ ਨੂੰ ਸਮਾਜਸੇਵੀ ਸੰਸਥਾਵਾਂ, ਸਰਕਾਰੀ ਸਕੂਲਾਂ, ਪ੍ਰਾਈਵੇਟ ਸਕੂਲਾਂ, ਕਾਲਜਾਂ, ਵਪਾਰ ਮੰਡਲ, ਰੈਡੀਮੇਡ ਗਾਰਮੈਂਟਸ ਐਸੋਸੀਏਸ਼ਨ, ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਤੇ ਨਰੇਗਾ ਕਰਮਚਾਰੀਆਂ ਦੀ ਸਹਾਇਤਾ ਨਾਲ ਸਫ਼ਾਈ ਕੀਤੀ ਗਈ ਅਤੇ ਇਸ ਮੌਕੇ ਉਨ੍ਹਾਂ ਐਸ.ਡੀ.ਐਮ. ਮਲੋਟ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਹਰੇਕ ਸੰਸਥਾ ਨੂੰ ਅਲਾਟ ਕੀਤੀ ਗਈ ਜਗ੍ਹਾ ਨੂੰ ਸਾਰੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਲਗਾਤਾਰ ਦੇਖ ਰੇਖ ਵਿੱਚ ਰੱਖਿਆ ਜਾਵੇਗਾ ਅਤੇ ਸਾਫ-ਸਫਾਈ ਯਕੀਨੀ ਬਣਾਈ ਜਾਵੇਗੀ।

ਇਸ ਮੌਕੇ ਨਗਰ ਕੌਂਸਲ ਵੱਲੋਂ ਸਫ਼ਾਈ ਮੁਹਿੰਮ ਦੇ ਇੰਚਾਰਜ ਸੈਨੇਟਰੀ ਇਸਪੈਕਟਰ ਸ੍ਰੀ ਰਾਜ ਕੁਮਾਰ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਸਫ਼ਾਈ ਵਿੱਚ ਸਹਿਯੋਗ ਕਰ ਰਹੇ ਸਕੂਲਾਂ, ਕਾਲਜਾਂ ਦੇ ਬੱਚਿਆਂ ਤੇ ਸਾਰੇ ਕਰਮਚਾਰੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

ਇਸ ਮੌਕੇ ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਸ਼ੁਭਦੀਪ ਬਿੱਟੂ, ਕਾਰਜ ਸਾਧਕ ਅਫ਼ਸਰ ਸ੍ਰੀ ਮੰਗਤ ਕੁਮਾਰ, ਸਮਾਜ ਸੇਵੀ ਸੰਸਥਾਵਾਂ ਦੇ ਕੋਆਰਡੀਨੇਟਰ ਮਨੋਜ ਅਸੀਜਾ, ਸ਼ੋਸ਼ਲ ਵਰਕਰਜ ਐਸੋਸੀਏਸ਼ਨ ਦੇ ਜਤਿੰਦਰ ਬੱਠਲਾ, ਦਵਿੰਦਰ ਗੋਰਾ, ਗੁਰਚਰਨ ਬੁੱਟਰ, ਧੀਰਜ, ਰਾਕੇਸ਼ ਜੁਨੇਜਾ ਤੋਂ ਇਲਾਵਾ ਪਤਵੰਤੇ ਵਿਅਕਤੀ ਮੌਜੂਦ ਸਨ।

# ਨਹਿਰੂ ਯੁਵਾ ਕੇਂਦਰ ਨੇ ਚਲਾਇਆ 'ਸਵੱਛਤਾ ਹੀ ਸੇਵਾ ਮੁਹਿੰਮ' ਤਹਿਤ ਸਫਾਈ ਅਭਿਆਨ

**ਬਠਿੰਡਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੱਛਤਾ ਹੀ ਸੇਵਾ ਰਾਸ਼ਟਰੀ ਪੱਧਰ 'ਤੇ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਮਾਈ ਭਾਰਤ ਵਲੰਟੀਅਰਾਂ ਵੱਲੋ ਜ਼ਿਲ੍ਹਾ ਯੁਵਾ ਅਧਿਕਾਰੀ ਨਹਿਰੂ ਯੁਵਾ ਕੇਂਦਰ ਬਠਿੰਡਾ ਸ੍ਰੀ ਹਰਸ਼ਰਨ ਸਿੰਘ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪਿੰਡ ਨਹੀਆਂ ਵਾਲਾ ਵਿਖੇ ਭਾਈ ਬਹਿਲੋ ਫਿਜ਼ੀਕਲ ਟ੍ਰੇਨਿੰਗ ਸੈਂਟਰ ਦੇ ਮੁਖੀ ਸ੍ਰੀ ਸੁਖਪਾਲ ਸਿੰਘ ਨਾਲ ਮਿਲਕੇ ਯੂਥ ਕਲੱਬ ਦੇ ਸਹਿਯੋਗ ਨਾਲ ਵੱਖ-ਵੱਖ ਥਾਵਾਂ 'ਤੇ ਸਫ਼ਾਈ ਅਭਿਆਨ ਚਲਾਇਆ ਗਿਆ।

ਜ਼ਿਲ੍ਹਾ ਯੂਥ ਅਫ਼ਸਰ ਵੱਲੋਂ ਨੌਜਵਾਨਾਂ ਨੂੰ ਨਿਰੋਗ ਜੀਵਨ ਜਿਊਣ ਲਈ ਸਿੰਗਲ ਵਰਤੋਂ ਵਾਲ਼ੇ ਪਲਾਸਟਿਕ ਦੀ ਵਰਤੋਂ ਘਟਾ ਕੇ ਸਫ਼ਾਈ ਦੇ ਮਹੱਤਵ ਬਾਰੇ ਜਾਣੂ ਕਰਾਇਆ। ਉਨ੍ਹਾਂ ਮਾਈ ਭਾਰਤ ਸਰਕਾਰ ਵੱਲੋਂ ਬਣਾਏ ਮਾਈ ਭਾਰਤ ਪੋਰਟਲ 'ਤੇ ਨੌਜਵਾਨਾਂ ਨੂੰ ਰਜਿਸਟਰ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੁਹਿੰਮ ਵਿਚ 70 ਭਾਗੀਦਾਰਾਂ ਨੇ ਹਿੱਸਾ ਲਿਆ।ਇਸ ਮੌਕੇ ਉਨ੍ਹਾਂ ਦੱਸਿਆ ਕਿ ਜਿੱਥੇ ਲੋਕਾਂ ਨੂੰ ਸਫਾਈ ਦਾ ਮਹੱਤਵ ਦੱਸਣ ਲਈ 'ਸੁਭਾਅ ਸਵੱਛਤਾ, ਸੰਸਕਾਰ ਸਵੱਛਤਾ' ਦੇ ਨਾਅਰੇ ਵੀ ਲਾਏ ਗਏ, ਉਥੇ ਹੀ ਨਾਲ-ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਦੀ ਸਫਾਈ ਵੀ ਕੀਤੀ ਗਈ ਅਤੇ ਲੋਕਾਂ ਨੂੰ ਘਰ, ਮੁਹੱਲਾ, ਗਲੀਆਂ ਅਤੇ ਆਪਣਾ ਆਲਾ-ਦੁਆਲਾ ਸਾਫ ਰੱਖਣ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਨਹਿਰੂ ਯੁਵਾ ਕੇਂਦਰ ਬਠਿੰਡਾ ਵੱਲੋ ਸਾਰੇ ਵਲੰਟੀਅਰਾਂ ਨੂੰ ਮਾਈ ਭਾਰਤ ਕਿੱਟਾਂ ਵੀ ਵੰਡੀਆਂ ਗਈਆਂ।

# ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਜੇਲ ਅਤੇ ਮਾਨਵਤਾ ਬਾਲ ਆਸ਼ਰਮ ਦਾ ਦੌਰਾ

**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੀਆਂ ਹਦਾਇਤਾਂ ਅਨੁਸਾਰ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ- ਜੇਲ੍ਹਾਂ ਵਿੱਚ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਹਿੱਤ ਅਤੇ ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਸ੍ਰੀ ਮੁਕਤਸਰ ਸਾਹਿਬ ਅਤੇ ਡਾ. ਗਗਨਦੀਪ ਕੌਰ, ਸੀ.ਜੀ.ਐਮ/ਸਕੱਤਰ ਸ੍ਰੀ ਮੁਕਤਸਰ ਸਾਹਿਬ ਵੱਲੋ ਅੱਜ ਜ਼ਿਲ੍ਹਾ ਜੇਲ੍ਹ, ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ।

ਜਿਕਰਯੋਗ ਹੈ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਪੈਰਾ ਲੀਗਲ ਵਲੰਟੀਅਰਜ਼ ਅਤੇ ਡਿਫੈਂਸ ਕਾਉਂਸਲ ਦੀ ਡਿਊਟੀ ਲਗਾਈ ਗਈ ਹੈ ਜੋ ਕਿ ਜ਼ਿਲ੍ਹਾ ਜੇਲ੍ਹ ਵਿੱਚ ਹਰ ਰੋਜ਼ ਆਉਣ ਵਾਲੇ ਹਵਾਲਾਤੀਆਂ ਨੂੰ ਕਾਨੂੰਨੀ ਸਹਾਇਤਾ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਜੋ ਰਜਿਸਟਰ ਲਗਾਏ ਹਨ, ਉਹਨਾਂ ਵਿੱਚ ਹਰ ਰੋਜ ਆਉਣ ਵਾਲੇ ਹਵਾਲਾਤੀ, ਅਪੀਲ ਸਬੰਧੀ, ਜਮਾਨਤ ਸਬੰਧੀ ਅਤੇ ਹੋਰ ਮੈਡੀਕਲ ਸਬੰਧੀ ਜਾਣਕਾਰੀ ਦਰਜ ਕਰਨਗੇ ਅਤੇ ਉਸਦੀ ਸਮੀਖਿਆ ਹਰੇਕ ਹਫਤੇ ਸਕੱਤਰ ਵੱਲੋਂ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਅਤੇ ਸਕੱਤਰ ਨੇ ਜੇਲ੍ਹ ਵਿਚ ਬੰਦ ਹਵਾਲਾਤੀ/ਕੈਦੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾ ਦੀਆਂ ਮੁਸ਼ਕਿਲਾਂ ਸੁਣੀਆਂ ਗਈਆ ਅਤੇ ਉਸਦਾ ਨਿਪਟਾਰਾ ਕੀਤਾ ਗਿਆ। ਜੋ ਜੇਲ੍ਹ ਵਿੱਚ ਰਜਿਸਟਰ ਲਗਾਏ ਗਏ ਸਨ ਉਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਰਜਿਸਟਰ ਵਿੱਚ ਦਰਜ ਹਵਾਲਾਤੀਆਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਬਣਦੀ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਗਈ। ਜੇਲ੍ਹ ਦੌਰਾਨ ਹਵਾਲਾਤੀਆਂ ਨੂੰ ਦਿੱਤੀ ਜਾਣ ਵਾਲੀ ਮੈਡੀਕਲ ਸਹੂਲਤ ਅਤੇ ਖਾਣੇ ਦਾ ਵੀ ਨਿਰੀਖਣ ਕੀਤਾ ਗਿਆ।

ਇਸ ਮੌਕੇ ਸਟੇਟ ਬੈਂਕ ਆਫ ਇੰਡੀਆ ਵੱਲੋ ਚਲਾਏ ਜਾ ਰਹੀ ਆਰ.ਐੱਸ.ਈ.ਟੀ.ਆਈ.ਕੋਟਭਾਈ ਵੱਲੋਂ ਇੰਟਰਨਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਜੇਲ ਵਿੱਚ ਬੰਦ ਕੈਦੀਆਂ/ਹਵਾਲਾਤੀਆਂ ਲਈ ਇੱਕ ਟ੍ਰੇਨਿੰਗ ਪ੍ਰੋਗਰਾਮ ਕੀਤਾ ਗਿਆ ਅਤੇ ਇਸ ਟ੍ਰੇਨਿੰਗ ਉਪਰੰਤ ਭਾਗ ਲੈਣ ਵਾਲੇ ਕੈਦੀਆਂ/ਹਵਾਲਾਤੀਆਂ ਨੂੰ ਜ਼ਿਲ੍ਹਾ ਅਤੇ ਸੈਸ਼ਨ ਜੱਜ ਵੱਲੋਂ ਸਰਟੀਫਿਕੇਟ ਦਿੱਤੇ ਗਏ, ਤਾਂ ਜੋ ਜੇਲ ਤੋਂ ਬਾਹਰ ਆਉਣ ਉਪਰੰਤ ਕੰਮ ਸੁਰੂ ਕਰ ਸਕਣ।

ਇਸ ਮੌਕੇ ਜ਼ਿਲ੍ਹਾ ਜੇਲ੍ਹ ਵਿੱਚ ਹਵਾਲਾਤੀਆਂ/ਕੈਦੀਆਂ ਨੂੰ ਚਮੜੀ ਦੇ ਰੋਗਾਂ ਨਾਲ ਪੀੜਤਾਂ ਦੇ ਇਲਾਜ ਸਬੰਧੀ ਇੱਕ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਆਲਮਜੀਤ ਸਿੰਘ, ਮੈਡੀਕਲ ਅਫਸਰ (ਚਮੜੀ ਰੋਗਾਂ ਦੇ ਮਾਹਿਰ) ਅਤੇ ਸ਼੍ਰੀ ਸੰਦੀਪ ਕੁਮਾਰ (ਫਾਰਮੇਸੀ ਅਫਸਰ) ਵੱਲੋ ਜੇਲ੍ਹ ਵਿੱਚ ਬੰਦ ਹਲਵਾਲੀਆਂ/ਕੈਦੀਆਂ ਦਾ ਚੈਕਅਪ ਕਰਕੇ ਜ਼ਰੂਰਤ ਅਨੁਸਾਰ ਦਵਾਈ ਦਿੱਤੀ ਗਈ। ਕੈਦੀਆ/ਹਵਾਲਾਤੀਆਂ ਨੂੰ ਪਲੀ-ਬਾਰਗੇਨਿਗ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

ਇਸ ਉਪਰੰਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਉਦੇਕਰਨ ਰੋਡ ਸਥਿਤ ਮਾਨਵਤਾ ਬਾਲ ਆਸ਼ਰਮ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਵੱਲੋਂ ਬੱਚਿਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਤੰਦਰੁਸਤੀ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਜੱਜ ਸਾਹਿਬ ਨੇ ਉਨ੍ਹਾਂ ਦੀ ਹੱਕਾਂ ਸਬੰਧੀ ਵੀ ਜਾਣਕਾਰੀ ਦਿੱਤੀ ।ਇਸ ਤੋਂ ਬਾਅਦ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ ਸਾਹਿਬ ਵੱਲੋਂ, ਕੋਰਟ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 'ਤੇ ਜਾਂ ਸਿੱਧੇ ਤੌਰ ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਹਾਤਮਾ ਗਾਂਧੀ ਦੇ ਦਿਖਾਏ ਰਾਹ 'ਤੇ ਤੁਰ ਕੇ ਹੀ ਇਕ ਸਵੱਛ ਤੇ ਵਿਕਸਿਤ ਭਾਰਤ ਦਾ ਹੋ ਸਕਦਾ ਹੈ ਨਿਰਮਾਣ: ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਨਗਰ ਨਿਗਮ ਹੁਸ਼ਿਆਰਪੁਰ ਵਿੱਚ ਅੱਜ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਜੀ ਦੀ ਜੈਯੰਤੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ 'ਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਮਹਾਤਮਾ ਗਾਂਧੀ ਅਤੇ ਲਾਲ ਬਹਾਦੁਰ ਸ਼ਾਸਤਰੀ ਜੀ ਦੀ ਬੇਮਿਸਾਲ ਸੇਵਾਵਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਜੀ ਦੇ ਸਵੱਛਤਾ ਅਤੇ ਸਤਿਆਗ੍ਰਹਿ ਦੇ ਸੁਨੇਹੇ ਨੂੰ ਸਾਨੂੰ ਆਪਣੇ ਜੀਵਨ ਵਿੱਚ ਉਤਾਰਨਾ ਚਾਹੀਦਾ ਹੈ। ਉਨ੍ਹਾਂ ਦੇ ਦਿਖਾਏ ਰਸਤੇ 'ਤੇ ਤੁਰ ਕੇ ਹੀ ਅਸੀਂ ਇਕ ਸਾਫ਼ ਅਤੇ ਵਿਕਸਿਤ ਭਾਰਤ ਦਾ ਨਿਰਮਾਣ ਕਰ ਸਕਦੇ ਹਾਂ। ਲਾਲ ਬਹਾਦੁਰ ਸ਼ਾਸਤਰੀ ਜੀ ਦੀ ਸਾਦਗੀ ਅਤੇ ਦੇਸ਼ ਪ੍ਰੇਮ ਅੱਜ ਵੀ ਸਾਡੇ ਲਈ ਪ੍ਰੇਰਨਾ ਦਾ ਸਰੋਤ ਹੈ। ਸਮਾਗਮ ਦੇ ਦੌਰਾਨ ਮੇਅਰ ਸੁਰਿੰਦਰ ਕੁਮਾਰ, ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ, ਸੀਨੀਅਰ ਡਿਪਟੀ ਮੇਅਰ ਪ੍ਰਵੀਣ ਸੈਣੀ, ਡਿਪਟੀ ਮੇਅਰ ਰਣਜੀਤਾ ਚੌਧਰੀ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ ਵੀ ਮੌਜੂਦ ਸਨ।

ਪ੍ਰੋਗਰਾਮ ਦੌਰਾਨ ਹਾਜ਼ਰ ਸਾਰੇ ਅਧਿਕਾਰੀਆਂ ਨੇ ਮਹਾਤਮਾ ਗਾਂਧੀ ਜੀ ਅਤੇ ਲਾਲ ਬਹਾਦੁਰ ਸ਼ਾਸਤਰੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਬਾਅਦ ਨਗਰ ਨਿਗਮ ਦੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਨੂੰ ਉਨ੍ਹਾਂ ਦੀ ਅਨਥਕ ਮਿਹਨਤ ਲਈ ਵਿਧਾਇਕ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਗਏ।

ਬ੍ਰਮ ਸ਼ੰਕਰ ਜਿੰਪਾ ਨੇ ਇਸ ਮੌਕੇ 'ਤੇ ਸ਼ਹਿਰ ਵਾਸੀਆਂ ਨੂੰ ਸਿੰਗਲ ਯੂਜ਼ ਪਲਾਸਟਿਕ ਦਾ ਉਪਯੋਗ ਨਾ ਕਰਨ ਅਤੇ ਸ਼ਹਿਰ ਦੀ ਸਫਾਈ ਨੂੰ ਕਾਇਮ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸਾਫ਼ ਰੱਖੀਏ ਅਤੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਸਹਿਯੋਗ ਕਰੀਏ।ਕਮਿਸ਼ਨਰ ਨਗਰ ਨਿਗਮ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰੋਗਰਾਮ ਦੇ ਦੌਰਾਨ ਨਗਰ ਨਿਗਮ ਦੇ ਨਾਲ ਮਿਲ ਕੇ ਸਵੱਛਤਾ ਹੀ ਸੇਵਾ ਮੁਹਿੰਮ ਹੇਠ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਐਨ.ਜੀ.ਓ ਵਲੋਂ ਕੀਤੇ ਗਏ ਯਤਨਾਂ ਦੀ ਸਰਾਹਨਾ ਕੀਤੀ ਗਈ ਅਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਲਿਵਾਸਾ ਹਸਪਤਾਲ ਵੱਲੋਂ ਨਗਰ ਨਿਗਮ ਦੇ ਸਫਾਈ ਸੇਵਕਾਂ ਲਈ ਮੈਡੀਕਲ ਕੈਂਪ ਲਗਾਉਣ ਅਤੇ ਸਫਾਈ ਅਤੇ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਲਈ ਵਾਕਥਾਨ ਕਰਵਾਉਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਕੌਂਸਲਰ ਮਨਜੀਤ ਕੌਰ, ਕੌਂਸਲਰ ਮੋਹਿਤ ਸੈਣੀ, ਕੌਂਸਲਰ ਜਸਵੰਤ ਰਾਏ, ਕੌਂਸਲਰ ਹਰਵਿੰਦਰ ਸਿੰਘ, ਕੌਂਸਲਰ ਮੁਕੇਸ਼ ਕੁਮਾਰ, ਗੰਗਾ ਪ੍ਰਸਾਦ, ਨਗਰ ਨਿਗਮ ਹੁਸ਼ਿਆਰਪੁਰ ਦੇ ਸੁਪਰਡੈਂਟ ਐਮਿਤ ਕੁਮਾਰ, ਸੈਨਟਰੀ ਇੰਸਪੈਕਟਰ ਜਨਕ ਰਾਜ, ਰਾਜੇਸ਼ ਕੁਮਾਰ, ਸੰਜੀਵ ਕੁਮਾਰ, ਏ.ਐਸ.ਐਮ. ਗੌਰਵ ਸ਼ਰਮਾ, ਐਮ.ਆਈ.ਐਸ. ਵਿਸ਼ੇਸ਼ ਸ਼ਰਮਾ, ਸੀ.ਐਫ. ਮੀਨਾ ਸੈਣੀ, ਜਯੋਤੀ ਕਾਲੀਆ ਅਤੇ ਜਸਵਿੰਦਰ ਕੌਰ ਵੀ ਮੌਜੂਦ ਸਨ।

# ਏ.ਸੀ.ਐਸ.ਟੀ ਲੁਧਿਆਣਾ ਨੇ ਉਦਯੋਗਪਤੀਆਂ ਅਤੇ ਡਰਾਈ ਫਰੂਟ ਵੇਚਣ ਵਾਲਿਆਂ ਨਾਲ ਮੀਟਿੰਗ ਕੀਤੀ



**ਲੁਧਿਆਣਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿੱਤ ਕਮਿਸ਼ਨਰ ਕ੍ਰਿਸ਼ਨ ਕੁਮਾਰ ਅਤੇ ਡਿਪਟੀ ਕਮਿਸ਼ਨਰ ਰਾਜ ਕਰ (ਲੁਧਿਆਣਾ ਡਵੀਜ਼ਨ) ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਹਾਇਕ ਕਮਿਸ਼ਨਰ ਰਾਜ ਕਰ (ਲੁਧਿਆਣਾ-1) ਸ੍ਰੀ ਦੀਪਕ ਭਾਟੀਆ ਨੇ ਲੋਹਾ ਅਤੇ ਸਟੀਲ ਐਸੋਸੀਏਸ਼ਨਾਂ, ਡਰਾਈ ਫਰੂਟ ਵਿਕਰੇਤਾਵਾਂ, ਸਾਈਕਲ ਉਦਯੋਗ ਅਤੇ ਹੋਰ ਉਦਯੋਗਾਂ ਨਾਲ ਸਬੰਧਤ ਰਾਜ ਟੈਕਸ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਮੀਟਿੰਗ ਵਿੱਚ ਏਵਨ ਇਸਪਾਤ, ਆਰਤੀ ਸਟੀਲ ਇੰਡੀਆ, ਆਰਤੀ ਇੰਟਰਨੈਸ਼ਨਲ, ਦਿਵਿਆਂਸ਼ ਇੰਟਰਨੈਸ਼ਨਲ ਅਤੇ ਹੀਰੋ ਸਾਈਕਲਜ਼ ਦੇ ਨੁਮਾਇੰਦੇ ਸ਼ਾਮਲ ਹੋਏ।

ਮੀਟਿੰਗ ਦੌਰਾਨ ਆਗਾਮੀ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਵੱਧ ਤੋਂ ਵੱਧ ਟੈਕਸ ਦੀ ਪਾਲਣਾ ਅਤੇ ਉਗਰਾਹੀ ਨੂੰ ਯਕੀਨੀ ਬਣਾਉਣ ਲਈ ਵਿਭਾਗ ਵੱਲੋਂ ਅਪਣਾਏ ਗਏ ਵੱਖ-ਵੱਖ ਤਰੀਕਿਆਂ ਅਤੇ ਉਪਾਵਾਂ 'ਤੇ ਚਰਚਾ ਕੀਤੀ ਗਈ।

# 1076 ਡੋਰਸਟੈਪ ਡਿਲਿਵਰੀ ਹੈਲਪਲਾਈਨ -ਹੁਣ ਲੋਕ ਰਜਿਸਟ੍ਰੇਸ਼ਨ ਵਾਲੇ ਦਿਨ ਹੀ ਸੇਵਾ ਦਾ ਲਾਭ ਲੈ ਸਕਦੇ ਹਨ

**ਲੁਧਿਆਣਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੁਣ, ਨਾਗਰਿਕ '1076' ਡੋਰਸਟੈਪ ਡਿਲੀਵਰੀ ਹੈਲਪਲਾਈਨ 'ਤੇ ਕਾਲ ਕਰਕੇ ਰਜਿਸਟਰੇਸ਼ਨ ਵਾਲੇ ਦਿਨ ਹੀ ਵੱਖ-ਵੱਖ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਉਹ ਆਪਣੇ ਘਰ ਦੇ ਸੁਖਾਵੇਂ ਮਾਹੌਲ ਵਿੱਚ ਬੈਠੇ ਸੇਵਾ ਦਾ ਲਾਭ ਲੈ ਸਕਦੇ ਹਨ। ਉਹ ਇੱਕ ਐਸ.ਐਮ.ਐਸ. (ਮੋਬਾਇਲ ਸੰਦੇਸ਼) ਰਾਹੀਂ ਮੁਲਾਕਾਤ ਦਾ ਸਮਾਂ, ਲੋੜੀਂਦੇ ਦਸਤਾਵੇਜ਼ਾਂ, ਫੀਸਾਂ ਅਤੇ ਹੋਰ ਲੋੜੀਂਦੇ ਵੇਰਵਿਆਂ ਬਾਰੇ ਪਹਿਲਾਂ ਹੀ ਜਾਣਕਾਰੀ ਪ੍ਰਾਪਤ ਕਰਨਗੇ।

ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕਰਮਚਾਰੀ, ਜਿਨ੍ਹਾਂ ਨੂੰ 'ਸੇਵਾ ਸਹਾਇਕ' ਵਜੋਂ ਜਾਣਿਆ ਜਾਂਦਾ ਹੈ, ਕਾਗਜ਼ੀ ਕਾਰਵਾਈ ਵਿੱਚ ਸਹਾਇਤਾ ਕਰਨ, ਨਾਮਾਤਰ ਫੀਸਾਂ ਪ੍ਰਾਪਤ ਕਰਨ ਅਤੇ ਟਰੈਕਿੰਗ ਦੇ ਉਦੇਸ਼ਾਂ ਲਈ ਇੱਕ ਰਸੀਦ ਰਸੀਦ ਪ੍ਰਦਾਨ ਕਰਨ ਲਈ ਨਾਗਰਿਕਾਂ ਨੂੰ ਮਿਲਣਗੇ।

'ਸਰਕਾਰ ਤੁਹਾਡੇ ਦੁਆਰ' ਪਹਿਲਕਦਮੀ ਦੇ ਤਹਿਤ, 43 ਕਿਸਮ ਦੀਆਂ ਸਰਕਾਰੀ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਜਿਸ ਵਿੱਚ ਜਨਮ/ਮੌਤ ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਮ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ਐਨ.ਏ.ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਕੰਢੀ ਖੇਤਰ ਸਰਟੀਫਿਕੇਟ (ਮਾਲ) ਦੇ ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਉਸਾਰੀ ਕਾਮੇ ਦੀ ਰਜਿਸਟ੍ਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟ੍ਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ.ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ (ਓ.ਬੀ.ਸੀ.), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ.ਡਬਲਿਊ.ਐਸ.) ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੂ.ਡੀ.ਆਈ.ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਲਈ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਦੇ ਬਿੱਲ ਦਾ ਭੁਗਤਾਨ (ਪਾਵਰ), ਵਿਆਹ ਦੀ ਰਜਿਸਟ੍ਰੇਸ਼ਨ (ਲਾਜ਼ਮੀ), ਵਿਆਹ (ਆਨੰਦ) (ਘਰ) ਦੀ ਰਜਿਸਟ੍ਰੇਸ਼ਨ ਅਤੇ ਪੇਂਡੂ ਖੇਤਰ ਦਾ ਸਰਟੀਫਿਕੇਟ ਸ਼ਾਮਲ ਹਨ।

## ਬਲਾਕ ਧਾਰੀਵਾਲ ਦੇ ਪਿੰਡ ਸਰਸਪੁਰ ਵਿਖੇ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਲਈ ਕੀਤਾ ਜਾਗਰੂਕ

**ਗੁਰਦਾਸਪੁਰ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਗੁਰਦਾਸਪੁਰ, ਉਮਾ ਸ਼ੰਕਰ ਗੁਪਤਾ ਦੇ ਦਿਸ਼ਾ- ਨਿਰਦੇਸ਼ਾ ਅਨੁਸਾਰ ਬਲਾਕ ਧਾਰੀਵਾਲ ਦੇ ਪਿੰਡ ਸਰਸਪੁਰ ਵਿਖੇ ਸੀ. ਆਰ.ਐਮ ਅਤੇ ਆਈ.ਈ.ਸੀ ਸਕੀਮ ਤਹਿਤ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫ਼ਸਲ ਦੀ ਰਹਿੰਦ- ਖੂੰਹਦ ਨੂੰ ਅੱਗ ਨਾ ਲਾਉਣ। ਇਸ ਕੈਂਪ ਵਿੱਚ ਐੱਸ.ਡੀ.ਐੱਮ. ਡਾ.ਕਰਮਜੀਤ ਸਿੰਘ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ।ਇਸ ਕੈਂਪ ਵਿੱਚ ਯਾਦਵਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ,ਕਮਲਪ੍ਰੀਤ ਸਿੰਘ ਏ.ਐੱਸ.ਆਈ. ਅਤੇ ਬਲਾਕ ਖੇਤੀਬਾੜੀ ਦਫਤਰ ਤੋਂ ਸੋਨੂੰ ਅਤੇ ਹੋਰ ਸਟਾਫ ਵੀ ਮੌਜੂਦ ਸੀ। ਇਸ ਮੌਕੇ ਪਿੰਡ ਦੇ ਅਗਾਂਹਵਧੂ ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਦੇ ਆਪਣੇ ਤਜਰਬੇ ਵੀ ਸਾਂਝੇ ਕੀਤੇ ਅਤੇ ਕਿਸਾਨ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਨ ਨੂੰ ਬਚਾਉਣ ਅਤੇ ਚੰਗੀ ਸਿਹਤ ਲਈ ਪਰਾਲੀ ਨੂੰ ਅੱਗ ਨਾ ਲਗਾਉਣਇਸ ਮੌਕੇ ਗੱਲ ਕਰਦਿਆਂ ਐੱਸ.ਡੀ.ਐੱਮ. ਡਾ.ਕਰਮਜੀਤ ਸਿੰਘ ਨੇ ਦੱਸਿਆ ਕਿ ਸਿਵਲ ਤੇ ਪੁਲਿਸ ਵਿਭਾਗ ਦੀਆਂ ਸਾਝੀਆਂ ਟੀਮਾਂ ਵੱਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਰਾਲੀ ਸਾੜਨ ਤੋਂ ਹੋਣ ਵਾਲੇ ਨੁਕਸਾਨਾਂ ਤੋ ਜਾਣੂ ਕਰਵਾਇਆ ਗਿਆ। ਕਿਸਾਨਾਂ ਨੂੰ ਅੱਗ ਨਾ ਲਗਾਉਣ ਬਾਰੇ ਅਪੀਲ ਕੀਤੀ ਗਈ ਅਤੇ ਪ੍ਰਸ਼ਾਸਨ ਵੱਲੋਂ ਖੇਤੀ ਮਸ਼ੀਨਰੀ ਸਮੇਤ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਕਿਸਾਨਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਅਤੇ ਉਹਨਾਂ ਦੀ ਮੁਸ਼ਕਿਲ ਦਾ ਹੱਲ ਵੀ ਕੀਤਾ ਗਿਆ । ਇਸ ਦੇ ਨਾਲ ਹੀ ਯਾਦਵਿੰਦਰ ਸਿੰਘ ਅਪਣੇ ਵਿਚਾਰਾਂ ਨਾਲ ਜ਼ਿਮੀਦਾਰਾਂ ਨੂੰ ਖੇਤੀ ਖ਼ਰਚੇ ਕਿਵੇਂ ਘਟਾਏ ਜਾਣ ਤੇ ਵੱਧ ਤੋ ਵੱਧ ਮੁਨਾਫ਼ਾ ਕਿਵੇਂ ਲਿਆ ਜਾਵੇ, ਇਸ ਬਾਰੇ ਵੀ ਕਿਸਾਨ ਭਰਾਵਾਂ ਨੂੰ ਜਾਣਕਾਰੀ ਦਿੱਤੀ ਗਈ।

## ਸਰਕਾਰੀ ਤੇ ਪ੍ਰਾਇਵੇਟ ਅਦਾਰਿਆਂ ਦੇ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖੇ ਜਾਣਾ ਬਣਾਇਆ ਜਾਵੇ ਯਕੀਨੀ

**ਫਾਜ਼ਿਲਕਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਭਾਸ਼ਾ ਅਫਸਰ ਭੁਪਿੰਦਰ ਉਤਰੇਜਾ ਅਤੇ ਕਿਰਤ ਵਿਭਾਗ ਦੇ ਇੰਸਪੈਕਟਰ ਰਾਜਬੀਰ ਸਿੰਘ ਨੇ ਸਾਂਝੇ ਰੂਪ ਵਿੱਚ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਸੂਚਿਤ ਕਰਦਿਆਂ ਕਿਹਾ ਕਿ ਪੰਜਾਬ ਰਾਜ ਦੀ ਰਾਜ ਭਾਸ਼ਾ ਪੰਜਾਬੀ ਨੂੰ ਬਣਦਾ ਮਾਣ ਦਿੰਦੇ ਹੋਏ ਸਮੂਹ ਸਰਕਾਰੀ ਤੇ ਪ੍ਰਾਇਵੇਟ ਅਦਾਰਿਆਂ ਅਤੇ ਸੰਸਥਾਵਾਂ ਵਿਖੇ ਪੰਜਾਬੀ ਭਾਸ਼ਾ ਦੀ ਵਰਤੋਂ ਲਾਜਮੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਸਮੂਹ ਸਰਕਾਰੀ, ਅਰਧ ਸਰਕਾਰੀ ਦਫਤਰਾਂ/ਵਿਭਾਗਾਂ/ਅਦਾਰਿਆਂ/ਸੰਸਥਾਵਾਂ/ਵਿੱਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ/ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਹੋਰ ਵਪਾਰਕ ਅਦਾਰਿਆਂ ਆਦਿ ਦੇ ਬੋਰਡਾਂ ਉੱਪਰ ਨਾਮ ਲਿਖਣ ਸਮੇਂ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁੱਖੀ ਲਿੱਪੀ) ਵਿੱਚ ਲਿਖੇ ਜਾਣਾ ਲਾਜ਼ਮੀ ਹੈ।

# ਨਵੀਆਂ ਅਬਾਰਤਾਂ ਲਿਖਣ ਲਈ ਸਿਰ.ਫ ਸੱਚੀ ਲਗਨ ਅਤੇ ਮੇਹਨਤ ਦੀ ਲੋੜ - ਗੁਰਸਿਮਰਨ ਸਿੰਘ

**ਮਲੇਰਕੋਟਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਹੱਥੋਆ ਦੇ ਨੌਜਵਾਨ ਗੁਰਸਿਮਰਨ ਸਿੰਘ ਨੇ ਖੇਤੀਬਾੜੀ ਦੇ ਖੇਤਰ ਵਿੱਚ ਨਵੀਆਂ ਦਿਸ਼ਾਵਾਂ ਨੂੰ ਪਾਰ ਕਰਦੇ ਹੋਏ, ਇੱਕੋ ਮਿੱਟੀ 'ਤੇ 20 ਤਰ੍ਹਾਂ ਦੇ ਵਿਦੇਸ਼ੀ ਫਲਾਂ ਦੀ ਸਫਲ ਪੈਦਾਵਾਰ ਕੀਤੀ ਹੈ। ਇਹ ਸਭ ਫਲ ਪੂਰੀ ਤਰ੍ਹਾਂ ਜੈਵਿਕ ਤਰੀਕੇ ਨਾਲ ਉਗਾਏ ਜਾ ਰਹੇ ਹਨ,ਜੋ ਖੇਤੀਬਾੜੀ ਵਿੱਚ ਨਵੇਂ ਇਨਕਲਾਬ ਦਾ ਸੰਕੇਤ ਹੈ। ਅਗਾਂਹਵਧੂ ਗੁਰਸਿਮਰਨ ਸਿੰਘ ਕੇਵਲ ਖੇਤੀਬਾੜੀ ਖੇਤਰ ਦੇ ਭਵਿੱਖ ਦੇ ਨਵੀਂ ਦਿਸ਼ਾ ਪ੍ਰਦਾਨ ਕਰਨ ਦਾ ਉਪਰਾਲਾ ਨਹੀਂ ਕਰ ਰਿਹਾ ਸਗੋਂ ਨਾਰੀ ਸਸ਼ਕਤੀਕਰਨ ਵੱਲ ਵੀ ਕਦਮ ਵਧਾ ਰਿਹਾ ਹੈ।

ਉਸ ਦੀ ਧਰਮ ਪਤਨੀ ਹਰਪ੍ਰੀਤ ਕੌਰ ਇੱਕ ਏਕੜ ਵਿੱਚ ਫਰੂਟ ਨਰਸਰੀ ਦੇ ਨਾਲ ਨਾਲ ਵਿਰਾਸਤੀ ਰੁੱਖਾਂ ਦੀ ਨਰਸਰੀ ਚਲਾ ਰਹੀ ਹੈ ਅਤੇ ਆਪਣੇ ਆਪ ਨੂੰ ਆਰਥਿਕ ਤੌਰ ਤੇ ਆਤਮ ਨਿਰਭਰ ਹੋਕੇ ਸਨਮਾਨ ਦੀ ਜਿੰਦਗੀ ਬਤੀਤ ਕਰ ਰਹੀ ਹੈ। ਗੁਰੂ-ਪੀਰਾਂ ਦਾ ਸ਼ੁਕਰਗੁਜਾਰ ਹੁੰਦਿਆਂ ਗੁਰਸਿਮਰਨ ਸਿੰਘ ਨੇ ਕਿਹਾ ਕਿ ਇਹ ਸਭ ਮੇਰੀ ਮਾਤਾ ਸਰਦਾਰਨੀ ਦਲਜੀਤ ਕੌਰ ਦੇ ਅਸ਼ੀਰਵਾਦ ਅਤੇ ਪ੍ਰੇਰਨਾਂ ਕਾਰਨ ਸੰਭਵ ਹੋਇਆ ਹੈ ।

ਗੁਰਸਿਮਰਨ ਸਿੰਘ, ਜਿਹੜਾ ਰਾਊਂਡ ਗਲਾਸ ਫਾਊਂਡੇਸ਼ਨ ਵਿੱਚ ਨੌਕਰੀ ਕਰਦਾ ਅਗਾਹਵਧੂ ਨੌਜਵਾਨ, ਹੁਣ ਪੂਰੀ ਤਰ੍ਹਾਂ ਖੇਤੀ/ਬਾਗਬਾਨੀ ਨੂੰ ਸਮਰਪਿਤ ਹੋ ਚੁਕਾ ਹੈ। ਉਸ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਟਿਸ਼ੂ ਕਲਚਰ ਵਿੱਚ ਡਿਪਲੋਮਾ ਕਰਨ ਉਪਰੰਤ, ਖੇਤੀ ਵਿੱਚ ਨਵੀਆਂ ਤਕਨੀਕਾਂ ਨੂੰ ਅਪਣਾਉਣ ਦੀ ਸੋਚ ਬਣਾਈ। 4 ਏਕੜ ਜ਼ਮੀਨ ਵਿੱਚ, ਗੁਰਸਿਮਰਨ ਨੇ ਰਵਾਇਤੀ ਫਸਲਾਂ ਦੇ ਨਾਲ-ਨਾਲ 20 ਤੋਂ ਵੱਧ ਵਿਦੇਸ਼ੀ ਫਲਾਂ ਦੀ ਪੈਦਾਵਾਰ ਕਰਕੇ, ਵਿਲੱਖਣਤਾਪੂਰਨ ਖੇਤੀ ਦੀ ਮਿਸਾਲ ਕਾਇਮ ਕੀਤੀ ਹੈ। ਜੈਵਿਕ ਉਤਪਾਦਾਂ ਦੀ ਸਥਾਨਕ ਅਤੇ ਵਿਦੇਸ਼ੀ ਮਾਰਕਿਟ ਵਿੱਚ ਭਾਰੀ ਮੰਗ ਹੈ ਅਤੇ ਉਸ ਨੇ ਕਈ ਮੁਲਕਾਂ ਦੇ ਕਿਸਾਨਾਂ ਦਾ ਧਿਆਨ ਖਿੱਚਿਆ ਹੈ।

ਗੁਰਸਿਮਰਨ ਦਾ ਇਹ ਯਤਨ ਪਿੰਡ ਅਤੇ ਸੂਬੇ ਦੇ ਹੋਰ ਕਿਸਾਨਾਂ ਲਈ ਪ੍ਰੇਰਨਾ ਬਣਿਆ ਹੈ। ਉਹ ਜੈਵਿਕ ਤਰੀਕਿਆਂ ਦੀ ਵਰਤੋਂ ਕਰਕੇ ਪੈਦਾਵਾਰ ਵਧਾ ਰਿਹਾ ਹੈ, ਜੋ ਕਿ ਮਿੱਟੀ ਦੀ ਸਿਹਤ ਨੂੰ ਵੀ ਕਾਇਮ ਰੱਖਦੀ ਹੈ। ਉਸ ਦੇ ਖੇਤਰ ਵਿੱਚ ਵਿਦੇਸ਼ੀ ਦੌਰੇ ਕਰਨ ਵਾਲੇ ਕਈ ਮੁਲਕਾਂ ਦੇ ਵਿਦਵਾਨ, ਜਿਵੇਂ ਕਿ ਅਮਰੀਕਾ, ਜਰਮਨੀ, ਜਪਾਨ ਆਦਿ ਦੇ ਕਿਸਾਨ ਵੀ ਉਸ ਦੇ ਖੇਤਾਂ ਦੀ ਸਫਲਤਾ ਦੇ ਪ੍ਰਸ਼ੰਸਕ ਹਨ।

ਜੈਵਿਕ ਖੇਤੀ ਦੇ ਲਾਭ ਸਿਰਫ ਸਿਹਤਮੰਦ ਖਾਦ ਪਦਾਰਥਾਂ ਹੀ ਨਹੀਂ, ਸਗੋਂ ਮਿੱਟੀ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗੁਰਸਿਮਰਨ ਸਿੰਘ ਵੱਲੋਂ ਬੇਰੀਜ਼, ਆਵਾਕੈਡੋ, ਜੈਤੂਨ, ਅੰਜੀਰ, ਚੀਨੀ ਲੋਗਨ ਫਲ ਅਤੇ ਕਈ ਕਿਸਮਾਂ ਦੇ ਅੰਬਾਂ ਦੀ ਕਾਸਤ ਕੀਤੀ ਗਈ ਹੈ। ਉਨ੍ਹਾਂ ਨੇ ਪੰਜਾਬ ਵਿੱਚ ਪਹਿਲੀ ਵਾਰ ਜੋ-ਫਲ ਦਾ ਬੀਜ ਵੀ ਬੋਇਆ ਹੈ। ਇਨ੍ਹਾਂ ਵਿਦੇਸ਼ੀ ਫਲਾਂ ਦੀ ਸਫਲਤਾ ਨਾਲ, ਗੁਰਸਿਮਰਨ ਨੇ ਆਪਣੇ ਆਪ ਨੂੰ ਅਤੇ ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਹੈ।

ਗੁਰਸਿਮਰਨ ਸਿੰਘ ਦੇ ਤਜਰਬੇ ਸੂਬੇ ਵਿੱਚ ਜੈਵਿਕ ਕ੍ਰਾਂਤੀ ਲਿਆਉਣ ਲਈ ਇੱਕ ਵੱਡਾ ਯੋਗਦਾਨ ਹਨ। ਜੈਵਿਕ ਫਲਾਂ ਦੀ ਮੰਗ ਸਿਰਫ਼ ਭਾਰਤ ਵਿੱਚ ਹੀ ਨਹੀਂ, ਵਿਦੇਸ਼ੀ ਮਾਰਕੀਟਾਂ ਵਿੱਚ ਵੀ ਕਾਫੀ ਹੈ, ਜੋ ਕਿਸਾਨਾਂ ਲਈ ਵੱਡੇ ਫਾਇਦੇ ਦਾ ਸਬਬ ਬਣ ਸਕਦੀ ਹੈ। ਉਸਦਾ ਕਹਿਣਾ ਹੈ ਕਿ ਹੁਣ ਉਹ ਆਪਣੇ ਤਜਰਬਿਆ ਦੇ ਅਧਾਰ ਤੇ ਆਵਾਕੈਡੋ, ਚੀਨੀ ਲੋਗਨ ਫਲ ਆਦਿ ਦੀ ਕਾਸਤ ਵਪਾਰਿਕ ਪੱਧਰ ਤੇ ਕਰਨੀ ਸ਼ੁਰੂ ਕੀਤੀ ਹੈ। ਉਨ੍ਹਾਂ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸੂਬੇ/ਦੇਸ਼ ਵਿੱਚ ਰਹਿ ਕੇ ਭਵਿੱਖ ਲਈ ਸੰਭਾਵਨਾਵਾਂ ਦੀ ਤਲਾਸ ਕਰਨ ।

## ਡਿਪਟੀ ਕਮਿਸ਼ਨਰ ਨੇ ਝੋਨੇ ਦੀ ਖਰੀਦ ਲਈ ਅਗੇਤੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਸ੍ਰੀ ਮੁਕਤਸਰ ਸਾਹਿਬ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਨੇ ਅੱਜ ਸ੍ਰੀ ਮੁਕਤਸਰ ਸਾਹਿਬ ਦੀ ਅਨਾਜ ਮੰਡੀ ਅਤੇ ਦੋਦਾ ਦੀ ਅਨਾਜ ਮੰਡੀ ਵਿੱਚ ਦੌਰਾ ਕਰਕੇ ਝੋਨੇ ਦੀ ਖਰੀਦ ਲਈ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਸਾਫ਼-ਸਫ਼ਾਈ, ਬਿਜਲੀ, ਪਾਣੀ ਆਦਿ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਫ਼ਸਲ ਵੇਚਣ ਸਬੰਧੀ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀ ਵਿੱਚ ਸਾਫ਼-ਸੁਥਰੀ ਅਤੇ ਸੁੱਕੀ ਫ਼ਸਲ ਹੀ ਲਿਆਉਣ ਤਾਂ ਜੋ ਫ਼ਸਲ ਨੂੰ ਵੇਚਣ ਸਮੇਂ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਆਪ ਸੰਸਦ ਮਲਵਿੰਦਰ ਸਿੰਘ ਕੰਗ ਨੇ ਕੰਗਨਾ ਰਣੌਤ ਦੀ ਪੰਜਾਬੀਆਂ ਖਿਲਾਫ ਵਿਵਾਦਤ ਟਿੱਪਣੀ ਦੀ ਕੀਤੀ ਸਖ਼ਤ ਨਿੰਦਾ

**ਚੰਡੀਗੜ੍ਹ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਆਗੂ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਵੱਲੋਂ ਪੰਜਾਬੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀ ਤਾਜ਼ਾ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਹੈ। ਕੰਗ ਨੇ ਕਿਹਾ ਕਿ ਕੰਗਨਾ ਦੇ ਇਸ ਤਰ੍ਹਾਂ ਦੇ ਵਿਵਾਦਤ ਬਿਆਨ ਲੋਕਾਂ ਵਿੱਚ ਵੰਡ ਅਤੇ ਨਫ਼ਰਤ ਨੂੰ ਵਧਾਉਂਦਾ ਹੈ। ਕੰਗ ਨੇ ਭਾਜਪਾ ਸ਼ਾਸਿਤ ਰਾਜਾਂ, ਖਾਸ ਤੌਰ 'ਤੇ ਗੁਜਰਾਤ, ਜਿੱਥੇ ਪਿਛਲੇ ਕੁਝ ਸਾਲਾਂ ਦੌਰਾਨ ਨਸ਼ਿਆਂ ਦੇ ਵੱਡੇ ਪਰਦਾਫਾਸ਼ਾਂ ਦੀ ਰਿਪੋਰਟ ਸਾਹਮਣੇ ਆਈ ਹੈ, ਨੇ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਦੇ ਚਿੰਤਾਜਨਕ ਪ੍ਰਚਲਣ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦਹਾਕਿਆਂ ਤੋਂ ਸੱਤਾ ਵਿੱਚ ਰਹਿਣ ਦੇ ਬਾਵਜੂਦ ਨਸ਼ਿਆਂ ਦੇ ਸੰਕਟ ਨਾਲ ਨਜਿੱਠਣ ਲਈ ਕੋਈ ਠੋਸ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਤੱਥਾਂ ਨੂੰ ਨਜ਼ਰਅੰਦਾਜ਼ ਕਰ ਪੰਜਾਬੀ ਭਾਈਚਾਰੇ ਵਿਰੁੱਧ ਘਟੀਆ ਬਿਆਨਬਾਜ਼ੀ ਕਰਦੀ ਹੈ। ਉਨ੍ਹਾਂ ਨੂੰ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਫੈਲੀ ਨਸ਼ੇ ਦੀ ਤਸਕਰੀ ਦੇ ਵੱਡੇ ਮੁੱਦੇ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ, ਜਿਸ ਵਿੱਚ ਉਹ ਅਸਫਲ ਰਹੀ ਹੈ। ਇਸ ਤੋਂ ਇਲਾਵਾ ਕੰਗ ਨੇ ਰਣੌਤ ਦੁਆਰਾ ਭੜਕਾਊ ਭਾਸ਼ਾ ਦੀ ਲਗਾਤਾਰ ਵਰਤੋਂ ਅਤੇ ਉਸ ਦੇ ਭੜਕਾਊ ਬਿਆਨ ਦੇਣ ਦੇ ਪੈਟਰਨ 'ਤੇ ਚਿੰਤਾ ਜ਼ਾਹਰ ਕੀਤੀ ਜਿਸ ਦਾ ਕੋਈ ਰਚਨਾਤਮਕ ਉਦੇਸ਼ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਕੰਗਨਾ ਦਾ ਅਜਿਹਾ ਵਿਵਹਾਰ ਦਰਸਾਉਂਦਾ ਹੈ ਇੱਕ ਘਟ ਰਹੇ ਫਿਲਮੀ ਕਰੀਅਰ ਦੇ ਦਬਾਅ ਕਾਰਨ ਵਿਅਕਤੀ ਨਕਾਰਾਤਮਕ ਆਦਤਾਂ ਦਾ ਸਹਾਰਾ ਲੈ ਸਕਦਾ ਹੈ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵੀ ਸ਼ਾਮਲ ਹੈ।

ਕੰਗ ਨੇ ਰਣੌਤ ਦੇ ਬਿਆਨਾਂ ਪ੍ਰਤੀ ਉਸ ਦੇ ਨਕਾਰਾਤਮਕ ਰਵੱਈਏ ਲਈ ਭਾਜਪਾ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਜਪਾ ਡਰਾਮਾ ਬੰਦ ਕਰੇ ਅਤੇ ਕੰਗਨਾ ਦੇ ਨਫ਼ਰਤ ਭਰੇ ਭਾਸ਼ਣਾਂ ਲਈ ਉਸ ਵਿਰੁੱਧ ਠੋਸ ਕਾਰਵਾਈ ਕਰੇ ਜਿਸਦਾ ਉਦੇਸ਼ ਸਾਡੇ ਸਮਾਜ ਨੂੰ ਵੰਡਣਾ ਹੈ। ਉਨ੍ਹਾਂ ਨੇ ਭਾਜਪਾ ਨੂੰ ਅਜਿਹੀਆਂ ਫੁੱਟ ਪਾਊ ਬਿਆਨਬਾਜ਼ੀ ਨੂੰ ਵਧਣ ਦੇਣ ਦੀ ਬਜਾਏ ਇਨ੍ਹਾਂ ਮੁੱਦਿਆਂ ਨੂੰ ਗੰਭੀਰਤਾ ਨਾਲ ਹੱਲ ਕਰਨ ਦੀ ਅਪੀਲ ਕੀਤੀ।

# ਪੰਜਾਬ ਨੇ ਹਾਸਲ ਕੀਤਾਖ਼ੂਨ ਦਾਨ ਕਰਨ ਵਿਚ ਸ਼ਾਨਦਾਰ ਮੁਕਾਮ, ਭਾਰਤ ਦੇ ਤਿੰਨ ਮੋਹਰੀ ਸੂਬਿਆਂ 'ਚੋਂ ਇਕ : ਡਾ. ਬਲਬੀਰ ਸਿੰਘ

**ਚੰਡੀਗੜ੍ਹ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਵਤਾ ਦੇ ਰਾਹ 'ਤੇ ਮਹੱਤਵਪੂਰਨ ਮੀਲ ਪੱਥਰ ਸਥਾਪਤ ਕਰਦਿਆਂ ਪੰਜਾਬ ਨੇ ਸਵੈ-ਇੱਛਾ ਤੇ ਸੇਵਾ-ਭਾਵ ਨਾਲ ਖ਼ੂਨ ਦਾਨ ਕਰਨ ਵਿਚ ਸ਼ਾਨਦਾਰ ਯੋਗਦਾਨ ਪਾਉਣ ਲਈ ਦੇਸ਼ ਭਰ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀ) ਵਿਚੋਂ ਤੀਜਾ ਸਥਾਨ ਹਾਸਲ ਕੀਤਾ ਹੈ। ਪੰਜਾਬ ਨੂੰ ਇਹ ਮਾਨਤਾ, ਜੈਪੁਰ, ਰਾਜਸਥਾਨ ਵਿਖੇ, 1 ਅਕਤੂਬਰ, 2024 ਨੂੰ ਨੈਸ਼ਨਲ ਵਲੰਟਰੀ ਬਲੱਡ ਡੋਨੇਸ਼ਨ ਦਿਵਸ ਮੌਕੇ ਕਰਵਾਈ ਗਈ ਵੱਕਾਰੀ 'ਇੰਡੀਆ ਬਲੱਡ ਡੋਨੇਸ਼ਨ ਐਨ. ਜੀ. ਓ. ਕਨਕਲੇਵ' ਦੌਰਾਨ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ਼ ਦੀ ਬਲੱਡ ਟਰਾਂਸਫਿਊਜ਼ਨ ਸਰਵਿਸਿਜ਼ (ਬੀਟੀਐਸ) ਵੱਲੋਂ ਪ੍ਰਦਾਨ ਕੀਤੀ ਗਈ ਹੈ।

ਇਸ ਸ਼ਾਨਮੱਤੀ ਪ੍ਰਾਪਤੀ ਲਈ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ, ਪੰਜਾਬ ਨੂੰ ਵਧਾਈ ਦਿੰਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਮਾਨਤਾ ਸਾਲ 2023-24 ਵਿਚ ਸ਼ਾਨਦਾਰ ਕਾਰਗੁਜ਼ਾਰੀ ਲਈ ਦਿੱਤੀ ਗਈ ਹੈ। ਇਸ ਸਮੇਂ (ਸਾਲ 2023-24) ਦੌਰਾਨ, ਕੌਂਸਲ ਨੇ 11,109 ਖ਼ੂਨਦਾਨ ਕੈਂਪ ਲਗਾਏ ਅਤੇ ਭਾਰਤ ਸਰਕਾਰ ਦੇ 460,000 ਯੂਨਿਟ ਦੇ ਟੀਚੇ ਨੂੰ ਪਾਰ ਕਰਦਿਆਂ 493,000 ਯੂਨਿਟ ਖ਼ੂਨ ਇਕੱਠਾ ਕੀਤਾ। ਇਹ ਐਵਾਰਡ ਬੀ.ਟੀ.ਐਸ./ਪੀ.ਐਸ.ਬੀ.ਟੀ.ਸੀ. ਦੇ ਸੰਯੁਕਤ ਡਾਇਰੈਕਟਰ ਡਾ. ਸੁਨੀਤਾ



ਦੇਵੀ ਅਤੇ ਸੁਰਿੰਦਰ ਸਿੰਘ ਨੇ ਰਾਜ ਦੀ ਤਰਫ਼ੋਂ ਪ੍ਰਾਪਤ ਕੀਤਾ। ਡਾ. ਬਲਬੀਰ ਸਿੰਘ ਨੇ ਸੁਰੱਖਿਅਤ ਖ਼ੂਨ ਦੀ ਲਗਾਤਾਰ ਸਪਲਾਈ ਨੂੰ ਯਕੀਨੀ ਬਣਾਉਣ ਲਈ ਸਿਹਤ ਅਤੇ ਖ਼ੂਨ ਸੰਚਾਰ ਟੀਮਾਂ ਦੇ ਨਿਰੰਤਰ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੇ ਅਜਿਹੀਆਂ ਲੋਕਪੱਖੀ ਪਹਿਲਕਦਮੀਆਂ ਨੂੰ ਚਲਾਉਣ ਅਤੇ ਸੂਬੇ ਭਰ ਵਿਚ ਸਵੈਇੱਛਤ ਖ਼ੂਨਦਾਨ ਦੇ ਯਤਨਾਂ ਨੂੰ ਹੋਰ ਮਜ਼ਬੂਤ ਤੇ ਪ੍ਰਫੁਲਿਤ ਕਰਨ ਲਈ ਪ੍ਰੋਜੈਕਟ ਡਾਇਰੈਕਟਰ ਪੀ.ਐਸ.ਏ.ਸੀ.ਐਸ.- ਕਮ-ਡਾਇਰੈਕਟਰ, ਪੀ.ਐਸ.ਬੀ.ਟੀ.ਸੀ. ਵਰਿੰਦਰ ਕੁਮਾਰ ਸ਼ਰਮਾ ਦੇ ਸਮਰਥਨ ਅਤੇ ਅਗਵਾਈ ਦੀ ਵੀ ਸ਼ਲਾਘਾ ਕੀਤੀ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ 182 ਲਾਇਸੰਸਸ਼ੁਦਾ ਖ਼ੂਨ ਕੇਂਦਰਾਂ ਦਾ ਮਜ਼ਬੂਤ ਨੈੱਟਵਰਕ ਮੌਜੂਦ ਹੈ, ਜਿਸ ਵਿਚ ਸਾਰੇ ਜ਼ਿਲ੍ਹਿਆਂ 'ਚ ਫੈਲੇ 49 ਸਰਕਾਰੀ ਖ਼ੂਨ ਕੇਂਦਰ ਸ਼ਾਮਲ ਹਨ, ਜੋ ਲੋੜਵੰਦ ਮਰੀਜ਼ਾਂ ਲਈ ਖ਼ੂਨ ਦੀ ਵਿਆਪਕ ਕਵਰੇਜ ਨੂੰ ਯਕੀਨੀ ਬਣਾਉਂਦੇ ਹਨ। ਇਨ੍ਹਾਂ ਕੇਂਦਰਾਂ ਵਿਚੋਂ, 83 ਲਾਇਸੰਸਸ਼ੁਦਾ ਬਲੱਡ ਕੰਪੋਨੈਂਟ ਸੈਪਰੇਸ਼ਨ ਯੂਨਿਟਸ (ਬੀ.ਸੀ.ਐਸ.ਯੂ.) ਹਨ, ਜਿਸ ਵਿਚ 26 ਸਰਕਾਰੀ ਬਲੱਡ ਕੰਪੋਨੈਂਟ ਸੈਪਰੇਸ਼ਨ ਯੂਨਿਟਸ (ਬੀਸੀਐਸਯੂ) ਹਨ, ਜੋ ਪਲੇਟਲੈਟਸ ਅਤੇ ਪਲਾਜ਼ਮਾ ਵਰਗੇ ਖ਼ੂਨ ਦੇ ਮਹੱਤਵਪੂਰਣ ਤੱਤਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਂਦੇ ਹੋਏ, ਮਰੀਜ਼ਾਂ ਦੀ ਦੇਖਭਾਲ ਵਿਚ ਹੋਰ ਵਾਧਾ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜ਼ਿਲ੍ਹਾ ਹਸਪਤਾਲ, ਉਪ-ਜ਼ਿਲ੍ਹਾ ਹਸਪਤਾਲ, ਸੀ.ਐਚ.ਸੀ., ਪੀ.ਐਚ.ਸੀ ਅਤੇ ਸਰਕਾਰੀ ਮੈਡੀਕਲ ਕਾਲਜਾਂ ਸਮੇਤ ਪੰਜਾਬ ਦੀਆਂ ਸਾਰੀਆਂ ਜਨਤਕ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਲਈ ਮੁਫ਼ਤ ਖ਼ੂਨ ਉਪਲਬਧ ਹੈ ਤਾਂ ਜੋ ਕੋਈ ਵੀ ਇਸ ਜੀਵਨ ਬਚਾਊ ਸਰੋਤ ਤੋਂ ਵਾਂਝਾ ਨਾ ਰਹੇ।

# ਪਟਿਆਲਾ ਜੇਲ੍ਹ 'ਚ ਲਗਾਤਾਰ ਦੂਜੇ ਦਿਨ ਕੈਦੀ ਵੱਲੋਂ ਖ਼ੁਦਕੁਸ਼ੀ

**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਜੇਲ੍ਹ ਪਟਿਆਲਾ ਵਿੱਚ ਅੱਜ ਵਿਚਾਰ ਅਧੀਨ ਕੈਦੀ ਨੇ ਦਰੱਖ਼ਤ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਇਸੇ ਦੌਰਾਨ ਪਟਿਆਲਾ ਜੇਲ੍ਹ ਵਿੱਚ ਦੋ ਦਿਨਾਂ ਵਿੱਚ ਖੁਦਕੁਸ਼ੀ ਦੀ ਇਹ ਦੂਜੀ ਘਟਨਾ ਵਾਪਰੀ। ਇੱਕ ਦਿਨ ਪਹਿਲਾਂ ਹੀ ਜੇਲ੍ਹ ਵਿੱਚ ਵਿਚਾਰ ਅਧੀਨ ਕੈਦੀ ਨੇ ਦਰੱਖਤ ਨਾਲ ਫਾਹਾ ਲੈ ਲਿਆ ਸੀ। ਅੱਜ ਮਰਨ ਵਾਲੇ ਕੈਦੀ ਦੀ ਪਛਾਣ ਕਰਨਵੀਰ ਸਿੰਘ ਸੋਨੂ ਵਜੋਂ ਹੋਈ। ਨਸ਼ੀਲੀਆਂ ਗੋਲੀਆਂ ਦੀ ਬਰਾਮਦਗੀ ਸਬੰਧੀ ਕੇਸ ਵਿੱਚ ਪੁਲੀਸ ਵੱਲੋਂ ਉਸ ਨੂੰ 29 ਸਤੰਬਰ ਨੂੰ ਹੀ ਜੇਲ੍ਹ ਵਿੱਚ ਭੇਜਿਆ ਗਿਆ ਸੀ। ਜੇਲ੍ਹ ਸੁਪਰਡੈਂਟ ਵਰੁਣ ਸ਼ਰਮਾ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਹ ਜੇਲ੍ਹ ਵਿੱਚ ਆਉਣ ਮੌਕੇ ਹੀ ਚਿੱਟੇ ਦਾ ਆਦੀ ਸੀ। ਉਸ ਦਾ ਇਲਾਜ ਵੀ ਸ਼ੁਰੂ ਕਰ ਦਿੱਤਾ ਗਿਆ ਸੀ। ਉਹ ਅੱਜ ਜੇਲ੍ਹ ਵਿਚਲੀ ਵਾਰਡ ਨੰਬਰ ਪੰਜ ਤੇ ਛੇ ਦੇ ਸਾਹਮਣੇ ਸਥਿਤ ਦਰਖਤ 'ਤੇ ਜਾ ਚੜ੍ਹਿਆ। ਉਸ ਦਾ ਕਹਿਣਾ ਸੀ ਕਿ ਪੁਲੀਸ ਨੇ ਉਸ 'ਤੇ ਗੋਲੀਆਂ ਦੀ ਬਰਾਮਦਗੀ ਸਬੰਧੀ ਝੂਠਾ ਕੇਸ ਪਾਇਆ ਹੈ। ਜੇਲ੍ਹ ਅਧਿਕਾਰੀਆਂ ਅਨੁਸਾਰ ਉਹ ਇਹ ਆਖ ਰਿਹਾ ਸੀ ਕਿ ਉਹ ਚਿੱਟੇ ਦੀ ਵਰਤੋਂ ਜ਼ਰੂਰ ਕਰਦਾ ਹੈ ਪਰ ਗੋਲੀਆਂ ਉਸ ਨੇ ਕਦੇ ਨਹੀਂ ਖਾਧੀਆਂ। ਭਾਵੇਂ ਉਸ ਦੀ ਮਾਂ ਠੀਕ ਠਾਕ ਹੈ ਪਰ ਉਹ ਆਖ ਰਿਹਾ ਸੀ ਕਿ ਜੇਲ੍ਹ ਆਉਣ ਮਗਰੋਂ ਉਸ ਦੀ ਮਾਂ ਦੀ ਮੌਤ ਹੋ ਗਈ ਹੈ। ਉਹ ਜ਼ਿੱਦ ਕਰ ਰਿਹਾ ਸੀ ਕਿ ਸਪੀਕਰ ਲਾ ਕੇ ਦਰੱਖਤ 'ਤੇ ਬੈਠੇ ਦੀ ਹੀ ਉਸ ਦੀ ਘਰ ਗੱਲ ਕਰਵਾਈ ਜਾਵੇ।

ਘਟਨਾ ਦਾ ਪਤਾ ਲੱਗਦਿਆਂ ਜੇਲ੍ਹ ਅਧਿਕਾਰੀ ਉਥੇ ਪਹੁੰਚ ਗਏ। ਉਨ੍ਹਾਂ ਉਸ ਨੂੰ ਹੇਠਾਂ ਉਤਰਨ ਲਈ ਬਹੁਤ ਪ੍ਰੇਰਿਆ ਪਰ ਉਸ ਨੇ ਉਪਰੋਂ ਛਾਲ ਮਾਰ ਦਿੱਤੀ। ਇਸ ਦੌਰਾਨ ਜੇਲ੍ਹ ਮੁਲਾਜ਼ਮ ਜਸਕਿੰਦਰ ਸਿੰਘ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਸ ਦੇ ਮੱਥੇ ਵਿੱਚ ਸੱਟ ਵੱਜੀ ਅਤੇ ਦੰਦ ਵੀ ਟੁੱਟ ਗਿਆ। ਕੈਦੀ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਲਾਅ ਯੂਨੀਵਰਸਿਟੀ ਮਾਮਲਾ: ਜਾਂਚ ਕਮੇਟੀ ਰਿਪੋਰਟ ਲੈ ਕੇ ਪਰਤੀ



**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਤੇ ਵਾਈਸ ਚਾਂਸਲਰ ਵਿਚਾਲੇ ਚੱਲ ਰਿਹਾ ਵਿਵਾਦ ਨਿਬੇੜਨ ਲਈ ਹਾਈ ਕੋਰਟ ਦੇ ਚੀਫ਼ ਜਸਟਿਸ ਵੱਲੋਂ ਭੇਜੀ ਜਾਂਚ ਕਮੇਟੀ ਆਪਣੀ ਰਿਪੋਰਟ ਲੈ ਕੇ ਵਾਪਸ ਚੱਲੀ ਗਈ ਹੈ। ਇਸ ਦੌਰਾਨ ਵਿਦਿਆਰਥੀ ਆਗੂਆਂ ਨਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਤੇ ਲਾਅ ਯੂਨੀਵਰਸਿਟੀ ਦੇ ਚਾਂਸਲਰ ਸ਼ੀਲ ਨਾਗੂ ਨੇ ਫ਼ੋਨ 'ਤੇ ਗੱਲਬਾਤ ਵੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਕਿ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਉਹ ਰਿਪੋਰਟ ਅਨੁਸਾਰ ਅਗਲੀ ਕਾਰਵਾਈ ਕਰਨਗੇ। ਵਿਦਿਆਰਥੀਆਂ ਨੇ ਕਿਹਾ ਕਿ ਜੇ ਕਮੇਟੀ ਨੇ ਸਹੀ ਰਿਪੋਰਟ ਪੇਸ਼ ਕੀਤੀ ਤਾਂ ਵਾਈਸ ਚਾਂਸਲਰ ਦਾ ਯੂਨੀਵਰਸਿਟੀ 'ਚੋਂ ਫ਼ਾਰਗ ਹੋਣਾ ਲਾਜ਼ਮੀ ਹੈ। ਦੂਜੇ ਪਾਸੇ ਅੱਜ ਸ਼ਾਮ ਵਿਦਿਆਰਥੀਆਂ ਨੇ ਦਸਵੇਂ ਦਿਨ 'ਵਰਸਿਟੀ ਅੰਦਰ ਰੋਸ ਮਾਰਚ ਕੀਤਾ ਤੇ ਵਾਈਸ ਚਾਂਸਲਰ ਵਿਰੁੱਧ ਨਾਅਰੇਬਾਜ਼ੀ ਕੀਤੀ। ਵਿਦਿਆਰਥੀਆਂ ਅਨੁਸਾਰ ਉਹ ਚਾਹੁੰਦੇ ਹਨ ਕਿ ਬਾਹਰੀ ਜਾਂਚ ਕਮਿਸ਼ਨ ਬਣਾਇਆ ਜਾਵੇ। ਜੇ ਬਾਹਰੀ ਜਾਂਚ ਕਮਿਸ਼ਨ ਵੀਸੀ ਨੂੰ ਨਿਰਦੋਸ਼ ਸਾਬਤ ਕਰ ਦਿੰਦਾ ਹੈ ਤਾਂ ਉਹ ਕਲਾਸਾਂ ਵਿਚ ਚਲੇ ਜਾਣਗੇ ਤੇ ਆਪਣਾ ਸੰਘਰਸ਼ ਖ਼ਤਮ ਕਰ ਦੇਣਗੇ ਪਰ ਕਮੇਟੀ ਨੇ ਕਿਹਾ ਕਿ ਉਨ੍ਹਾਂ ਦੇ ਇਹ ਅਧਿਕਾਰ ਖੇਤਰ 'ਚ ਨਹੀਂ ਹੈ ਕਿ ਉਹ ਬਾਹਰੀ ਜਾਂਚ ਕਮਿਸ਼ਨ ਬਣਾ ਦੇਣ। ਵਿਦਿਆਰਥੀਆਂ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਕਿ ਜਾਂਚ ਕਮੇਟੀ ਵਿਚ ਸਿਰਫ਼ ਦੋ ਮੈਂਬਰ ਹੀ ਜਾਂਚ ਕਰਦੇ ਰਹੇ ਪਰ ਜੋ ਕੱਲ੍ਹ ਤਿੰਨ ਮੈਂਬਰ ਕਮੇਟੀ ਵਿਚ ਪਾਏ ਗਏ ਸਨ ਉਨ੍ਹਾਂ ਨੂੰ ਅੱਜ ਜਾਂਚ ਵਿਚ ਸ਼ਾਮਲ ਨਹੀਂ ਕੀਤਾ ਗਿਆ।

# ਪੰਚਾਇਤੀ ਚੋਣਾਂ ਵਿੱਚ ਜਮਹੂਰੀਅਤ ਦਾ ਘਾਣ ਕਰ ਰਹੀ ਹੈ ਸੂਬਾ ਸਰਕਾਰ: ਚੰਦੂਮਾਜਰਾ

**ਸਨੌਰ, 7 ਅਕਤੂਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਡੀਪੀਓ ਨਾਲ ਗੱਲਬਾਤ ਕਰਦੇ ਹੋਏ ਹਰਿੰਦਰਪਾਲ ਚੰਦੂਮਾਜਰਾ।

ਹਲਕਾ ਸਨੌਰ ਦੇ ਸਾਬਕਾ ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਦੋਸ਼ ਲਾਇਆ ਕਿ ਪੰਚਾਇਤੀ ਚੋਣਾਂ ਦੌਰਾਨ ਪੰਜਾਬ ਸਰਕਾਰ ਲੋਕਤੰਤਰ ਅਤੇ ਜਮਹੂਰੀਅਤ ਦਾ ਘਾਣ ਕਰ ਰਹੀ ਹੈ ਜਿਸ ਕਾਰਨ 'ਆਪ' ਸਰਕਾਰ ਦਾ ਨਾਮ ਇਤਿਹਾਸ 'ਚ ਕਾਲੇ ਅੱਖਰਾਂ 'ਚ ਲਿਖਿਆ ਜਾਵੇਗਾ। ਉਹ ਸਨੌਰ ਅਤੇ ਭੁੱਨਰਹੇੜੀ ਬਲਾਕਾਂ 'ਚ ਪੰਚਾਇਤੀ ਚੋਣਾਂ ਤਹਿਤ ਆਪਣੇ ਦਸਤਾਵੇਜ਼ਾਂ ਦੀ ਪੂਰਤੀ 'ਚ ਰੁੱਝੇ ਲੋਕਾਂ ਨੂੰ ਮਿਲਣ ਲਈ ਪੁੱਜੇ ਸਨ। ਸ੍ਰੀ ਚੰਦੂਮਾਜਰਾ ਦਾ ਕਹਿਣਾ ਸੀ ਕਿ ਪਹਿਲਾਂ ਤਾਂ ਸਰਕਾਰ ਨੇ ਜਾਣ ਕੇ ਵੋਟਾਂ ਲਈ ਸਮਾਂ ਉਹ ਰੱਖਿਆ ਹੈ, ਜਦੋਂ ਸਮੁੱਚਾ ਪੇਂਡੂ ਵਰਗ ਝੋਨੇ ਦੇ ਸੀਜਨ 'ਚ ਰੁੱਝਿਆ ਹੋਵੇਗਾ। ਉਪਰੋਂ ਭਰੇ ਜਾਣ ਵਾਲੇ ਫਾਰਮ ਇਸ ਕਦਰ ਗੁੰਝਲਦਾਰ ਹਨ ਕਿ ਇਨ੍ਹਾਂ ਨੂੰ ਪੂਰਾ ਕਰਨ 'ਤੇ ਹੀ ਦੋ-ਤਿੰਨ ਦਿਨ ਲੱਗ ਜਾਂਦੇ ਹਨ। ਉਨ੍ਹਾਂ ਕਿਹਾ ਕਿ 7 ਅਕਤੂਬਰ ਨੂੰ ਫਾਰਮ ਭਰਨ ਲਈ ਕੇਵਲ ਚਾਰ ਘੰਟੇ ਹੀ ਮਿਲਣੇ ਹਨ ਜਦਕਿ ਅਜੇ ਹਜ਼ਾਰਾਂ ਹੀ ਚਾਹਵਾਨ ਫਾਰਮ ਭਰਨ ਤੋਂ ਰਹਿੰਦੇ ਹਨ ਜਿਸ ਕਰਕੇ ਸਰਕਾਰ ਨੂੰ ਇਸ ਸਬੰਧੀ ਹੋਰ ਸਮਾਂ ਦੇਣਾ ਚਾਹੀਦਾ ਹੈ। ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰਸ਼ਾਸਨ ਅਤੇ ਆਮ ਲੋਕਾਂ ਵਿੱਚ ਟਕਰਾਅ ਦੀ ਸਥਿਤੀ ਪੈਦਾ ਨਾ ਕਰੇ। ਸਾਬਕਾ ਵਿਧਾਇਕ ਨੇ ਕਿਹਾ ਕਿ ਜਿੱਥੇ ਐਨਓਸੀਜ਼ ਦੇਣ ਵਿੱਚ ਜਿੱਥੇ ਦੇਰੀ ਕੀਤੀ ਜਾ ਰਹੀ ਹੈ, ਉੱਥੇ ਕਈ ਲੋਕਾਂ ਦੀਆਂ ਫਾਈਲਾਂ ਹੀ ਦਫ਼ਤਰਾਂ ਵਿੱਚੋਂ ਗਾਇਬ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਮੁੜ ਕੇ ਫੇਰ ਫਾਈਲਾਂ ਅਪਲਾਈ ਕਰਨੀਆਂ ਪੈ ਰਹੀਆਂ ਹਨ। ਹਰਿੰਦਰਪਾਲ ਚੰਦੂਮਾਜਰਾ ਨੇ ਕਿਹਾ ਕਿ ਅਧਿਕਾਰੀਆਂ ਨੂੰ ਵੀ ਕਿਹਾ ਕਿ ਬਾਅਦ ਲੋਕਾਂ ਨੂੰ ਐਨਾ ਪਰੇਸ਼ਾਨ ਕਰਨ ਕਿ ਚਾਹਵਾਨ ਉਮੀਦਵਾਰਾਂ ਨੂੰ ਅਦਾਲਤਾਂ ਦਾ ਸਹਾਰਾ ਲੈਣਾ ਪਵੇ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰਾਂ ਨੂੰ ਧੁੱਪਾਂ ਵਿੱਚ ਕਈ-ਕਈ ਘੰਟੇ ਖੜ੍ਹਨਾ ਪੈ ਰਿਹਾ ਹੈ ਅਤੇ ਬਜ਼ੁਰਗ ਮਹਿਲਾਵਾਂ ਪਿਛਲੇ ਤਿੰਨ ਦਿਨਾਂ ਤੋਂ ਫਾਈਲਾਂ ਦੇਣ ਲਈ ਲਾਈਨਾਂ ਵਿੱਚ ਉਡੀਕ ਕਰ ਰਹੇ ਹਨ।

ਭੁਨਰਹੇੜੀ ਦੇ ਬੀਡੀਪੀਓ ਨਾਲ ਉਮੀਦਵਾਰਾਂ ਦੀਆਂ ਸਮੱਸਿਆਵਾਂ ਸਬੰਧੀ ਗੱਲਬਾਤ

ਉਨ੍ਹਾਂ ਕਿਹਾ ਕਿ ਸਰਕਾਰ ਇੱਕ ਪਾਸੇ ਬਿਨ੍ਹਾਂ ਚੋਣ ਨਿਸ਼ਾਨ ਤੋਂ ਚੋਣਾਂ ਕਰਵਾਉਣ ਦੇ ਫੈਸਲੇ ਕਰ ਰਹੀ ਹੈ ਅਤੇ ਦੂਜੇ ਪਾਸੇ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਵੀ ਨਹੀਂ ਉਤਰਨ ਦਿੱਤਾ ਜਾ ਰਿਹਾ। ਜੇਕਰ ਸਰਕਾਰ ਨੂੰ ਐਨਾ ਹੀ ਖਤਰਾ ਹੈ ਤਾਂ ਫੇਰ ਉਨ੍ਹਾਂ ਨੂੰ ਚੋਣਾਂ ਕਰਵਾਉਣ ਦੀ ਬਜਾਇ ਆਪਣੇ ਆਗੂਆਂ ਨੂੰ ਨਾਮਜ਼ਦ ਹੀ ਕਰ ਦਿੰਦੇ ਤਾਂ ਘੱਟੋ-ਘੱਟ ਪਿੰਡਾਂ ਵਿੱਚ ਆਪਸੀ ਭਾਈਚਾਰਾ ਬਣਿਆ ਰਹਿੰਦਾ। ਇਸ ਮੌਕੇ ਉਨ੍ਹਾਂ ਭੁਨਰਹੇੜੀ ਦੇ ਬੀਡੀਪੀਓ ਨਾਲ ਵੀ ਉਮੀਦਵਾਰਾਂ ਦੀਆਂ ਸਮੱਸਿਆਵਾਂ ਸਬੰਧੀ ਗੱਲਬਾਤ ਕੀਤੀ।

# ਭਾਕਿਯੂ ( ਸ਼ਾਦੀਪੁਰ ) ਵੱਲੋਂ ਬਰਨਾਲਾ ਤੇ ਬਠਿੰਡਾ ਦੇ ਪ੍ਰਧਾਨ ਨਿਯੁਕਤ



**ਦੇਵੀਗੜ੍ਹ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਦੀ ਅਗਵਾਈ ਹੇਠ ਭੁਨਰਹੇੜੀ ਵਿੱਚ ਇੱਕ ਮੀਟਿੰਗ ਕੀਤੀ ਗਈ, ਜਿਸ ਦੌਰਾਨ ਹਰਜੀਤ ਸਿੰਘ ਬਠਿੰਡਾ ਨੂੰ ਜ਼ਿਲ੍ਹਾ ਬਠਿੰਡਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਕੈਪਟਨ ਤਰਸੇਮ ਸਿੰਘ ਨੂੰ ਬਠਿੰਡਾ ਜ਼ਿਲ੍ਹੇ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਕੈਪਟਨ ਕਰਨੈਲ ਸਿੰਘ ਬਰਨਾਲਾ ਨੂੰ ਜ਼ਿਲ੍ਹਾ ਬਰਨਾਲਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਸ੍ਰੀ ਸ਼ਾਦੀਪੁਰ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜ਼ਿਲ੍ਹਿਆਂ ਵਿੱਚ ਇੱਕ ਮਹੀਨੇ ਅੰਦਰ ਟੀਮਾਂ ਤਿਆਰ ਕੀਤੀਆਂ ਜਾਣ। ਇਸ ਮੌਕੇ ਕੈਪਟਨ ਮੇਜਰ ਸਿੰਘ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਰਹਿਨੁਮਾਈ 'ਚ ਇਹ ਮੀਟਿੰਗ ਹੋਈ। ਇਸ ਮੌਕੇ ਸ੍ਰੀ ਸ਼ਾਦੀਪੁਰ ਨੇ ਕਿਹਾ ਕਿ ਇੱਕ ਅਕਤੂਬਰ ਤੋਂ ਬੋਲੀ ਸ਼ੁਰੂ ਹੋ ਚੁੱਕੀ ਹੈ ਪਰ ਮੰਡੀਆਂ ਵਿੱਚ ਅਜੇ ਵੀ ਸਰਕਾਰ ਵੱਲੋਂ ਕੋਈ ਪ੍ਰਬੰਧ ਨਹੀਂ ਕੀਤੇ ਗਏ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਬੋਲੀ ਸ਼ੁਰੂ ਨਾ ਕਰਵਾਈ ਤਾਂ ਫਿਰ ਕਿਸਾਨਾਂ ਨੂੰ ਇਕੱਠਿਆਂ ਹੋ ਕੇ ਕੋਈ ਹੋਰ ਸਖ਼ਤ ਸਟੈਂਡ ਲੈਣ ਲਈ ਮਜਬੂਰ ਹੋਣਾ ਪਵੇਗਾ।

# ਨੌਜਵਾਨਾਂ ਨੂੰ ਗੁਰੂਆਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ: ਬਡੂੰਗਰ

**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਪਤਿਤਪੁਣੇ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ ਤੇ ਉਸ ਨੂੰ ਗੁਰੂ ਸਾਹਿਬਾਨ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਿੰਘ ਸਜਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਭਰਿਆ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਜਿੰਨੀ ਨੌਜਵਾਨ ਪੀੜ੍ਹੀ ਸਿੱਖੀ ਨਾਲ ਜੁੜੇਗੀ, ਓਨੀ ਹੀ ਸਿੱਖ ਧਰਮ ਦੀਆਂ ਜੜ੍ਹਾਂ ਮਜ਼ਬੂਤ ਹੋਣਗੀਆਂ, ਕਿਉਂਕਿ ਅੱਜ ਕਈ ਅਜਿਹੀਆਂ ਤਾਕਤਾਂ ਕੰਮ ਕਰ ਰਹੀਆਂ ਹਨ ਜੋ ਸਿੱਖ ਕੌਮ ਨੂੰ ਕਮਜ਼ੋਰ ਕਰਨ ਲਈ ਆਪਣੀਆਂ ਚਾਲਾਂ ਚੱਲ ਰਹੀਆਂ ਹਨ।

# ਨਰਿੰਦਰ ਮੋਦੀ 'ਤੇ ਅਮਿਤ ਸ਼ਾਹ ਦਾ ਪੰਜਾਬ ਪ੍ਰਤੀ ਰਵੱਈਆ ਕਦੇ ਵੀ ਨਹੀਂ ਰਿਹਾ ਚੰਗਾ : ਨੀਲ ਗਰਗ

**ਚੰਡੀਗੜ੍ਹ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਕੇਂਦਰੀ ਲੀਡਰਸ਼ਿਪ ਨਾਲ ਮੀਟਿੰਗ 'ਤੇ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੰਜਾਬ ਪ੍ਰਤੀ ਨਜ਼ਰੀਆ ਕਦੇ ਵੀ ਸਹੀ ਨਹੀਂ ਰਿਹਾ। 'ਆਪ' ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਭਾਜਪਾ ਲੀਡਰਸ਼ਿਪ ਲਗਾਤਾਰ ਪੰਜਾਬ ਵਿਰੁੱਧ ਕੰਮ ਕਰ ਰਹੀ ਹੈ। ਉਨ੍ਹਾਂ ਨੇ ਹਮੇਸ਼ਾ ਪੰਜਾਬ ਨੂੰ ਸਿਆਸੀ, ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। 26 ਜਨਵਰੀ ਦੀ ਪਰੇਡ ਵਿੱਚ ਪੰਜਾਬ ਦੀ ਝਾਂਕੀ ਨਹੀਂ ਦਿਖਾਈ ਗਈ। ਕੇਂਦਰ ਸਰਕਾਰ ਪੰਜਾਬ ਨੂੰ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਨਹੀਂ ਦੇ ਰਹੀ, ਜਿਸ ਕਾਰਨ ਪੰਜਾਬ ਦੇ ਵਿਕਾਸ ਕਾਰਜਾਂ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਕਿਸਾਨਾਂ ਨੂੰ ਕਮਜ਼ੋਰ ਕਰਨ ਲਈ ਕਾਲੇ ਖੇਤੀ ਕਾਨੂੰਨ ਜ਼ਬਰਦਸਤੀ ਲਾਗੂ ਕੀਤੇ ਗਏ। ਨੀਲ ਗਰਗ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਮੁਤਾਬਕ ਸੁਨੀਲ ਜਾਖੜ ਨੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ। ਜਾਖੜ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਅਤੇ ਪਾਰਟੀ ਲੀਡਰਸ਼ਿਪ ਨੂੰ ਪੰਜਾਬ ਪ੍ਰਤੀ ਆਪਣਾ ਰਵੱਈਆ ਬਦਲਣ ਦੀ ਲੋੜ ਹੈ। ਨਜ਼ਰੀਆ ਬਦਲਣ ਤੇ ਹੀ ਪੰਜਾਬ ਵਿਚ ਪਾਰਟੀ ਦਾ ਕੁਝ ਹੋ ਸਕਦਾ ਹੈ। ਅਸੀਂ ਭਾਜਪਾ ਲੀਡਰਸ਼ਿਪ ਨੂੰ ਵੀ ਪੰਜਾਬ ਪ੍ਰਤੀ ਆਪਣਾ ਰਵੱਈਆ ਬਦਲਣ ਦੀ ਬੇਨਤੀ ਕਰਦੇ ਹਾਂ। ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਅਤੇ ਸੂਬੇ ਦੇ ਸਾਰੇ ਰੋਕੇ ਫੰਡ ਤੁਰੰਤ ਜਾਰੀ ਕੀਤੇ ਜਾਣ।

# ਬੀਡੀਪੀਓ ਦਫਤਰ ਅਮਲੋਹ ਵਿਖੇ ਸਮੇਂ ਦੀ ਪਾਬੰਦੀ ਨੂੰ ਬਣਾਇਆ ਗਿਆ ਯਕੀਨੀ-ਮੋਹਿਤ ਕਲਿਆਣ

**ਫ਼ਤਹਿਗੜ੍ਹ ਸਾਹਿਬ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤ ਚੋਣਾਂ 2024 ਨੂੰ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜਨ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ ਤੇ ਮੁਕੰਮਲ ਕੀਤਾ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਮਲੋਹ ਮੋਹਿਤ ਕਲਿਆਣ ਨੇ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਪੰਚਾਇਤੀ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੂੰ ਨੋ-ਡਿਊ ਸਰਟੀਫਿਕੇਟ ਜਾਰੀ ਕਰਨ ਵਾਸਤੇ ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਸਮੂਹ ਕਰਮਚਾਰੀ ਸਰਕਾਰੀ ਸਮੇਂ ਅਨੁਸਾਰ ਸਵੇਰੇ 9 ਵਜੇ ਆਪੋ ਆਪਣੀ ਡਿਊਟੀ ਤੇ ਤਾਇਨਾਤ ਹੋ ਜਾਂਦੇ ਹਨ। ਉਹਨਾਂ ਹੋਰ ਦੱਸਿਆ ਕਿ ਉਹ ਖੁਦ ਵੀ ਸਾਰਾ ਦਿਨ ਦੇ ਸ਼ਾਮ ਤੱਕ ਆਪਣੀ ਡਿਊਟੀ ਤੇ ਰਹਿੰਦੇ ਹਨ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਸਿੱਧਾ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ।

# ਬਾਰਾਦਰੀ ਗਾਰਡਨ ਪਟਿਆਲਾ ਵਿਖੇ ਸਵੱਛ ਭਾਰਤ ਅਭਿਆਨ ਅਤੇ ਗਾਂਧੀ ਜਯੰਤੀ ਮਨਾਈ ਗਈ

**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬਾਰਾਦਰੀ ਗਾਰਡਨ ਪਟਿਆਲਾ ਵਿਖੇ ਸਵੱਛ ਭਾਰਤ ਅਭਿਆਨ ਜੋ ਸ਼ੁਰੂ ਕੀਤਾ ਗਿਆ ਸੀ। ਉਸ ਦੀ ਸੰਪੂਰਨਤਾ ਅੱਜਕੀਤੀ ਗਈ। ਗਾਂਧੀ ਜਯੰਤੀ ਅਤੇ ਲਾਲ ਬਹਾਦਰ ਸ਼ਾਸ਼ਤਰੀ ਜੀ ਨੂੰ ਯਾਦ ਕੀਤਾ ਗਿਆ। ਸਵੱਛ ਭਾਰਤ ਅਭਿਆਨ ਹੈਲਥ ਅਵੇਅਰਨੈਸ ਸੁਸਾਇਟੀ ਵਲੋਂ ਬਾਰਾਦਰੀ ਦੇ ਹੋਰ ਗਰੁੱਪਾਂ ਨੂੰ ਨਾਲ ਲੈ ਕੇ ਕੀਤੀ ਗਈ। ਜਨਹਿੱਤ ਸੰਮਤੀ, ਯੋਗਾ ਪਰਿਵਾਰ ਗਰੁੱਪ, ਫਰੈਂਡਜ਼ ਬਾਰਾਦਰੀ ਗਰੁੱਪ, ਫੋਟੋ ਗ੍ਰਾਫਰ ਗਰੁੱਪ, ਫਿਟਨੈਸ ਕਲੱਬ, ਸਿੰਮੀ ਭਾਟੀਆ ਭੰਗੜਾ ਗਰੁੱਪ, ਆਲੀਸ਼ਾਨ ਗਰੁੱਪ ਆਦਿ। ਇਸ ਸਮਾਗਮ ਵਿੱਚ ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ ਸੰਦੀਪ ਗਰੇਵਾਲ ਅਤੇ ਡਾਕਟਰ ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ. ਮੌਜੂਦ ਰਹੇ। ਸ੍ਰੀ ਵਿਨੋਦ ਸ਼ਰਮਾ ਜਨਰਲ ਸਕੱਤਰ ਜਨਹਿੱਤ ਨੇ ਵੀ ਆਪਣੀ ਹਾਜਰੀ ਲਗਵਾਈ ਅਤੇ ਕਿਹਾ ਕਿ ਬਾਰਾਦਰੀ ਦੀ ਸੁੰਦਰਤਾ ਲਈ ਸਾਨੂੰ ਹੋਰ ਵੀ ਯਤਨ ਕਰਨੇ ਹੋਣਗੇ। ਡਾ. ਜੀ.ਐਸ. ਆਨੰਦ ਨੇ ਸਵੱਛ ਭਾਰਤ ਅਭਿਆਨ ਦੀ ਸਫਲਤਾ ਤੇ ਮੁਬਾਰਕਬਾਦ ਦਿੱਤੀ ਅਤੇ ਸਫਾਈ ਅਭਿਆਨ ਜਾਰੀ ਰੱਖਣ ਦੀ ਪ੍ਰੇਰਨਾ ਦਿੱਤੀ। ਡਾ. ਸੰਦੀਪ ਗਰੇਵਾਲ ਨੇ ਹੈਲਥ ਅਵੇਅਰਨੈਸ ਸੁਸਾਇਟੀ ਨੂੰ ਬਾਰਾਦਰੀ ਗਾਰਡਨਜ਼ ਦੀ ਹੋਰ ਸੁੰਦਰਤਾ ਅਤੇ ਪੌਦੇ ਲਗਾਉਣ ਲਈ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਦਿੱਤੀ। ਇਹ ਵੀ ਕਿਹਾ ਕਿ ਹਫ਼ਤੇ ਵਿੱਚ ਦੋ ਵਾਰੀ ਸਫਾਈ ਅਭਿਆਨ ਜਾਰੀ ਰੱਖਿਆ ਜਾਵੇ। ਐਮ.ਐਸ. ਜੱਗੀ ਕਵੀ ਨੇ ਸਫਾਈ ਮੁਹਿੰਮ ਬਾਰੇ ਆਪਣੀ ਲਿਖਤ ਇੱਕ ਕਵਿਤਾ ਗਾਈ ਗਈ ਜੋ ਕਿ ਸਭਨਾ ਨੇ ਸਲਾਹਿਆ।

ਇਸ ਸਮਾਗਮ ਦੌਰਾਨ ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਹਿਗਲ ਜਿਹਨਾਂ ਨੇ ਕਾਫ਼ੀ ਕਿਤਾਬਾਂ ਲਿਖੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੰਦੀ ਵਿੱਚ ਅਨੁਵਾਦ ਵੀ ਕੀਤਾ ਨੂੰ ਸਨਮਾਨਿਤ ਕੀਤਾ ਗਿਆ। ਫਿਟਨੈਸ ਕਲੱਬ ਦੇ ਆਹੁਦੇਦਾਰ ਹੈਪੀ ਵਰਮਾ, ਰਾਜਿੰਦਰ ਅਜੀ ਆਪਣੀ ਵੱਡੀ ਟੀਮ ਲੈ ਕੇ ਆਉਣ ਦਾ ਯੋਗਦਾਨ ਪਾਇਆ ਅਤੇ ਕਿਹਾ ਕਿ ਬਾਰਾਦਰੀ ਦੀ ਸੰਦਰਤਾ ਨੂੰ ਹੋਰ ਨਿਖਾਰਨ ਲਈ ਉਹ ਤੱਤਪਰ ਰਹਿਣਗੇ ਅਤੇ ਸਹਿਯੋਗ ਦਿੰਦੇ ਰਹਿਣਗੇ। ਡਾ. ਸੰਦੀਪ ਗਰੇਵਾਲ ਡਿਪਟੀ ਡਾਇਰੇਕਟਰ ਬਾਗਬਾਨੀ ਵਿਭਾਗ ਅਤੇ ਡਾ. ਜੀ.ਐਸ. ਆਨੰਦ ਦੀ ਪਤਨੀ ਨੂੰ ਸੰਸਥਾ ਵੱਲੋਂ ਫੁੱਲ ਬੁੱਕਾ ਦੇ ਕੇ ਸਨਮਾਨਿਤ ਕੀਤਾ ਗਿਆ।

ਮੰਚ ਸੰਚਾਲਨ ਪੂਰਨ ਚੰਦ ਸਵਾਮੀ ਨੇ ਕੀਤੀ। ਇਸ ਸਮਾਗਮ ਵਿੱਚ ਜਨਕ ਰਾਜ ਗੁਪਤਾ, ਅਸ਼ੋਕ ਮਲਹੋਤਰਾ, ਰਵਿੰਦਰ ਕਪੂਰ, ਰਣਜੀਤ ਕੌਰ, ਬੱਬੂ ਬਾਵਾ, ਮਨਜੀਤ ਕੌਰ, ਜ਼ੋਗਿੰਦਰ ਸਿੰਘ ਤੁੱਲੀ, ਹਰੀ ਚੰਦ ਬਾਂਸਲ, ਪਰਮਿੰਦਰ ਸਿੰਘ, ਕਮਲੇਸ਼ ਗੋਗੀਆ, ਵਿੱਕੀ ਮਦਾਨ, ਮਿਸ: ਪੂਰਨ ਚੰਦ ਸਵਾਮੀ, ਓਮ ਪ੍ਰਕਾਸ਼ ਸ਼ਰਮਾ ਯੋਗਾ ਕੋਚ, ਜੀ.ਐਸ. ਸੋਢੀ ਆਦਿ ਹਾਜਰ ਸਨ। ਸੇਠੀ ਮਿਊਜਿਕਲ ਗਰੁੱਪ ਵਲੋਂ ਅਰਵਿੰਦਰ ਕੌਰ ਉੱਘੀ ਗਾਇਕਾ, ਦਵਿੰਦਰ ਸਿੰਘ ਸੇਠੀ ਵਲੋਂ ਗੀਤਾ ਰਾਹੀਂ ਮਨੋਰੰਜਨ ਕੀਤਾ ਗਿਆ। ਅੰਤ ਵਿੱਚ ਕੇਲੇ, ਲੱਡੂ, ਗਰੀਨ ਚਾਹ ਵੀ ਵਰਤਾਈ ਗਈ। ਜਨਰਲ ਸਕੱਤਰ ਤਾਰਾ ਸਿੰਘ ਭਮਰਾ ਨੇ ਸੰਸਥਾ ਦੀ ਪ੍ਰਗਿਤੀ ਰਿਪੋਰਟ ਪੇਸ਼ ਕੀਤੀ। ਜ਼ਸਵੰਤ ਸਿੰਘ ਕੌਲੀ ਪ੍ਰਧਾਨ ਹੈਲਥ ਅਵੇਅਰਨੈਸ ਸੁਸਾਇਟੀ ਰਜਿ: ਵਲੋਂ ਸਾਰੇ ਆਇਆ ਦਾ ਧੰਨਵਾਦ ਕੀਤਾ ਗਿਆ।

# ਨੌਵੇਂ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਕਰਵਾਇਆ ਗਿਆ ਮਹਾਨ ਕੀਰਤਨ ਸਮਾਗਮ

## ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ ਦੀਪਮਾਲਾ ਅਤੇ ਫੁੱਲਾਂ ਦੀ ਸਜਾਵਟ ਰਹੀ ਅਲੌਕਿਕ

**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ 'ਚ ਪੁੱਜੀਆਂ ਸਖਸ਼ੀਅਤਾਂ ਨੂੰ ਸਨਮਾਨਤ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਮੈਨੇਜਰ ਰਜਿੰਦਰ ਸਿੰਘ ਟੌਹੜਾ ਤੇ ਹੋਰ ਸਖਸ਼ੀਅਤਾਂ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰੂ ਸਾਹਿਬ ਦੇ ਚਰਨਛੋਹ ਅਸਥਾਨ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ। ਆਗਮਨ ਪੁਰਬ ਦੀ ਖੁਸ਼ੀ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਅਤੇ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਮਹਾਨ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ ਦੀਪਮਾਲਾ ਅਤੇ ਫੁੱਲਾਂ ਦੀ ਸਜਾਵਟ ਨੇ ਜਿਥੇ ਅਲੌਕਿਕ ਨਜ਼ਾਰਾ ਪੇਸ਼ ਕੀਤਾ, ਉਥੇ ਹੀ ਸੰਗਤਾਂ ਨੇ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਪੁੱਜੇ ਹਜ਼ੂਰੀ ਰਾਗੀ ਜੱਥਿਆਂ ਪਾਸੋਂ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ।

ਮਹਾਨ ਕੀਰਤਨ ਦਰਬਾਰ ਵਿਚ ਹਜ਼ੂਰੀ ਰਾਗੀ ਭਾਈ ਓਂਕਾਰ ਸਿੰਘ, ਭਾਈ ਮਨਿੰਦਰ ਸਿੰਘ, ਭਾਈ ਜਤੇਸ਼ਵਰ ਸਿੰਘ ਜੀ ਪਟਿਆਲੇ ਵਾਲੇ, ਭਾਈ ਸਿਮਰਨਜੀਤ ਸਿੰਘ ਟੋਹਾਣਾ ਵਾਲਿਆਂ ਤੋਂ ਸੰਤ ਮਹਾਂਪਰਸ਼, ਸਿੱਖ ਜਥੇਬੰਦੀਆਂ, ਸਿੱਖ ਸਭਾਵਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਥੇ ਦੇ ਅਹੁਦੇਦਾਰ ਸਾਹਿਬਾਨ ਸ਼ਾਮਲ ਸਨ। ਇਸ ਮੌਕੇ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੀ ਆਮਦ 'ਤੇ ਵਧਾਈ ਦਿੰਦਿਆਂ ਸਿੱਖ ਇਤਿਹਾਸ ਦੀ ਰੌਸ਼ਨੀ 'ਤੇ ਚਾਨਣਾ ਪਾਉਂਦਿਆਂ ਜਾਣੂੰ ਕਰਵਾਇਆ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਦੋਂ ਕਸ਼ਮੀਰੀ ਪੰਡਤਾਂ ਦੀ ਗੱਲ ਮੰਨਕੇ ਆਪਣਾ ਬਲਿਦਾਨ ਦੇਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਤੋਂ ਚੱਲਕੇ ਵੱਖ ਵੱਖ ਅਸਥਾਨਾਂ 'ਤੇ ਪਹੁੰਚੇ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਮਹਾਨ ਉਪਰਾਲਾ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਪਟਿਆਲਾ ਪਹੁੰਚਦੇ ਹਨ, ਜਿਥੇ ਉਨ੍ਹਾਂ ਨੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ, ਗੁਰਦੁਆਰਾ ਮੋਤੀ ਬਾਗ ਸਾਹਿਬ ਤੋਂ ਇਲਾਵਾ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ, ਅਤੇ ਸੈਫ਼ੂਦੀਨ ਨਾਲ ਮੁਲਾਕਾਤ ਕਰਕੇ ਧਰਮ ਦੇ ਪ੍ਰਚਾਰ ਪਸਾਰ ਵਿਚ ਆਪਣਾ ਅਹਿਮ ਯੋਗਦਾਨ ਪਾਉਂਦੇ ਦਿੱਲੀ ਪਹੁੰਚੇ ਸਨ। ਗੁਰੂ ਸਾਹਿਬ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕੀਤਾ ਗਿਆ, ਜਿਨ੍ਹਾਂ ਦੇ ਸ਼ਹਾਦਤ ਦਰਸਾਉਂਦੀ ਹੈ ਕਿ ਗੁਰੂ ਸਾਹਿਬ ਨੂੰ ਸਮਰਪਿਤ ਪ੍ਰਮਾਤਮਾ ਦੀ ਲਿਵ 'ਚ ਰਹਿਣ ਵਾਲਿਆਂ ਨੂੰ ਕੋਈ ਅਡੋਲ ਨਹੀਂ ਬਣਾ ਸਕਦਾ। ਭਾਈ ਪ੍ਰਨਾਮ ਸਿੰਘ ਜੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਲਾਸਾਨੀ ਅਤੇ ਦੂਸਰੇ ਧਰਮ ਦੀ ਰੱਖਿਆ ਲਈ ਅਜਿਹੀ ਸ਼ਹਾਦਤ ਸੀ, ਜਿਨ੍ਹਾਂ ਨੂੰ ਇਤਿਹਾਸ ਅੰਦਰ ਹਿੰਦ ਦੀ ਆਖਿਆ ਜਾਂਦਾ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਧਰਮ 'ਚ ਦ੍ਰਿੜ ਰਹਿਣ ਦੀ ਜੀਵਨ ਜਾਂਚ ਪ੍ਰਦਾਨ ਕਰਦੀ ਹੈ।

ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁੱਜੀਆਂ ਸਖਸ਼ੀਅਤਾਂ ਨੂੰ ਵੀ ਸਨਮਾਨਤ ਕੀਤਾ ਗਿਆ, ਜਿਨ੍ਹਾਂ 'ਚ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ, ਸ. ਗੁਰਜੀਤ ਸਿੰਘ ਕੋਹਲੀ, ਮੈਨੇਜਰ ਰਜਿੰਦਰ ਸਿੰਘ ਟੌਹੜਾ ਤੇ ਸੰਤ ਮਹਾਂਪੁਰਸ਼ਾਂ ਨੂੰ ਵੀ ਅਹਿਮ ਯੋਗਦਾਨ ਪਾਉਣ 'ਤੇ ਸਨਮਾਨ ਚਿਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਧਾਰਮਕ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਹੈਡ ਗ੍ਰੰਥੀ ਗਿਆਨੀ ਫੂਲਾ ਸਿੰਘ, ਇੰਦਰਮੋਹਨ ਸਿੰਘ ਬਜਾਜ, ਭਾਈ ਹਰਵਿੰਦਰ ਸਿੰਘ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਸੁਰਜੀਤ ਸਿੰਘ ਕੌਲੀ, ਆਤਮ ਪ੍ਰਕਾਸ਼ ਸਿੰਘ ਬੇਦੀ, ਸਾਬਕਾ ਹੈਡ ਗ੍ਰੰਥੀ ਸੁਖਦੇਵ ਸਿੰਘ, ਪ੍ਰਧਾਨ ਪ੍ਰੇਮ ਸਿੰਘ, ਤਰਲੋਕ ਸਿੰਘ ਤੋਰਾ, ਤਰਸ਼ਵੀਰ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਰਿਓਂਦ, ਭਵਨਪੁਨੀਤ ਸਿੰਘ, ਸਿਮਰਨ ਗਰੇਵਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਆਦਿ ਹਾਜ਼ਰ ਸਨ।

# ਚੇਅਰਮੈਨ ਹਡਾਣਾ ਨੇ ਕੀਤਾ ਸੈਲੂਨ ਦਾ ਉਦਘਾਟਨ



**ਪਟਿਆਲਾ, 7 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ ਪੰਜਾਬ ਦੇ ਚੇਅਰਮੈਨ ਰਣਜੋਤ ਸਿੰਘ ਹਡਾਣਾ ਨੇ ਕਿਹਾ ਕਿ ਖੂਬਸੂਰਤ ਦੇਖਣਾ ਹੀ ਆਪਣੇ ਆਪ ਵਿੱਚ ਇੱਕ ਖੂਬਸੂਰਤੀ ਹੈ। ਕਿਉਂਕਿ ਖੂਬਸੂਰਤ ਵਿਅਕਤੀ ਹਰ ਸਮਾਗਮ ਵਿੱਚ ਖਿੱਚ ਦਾ ਕੇਂਦਰ ਹੁੰਦਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਉਹਨਾਂ ਨੇ ਭੁਪਿੰਦਰਾ ਰੋਡ ਵਿਖੇ ਬਾਰਬਰ ਹਬ ਸੈਲੂਨ ਦੇ ਉਦਘਾਟਨ ਮੌਕੇ ਕਹੀਆਂ। ਉਹਨਾਂ ਅੱਗੇ ਕਿਹਾ ਕਿ ਸੈਲੂਨ ਅਤੇ ਅਕੈਡਮੀ ਵਿੱਚ ਬੱਚੇ ਕੰਮ ਸਿੱਖ ਕੇ ਬਾਹਰਲੇ ਦੇਸ਼ਾਂ ਅਤੇ ਬਾਹਰਲੇ ਸੂਬਿਆਂ ਵਿੱਚ ਵੀ ਆਪਣਾ ਰੁਜ਼ਗਾਰ ਸਥਾਪਿਤ ਕਰ ਸਕਦੇ ਹਨ। ਜਿਸ ਨਾਲ ਉਹ ਆਰਥਿਕ ਪੱਖੋਂ ਮਜਬੂਤ ਹੋ ਸਕਣਗੇ। ਇਸ ਮੌਕੇ ਸੈਲੂਨ ਦੇ ਐਮ.ਡੀ ਅਤੇ ਫੋਕਲ ਪੁਆਇੰਟ ਇੰਡਸਟਰੀ ਦੇ ਸਾਬਕਾ ਫਾਊਂਡਰ ਪ੍ਰਧਾਨ ਭਰਤਇੰਦਰ ਤੇਜਾ ਨੇ ਚੇਅਰਮੈਨ ਹਡਾਣਾ ਅਤੇ ਹੋਰ ਸ਼ਖਸੀਅਤਾਂ ਨੂੰ ਫੁੱਲਾਂ ਦਾ ਗੁਲਦਸਤਾ ਦੇਕੇ ਸਨਮਾਨਿਤ ਕੀਤਾ। ਉਹਨਾਂ ਅੱਗੇ ਕਿਹਾ ਕਿ ਬਾਰਬਰ ਹਬ ਫਿਨਲੈਂਡ ਦੇਸ਼ ਦਾ ਇੱਕ ਉਦਯੋਗਿਕ ਬ੍ਰਾਂਡ ਹੈ ਅਤੇ ਇਹ ਪਟਿਆਲਾ ਵਿੱਚ ਉਨ੍ਹਾਂ ਦੀ ਦੂਜੀ ਮਾਸਟਰ ਫ੍ਰੈਂਚਾਇਜ਼ੀ ਅਤੇ ਟਰੇਡ ਮਾਰਕ ਰਜਿਸਟਰਡ ਬਰਾਂਚ ਹੈ। ਜਿੱਥੇ ਕੁਸ਼ਲ ਸਟਾਫ ਹਰ ਸਮੇਂ ਹਾਜ਼ਰ ਹੈ। ਇਸ ਮੌਕੇ ਆਈ.ਜੀ ਪਰਮਜੀਤ ਸਿੰਘ ਗਿੱਲ ਰਿਟਾਇਰਡ, ਗੁਰਪ੍ਰਤਾਪ ਸਿੰਘ ਜੱਗੀ, ਤੇਜਿੰਦਰ ਕੋਹਲੀ, ਸਿਮਰਨ ਚੱਢਾ, ਅਮਰਜੀਤ ਚੱਢਾ, ਰਾਜ ਸਿੰਗਲਾ ਅਤੇ ਹੋਰ ਮੈਂਬਰ ਹਾਜ਼ਰ ਸਨ।

# ਸਰਪੰਚੀ ਨੇ ਬਣਾਇਆ ਸੀ ਬੇਅੰਤ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ

**ਏਜੰਸੀਆਂ**

ਲੁਧਿਆਣਾ 7 ਅਕਤੂਬਰ। ਪੰਜਾਬ ਦੇ ਸਾਢੇ 14 ਹਜ਼ਾਰ ਦੇ ਲਗਭਗ ਪਿੰਡਾਂ ਵਿਚ ਪੰਚਾਇਤੀ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਤੇ ਚੋਣਾਂ ਲੜਨ ਵਾਲੇ ਮੈਦਾਨ ਵਿਚ ਆ ਗਏ ਹਨ। ਪਿੰਡਾਂ ਵਿਚ ਲਾਲ ਪਰੀ, ਠੰਢੇ, ਪਕੌੜੇ, ਜਲੇਬੀਆਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਜਦੋਂਕਿ ਦੇਸ਼ ਦੇ ਮੁੱਢਲੇ ਲੋਕਤੰਤਰ ਦੀਆਂ ਜੜ੍ਹਾਂ ਇਨ੍ਹਾਂ ਪੰਚਾਇਤੀ ਚੋਣਾਂ ਨੂੰ ਭਾਵੇਂ ਅਸੀਂ ਛੋਟੀਆਂ ਚੋਣਾਂ ਮੰਨ



ਕੇ ਚਲਦੇ ਹਾਂ ਪਰ ਇਨ੍ਹਾਂ ਦਾ ਸਿਆਸੀ ਕੱਦ ਬਹੁਤ ਵੱਡਾ ਹੈ। ਇਸ ਵਿਚੋਂ ਕਈ ਸਰਪੰਚਾਂ ਦੇ ਸਮੇਂ ਸਮੇਂ 'ਤੇ ਚੇਅਰਮੈਨੀਆਂ, ਵਿਧਾਇਕੀਆਂ ਤੇ ਮੁੱਖ ਮੰਤਰੀ ਤੱਕ ਦੀ ਕਲਗੀ ਲੱਗਣੀ ਵੀ ਨਸੀਬ ਹੋਈ ਹੈ। ਜਿਵੇਂ ਕਿ ਲੁਧਿਆਣਾ ਜ਼ਿਲੇ ਦੇ ਪਿੰਡ ਬਿਲਾਸਪੁਰ 'ਚ 1962 ਵਿਚ ਪੰਚਾਇਤ ਚੋਣ ਜਿੱਤ ਕੇ ਸਵ. ਬੇਅੰਤ ਸਿੰਘ ਸਰਪੰਚ ਬਣੇ। ਇਸ ਉਪਰੰਤ 1980 'ਚ ਕੈਬਨਿਟ ਮੰਤਰੀ ਤੇ ਫਿਰ 1992 'ਚ ਪੰਜਾਬ ਦੇ ਮੁੱਖ ਮੰਤਰੀ ਬਣੇ। ਇਸੇ ਤਰ੍ਹਾਂ ਲੋਹਪੁਰਸ਼ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਕੈਬਨਿਟ ਮੰਤਰੀ ਜਗਦੇਵ ਸਿੰਘ ਤਲਵੰਡੀ ਵੀ ਨਗਰ ਤਲਵੰਡੀ ਦੇ ਪਹਿਲਾਂ ਕਈ ਵਰ੍ਹੇ ਸਰਪੰਚ ਰਹੇ ਤੇ ਫਿਰ ਵੱਡੀਆਂ ਪੁਜ਼ੀਸ਼ਨਾਂ 'ਤੇ ਪੁੱਜੇ। ਇਸੇ ਤਰ੍ਹਾਂ ਪਿੰਡ ਆਲੀਵਾਲ ਦੇ ਅਮਰੀਕ ਸਿੰਘ ਆਲੀਵਾਲ ਸਰਪੰਚ ਰਹੇ ਅਤੇ ਬਾਅਦ ਵਿਚ 2 ਵਾਰ ਐੱਮ. ਪੀ. ਬਣੇ। ਇਸੇ ਤਰ੍ਹਾਂ 2 ਵਾਰ ਮੈਂਬਰ ਪਾਰਲੀਮੈਂਟ ਰਹੇ ਗੁਰਚਰਨ ਸਿੰਘ ਗਾਲਿਬ ਪੰਚਾਇਤਾਂ ਰਾਹੀਂ ਚੁਣੀ ਜਾਂਦੀ ਬਲਾਕ ਸੰਮਤੀ ਦੀ ਚੇਅਰਮੈਨੀ ਵੀ ਉਨ੍ਹਾਂ ਦੇ ਹਿੱਸੇ ਆਈ। ਜਦੋਂਕਿ ਨੌਜਵਾਨ ਅਕਾਲੀ ਦਲ ਤੋਂ 3 ਵਾਰ ਵਿਧਾਇਕ ਬਣਨ ਵਾਲੇ ਮਨਪ੍ਰੀਤ ਸਿੰਘ ਇਆਲੀ ਵੀ ਪਿੰਡ ਇਆਲੀ ਖੁਰਦ ਦੀ ਸਰਪੰਚੀ ਦਾ ਆਨੰਦ ਮਾਣ ਚੁੱਕਾ ਹੈ। ਇਸੇ ਤਰ੍ਹਾਂ ਤਾਰਾ ਸਿੰਘ ਗੋਰਸੀਆਂ ਜੋ ਨਗਰ ਦੇ ਸਰਪੰਚ ਤੇ ਫਿਰ ਵਿਧਾਇਕ ਬਣੇ, ਭਜਨ ਸਿੰਘ ਦੇਤਵਾਲ ਨਗਰ ਦੇ ਸਰਪੰਚ ਅਤੇ ਬਲਾਕ ਸੰਮਤੀ ਦੇ ਚੇਅਰਮੈਨ ਵੀ ਰਹੇ, ਜਦੋਂਕਿ ਹਰਵਿੰਦਰ ਸਿੰਘ ਲੱਖੋਵਾਲ ਨਗਰ ਦੇ ਸਰਪੰਚ ਅਤੇ ਫਿਰ ਸ਼ੂਗਰ ਮਿੱਲ ਬੁੱਢੇਵਾਲ ਦੇ ਕਈ ਸਾਲ ਚੇਅਰਮੈਨ ਰਹੇ। ਬੇਟ ਏਰੀਆ ਦੀ ਰਾਜਧਾਨੀ ਸਮਝੇ ਜਾਂਦੇ ਨਗਰ ਹੰਬੜਾਂ ਦੇ ਅਲਵੇਲ ਸਿੰਘ ਧਾਲੀਵਾਲ ਆਪਣੇ ਸਮੇਂ ਦੇ ਸਰਪੰਚ ਰਹੇ ਅਤੇ ਉਨ੍ਹਾਂ ਦੀ ਸਰਕਾਰੇ ਦਰਬਾਰੇ ਖੂਬ ਤੂਤੀ ਬੋਲਦੀ ਸੀ। ਇਸੇ ਤਰ੍ਹਾਂ ਲੁਧਿਆਣਾ ਜ਼ਿਲੇ 'ਚ ਕਈ ਐਸੇ ਸਰਪੰਚ ਵੀ ਬਣੇ ਜੋ ਮਾਰਕੀਟ ਕਮੇਟੀਆਂ ਦੇ ਚੇਅਰਮੈਨ ਲੈਂਡ ਮਾਰਗੇਟ ਦੀਆਂ ਚੇਅਰਮੈਨ ਦਾ ਆਨੰਦ ਮਾਣ ਚੁੱਕੇ ਹਨ। ਗੱਲ ਕੀ, ਪੰਚਾਇਤ ਦੀ ਚੋਣ ਭਾਵੇਂ ਛੋਟੀ ਹੈ ਪਰ ਲੋਕਤੰਤਰ ਦੀ ਇਕ ਐਸੀ ਜੜ੍ਹ ਹੈ, ਜੋ ਜ਼ਿੰਦਗੀ ਵਿਚ ਛੋਟੀਆਂ ਕਰੂੰਬਲਾਂ ਤੋਂ ਵੱਡੇ ਦਰੱਖਤ ਬਣਾ ਦਿੰਦੀ ਹੈ।

# ਪੰਜਾਬ 'ਚ ਮੌਸਮ ਦੀ ਤਬਦੀਲੀ ਨਾਲ ਇਹ ਵਾਇਰਸ ਸਰਗਰਮ

**ਸਰਦੂਲ ਸਿੰਘ**

ਅੰਮ੍ਰਿਤਸਰ 7 ਅਕਤੂਬਰ। ਮੌਸਮ ਵਿਚ ਬਦਲਾਅ ਕਾਰਨ ਹੁਣ ਇਨਫਲੂਐਂਜਾ ਵਾਇਰਸ ਸਰਗਰਮ ਹੋ ਗਿਆ ਹੈ, ਜਿਸ ਕਾਰਨ ਜ਼ਿਲ੍ਹੇ ਵਿਚ ਵੱਡੀ ਗਿਣਤੀ 'ਚ ਮਰੀਜ ਸਾਹਮਣੇ ਆਉਣ ਲੱਗੇ ਹਨ। ਇਹ ਵਾਇਰਸ ਬੱਚਿਆਂ ਅਤੇ ਬਜੁਰਗਾਂ 'ਤੇ ਜ਼ਿਆਦਾ ਪ੍ਰਭਾਵ ਪਾ ਰਿਹਾ ਹੈ। ਵਰਲਡ ਹੈਲਥ ਆਰਗੇਨਾਈਜੇਸ਼ਨ ਅਨੁਸਾਰ ਇਨਫਲੂਐਂਜਾ ਨੂੰ ਆਮ ਤੌਰ 'ਤੇ ਫਲੂ ਵੀ ਕਿਹਾ ਜਾਂਦਾ ਹੈ, ਇਕ ਗੰਭੀਰ ਸਾਹ ਦੀ ਲਾਗ ਹੈ, ਜਿਸ ਕਾਰਨ ਹੁੰਦਾ ਹੈ। ਇਹ ਦੁਨੀਆ ਦੇ ਸਾਰੇ ਹਿੱਸਿਆਂ ਵਿਚ ਆਮ ਹੈ ਅਤੇ ਜ਼ਿਆਦਾਤਰ ਲੋਕ ਬਿਨਾਂ ਇਲਾਜ ਦੇ ਇਸ ਤੋਂ ਠੀਕ ਹੋ ਜਾਂਦੇ ਹਨ, ਪਰ ਬੱਚਿਆਂ ਅਤੇ ਬਜੁਰਗਾਂ ਨੂੰ ਇਸ ਵਾਇਰਸ ਤੋਂ ਬਚਣ ਲਈ ਦਵਾਈ ਲੈਣੀ ਪੈਂਦੀ ਹੈ। ਇਸ ਵਾਇਰਸ ਨੂੰ ਕੋਰੋਨਾ ਦਾ ਹੇਠਲਾ ਰੂਪ ਕਿਹਾ ਜਾਂਦਾ ਹੈ। ਜਦੋਂ ਲੋਕ ਖੰਘਦੇ ਜਾਂ ਛਿੱਕਦੇ ਹਨ ਤਾਂ ਇਨਫਲੂਐਂਜਾ ਆਸਾਨੀ ਨਾਲ ਫੈਲ ਸਕਦਾ ਹੈ। ਇਸ ਬੀਮਾਰੀ ਨੂੰ ਰੋਕਣ ਲਈ ਟੀਕਾਕਰਨ ਸਭ ਤੋਂ ਵਧੀਆ ਤਰੀਕਾ ਹੈ। ਬਦਲਦੇ ਮੌਸਮ ਦੇ ਦੌਰਾਨ ਜ਼ਿਲ੍ਹੇ ਵਿਚ ਇਸ ਵਾਇਰਸ ਦੇ ਮਰੀਜ ਵੱਡੀ ਗਿਣਤੀ ਵਿਚ ਦੇਖਣ ਨੂੰ ਮਿਲ ਰਹੇ ਹਨ। ਇਸ ਦੇ ਮਰੀਜ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਦਵਾਈ ਲੈਣ ਲਈ ਆ ਰਹੇ ਹਨ, ਕਈ ਵਾਰ ਤਾਂ ਨੱਕੋ-ਨੱਕ ਵੀ ਦਵਾਈਆਂ ਲੈਣੀਆਂ ਪੈਂਦੀਆਂ ਹਨ। ਭਾਰਤੀ ਮੈਡੀਕਲ ਸੰਸਥਾ ਦੇ ਟੀ. ਬੀ. ਕੰਟਰੋਲ ਪ੍ਰੋਗਰਾਮ ਅਫਸਰ ਡਾ. ਨਰੇਸ਼ ਚਾਵਲਾ ਨੇ ਦੱਸਿਆ ਕਿ ਫਲੂ ਦੇ ਲੱਛਣ ਆਮ ਤੌਰ 'ਤੇ ਜਲਦੀ ਦਿਖਾਈ ਦਿੰਦੇ ਹਨ। ਬੁਖਾਰ, ਠੰਢ ਲੱਗਣਾ, ਸਰੀਰ ਵਿਚ ਦਰਦ, ਖੰਘ, ਸਿਰ ਦਰਦ, ਗਲੇ ਵਿਚ ਖਰਾਸ, ਨੱਕ ਵਗਣਾ, ਥਕਾਵਟ ਜਾਂ ਕਮਜੋਰੀ ਮਹਿਸੂਸ ਹੋਣਾ, ਦਸਤ ਜਾਂ ਉਲਟੀਆਂ ਆਦਿ ਇਸ ਦੇ ਲੱਛਣ ਹਨ, ਜਿਨ੍ਹਾਂ ਬਾਰੇ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ। ਡਾ. ਨਰੇਸ਼ ਚਾਵਲਾ ਨੇ ਦੱਸਿਆ ਕਿ



ਕਲੀਵਲੈਂਡ ਕਲੀਨਿਕ ਅਨੁਸਾਰ ਇਹ ਇਨਫੈਕਸ਼ਨ ਆਮ ਤੌਰ 'ਤੇ ਇਨਫਲੂਐਂਜਾ ਵਾਇਰਸ ਕਾਰਨ ਹੁੰਦੀ ਹੈ। ਇਹੀ ਕਾਰਨ ਹੈ ਕਿ ਫਲੂ ਤੋਂ ਇਲਾਵਾ ਇਸ ਨੂੰ ਇਨਫਲੂਐਂਜਾ ਵੀ ਕਿਹਾ ਜਾਂਦਾ ਹੈ। ਇਨਫਲੂਐਂਜਾ ਏ, ਬੀ, ਅਤੇ ਸੀ ਇਸ ਵਾਇਰਸ ਦੀਆਂ ਸਭ ਤੋਂ ਆਮ ਕਿਸਮਾਂ ਹਨ ਜੋ ਲੋਕਾਂ ਨੂੰ ਸੰਕਰਮਿਤ ਕਰਦੀਆਂ ਹਨ। ਇਨ੍ਹਾਂ ਵਿੱਚੋਂ ਇਨਫਲੂਐਂਜਾ ਏ ਅਤੇ ਬੀ ਮੌਸਮੀ ਹਨ, ਜੋ ਜ਼ਿਆਦਾਤਰ ਲੋਕਾਂ ਨੂੰ ਸਰਦੀਆਂ ਵਿਚ ਪ੍ਰਭਾਵਿਤ ਕਰਦੇ ਹਨ ਅਤੇ ਉਨ੍ਹਾਂ ਦੇ ਲੱਛਣ ਵੀ ਗੰਭੀਰ ਹੁੰਦੇ ਹਨ, ਜਦੋਂ ਕਿ ਇਨਫਲੂਐਂਜਾ ਸੀ ਗੰਭੀਰ ਲੱਛਣਾਂ ਦਾ ਕਾਰਨ ਨਹੀਂ ਬਣਦਾ ਅਤੇ ਇਹ ਮੌਸਮੀ ਨਹੀਂ ਹੁੰਦਾ। ਸ਼ੂਗਰ, ਦਮਾ, ਸੀ. ਓ. ਪੀ. ਡੀ. ਜਾਂ ਫੇਫੜਿਆਂ ਦੀ ਪੁਰਾਣੀ ਬੀਮਾਰੀ ਵਾਲੇ ਮਰੀਜਾਂ ਨੂੰ ਵਾਇਰਸ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਅਧਿਕਾਰੀ ਡਾ. ਰਜਨੀਸ਼ ਸ਼ਰਮਾ ਨੇ ਕਿਹਾ ਕਿ ਇਨਫਲੂਐਂਜਾ ਇਕ ਮੌਸਮੀ ਬੀਮਾਰੀ ਹੈ, ਜੋ ਅਕਸਰ ਲੋਕਾਂ ਨੂੰ ਸਾਲ ਵਿਚ ਦੋ ਵਾਰ ਆਪਣਾ ਸ਼ਿਕਾਰ ਬਣਾਉਂਦੀ ਹੈ। ਭਾਰਤ ਵਿੱਚ, ਇਸ ਦੇ ਕੇਸ ਮੁੱਖ ਤੌਰ 'ਤੇ ਜਨਵਰੀ ਤੋਂ ਮਾਰਚ ਤੱਕ ਦੇਖੇ ਜਾਂਦੇ ਹਨ ਅਤੇ ਦੂਜਾ ਮਾਨਸੂਨ ਤੋਂ ਬਾਅਦ ਦੇ ਮੌਸਮ ਵਿਚ ਫਲੂ ਛੂਤਕਾਰੀ ਹੈ, ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਫੈਲਦਾ ਹੈ। ਇਨਫਲੂਐਂਜਾ ਨਾਲ ਸੰਕਰਮਿਤ ਹਰੇਕ ਵਿਅਕਤੀ ਇੱਕ ਤੋਂ ਦੋ ਹੋਰ ਲੋਕਾਂ ਨੂੰ ਸੰਕਰਮਿਤ ਕਰ ਸਕਦਾ ਹੈ। ਜਦੋਂ ਕੋਈ ਨਜਦੀਕੀ ਖੰਘਦਾ ਹੈ, ਛਿੱਕਦਾ ਹੈ ਜਾਂ ਗੱਲ ਕਰਦਾ ਹੈ, ਤਾਂ ਬੂੰਦਾਂ ਜਾਂ ਤਾਂ ਤੁਹਾਡੇ ਹੱਥਾਂ 'ਤੇ ਆ ਸਕਦੀਆਂ ਹਨ ਜਾਂ ਹਵਾ ਰਾਹੀਂ ਤੁਹਾਡੇ ਨੱਕ ਜਾਂ ਮੂੰਹ ਵਿੱਚ ਜਾ ਸਕਦੀਆਂ ਹਨ। ਇਸ ਤੋਂ ਬਾਅਦ ਫਲੂ ਤੁਹਾਡੇ ਫੇਫੜਿਆਂ ਵਿਚ ਚਲਾ ਜਾਂਦਾ ਹੈ। ਫਲੂ ਵਾਇਰਸ ਨਾਲ ਦੂਸ਼ਿਤ ਸਤ੍ਹਾ ਨੂੰ ਛੂਹਣ ਅਤੇ ਫਿਰ ਉਸੇ ਹੱਥਾਂ ਨਾਲ ਤੁਹਾਡੇ ਚਿਹਰੇ, ਨੱਕ, ਮੂੰਹ ਜਾਂ ਅੱਖਾਂ ਨੂੰ ਛੂਹਣ ਨਾਲ ਫੈਲਦਾ ਹੈ। ਇੰਨਾਂ ਸਤਹਾਂ ਵਿੱਚ ਦਰਵਾਜੇ ਦੇ ਨਾਬ, ਡੈਸਕ, ਕੰਪਿਊਟਰ ਅਤੇ ਫੋਨ ਵਰਗੀਆਂ ਚੀਜਾਂ ਸ਼ਾਮਲ ਹਨ। ਫਲੂ ਵਾਲੇ ਕਿਸੇ ਵਿਅਕਤੀ ਦੇ ਹੱਥਾਂ ਜਾਂ ਚਿਹਰੇ ਨੂੰ ਛੂਹਣ ਤੋਂ ਬਾਅਦ ਤੁਹਾਡੇ ਚਿਹਰੇ, ਨੱਕ, ਮੂੰਹ ਜਾਂ ਅੱਖਾਂ ਨੂੰ ਆਪਣੇ ਹੱਥਾਂ ਨਾਲ ਛੂਹਣ ਨਾਲ ਵੀ ਲਾਗ ਫੈਲ ਸਕਦੀ ਹੈ।

# ਅਗਲੇ ਸਾਲ ਮਾਰਚ ਤੱਕ 90 ਲੱਖ ਮੀਟਰਕ ਟਨ ਭੰਡਾਰਨ ਦੀ ਥਾਂ ਪੈਦਾ ਹੋਵੇਗੀ : ਲਾਲ ਚੰਦ ਕਟਾਰੂਚੱਕ

ਚੰਡੀਗੜ੍ਹ 7 ਅਕਤੂਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਝੋਨੇ ਦੀ ਖਰੀਦ ਦੇ ਚੱਲ ਰਹੇ ਸੀਜ਼ਨ ਦੇ ਮੱਦੇਨਜ਼ਰ ਭੰਡਾਰਨ ਲਈ ਲੋੜੀਂਦੀ ਥਾਂ ਬਣਾਉਣ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਸੂਬਾ ਸਰਕਾਰ ਵੱਲੋਂ ਕੀਤੇ ਗਏ ਅਣਥੱਕ ਯਤਨਾਂ ਸਦਕਾ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਵੱਲੋਂ ਅਕਤੂਬਰ ਦੇ ਅੰਤ ਤੱਕ ਪੰਜਾਬ ਤੋਂ 15 ਲੱਖ ਮੀਟ੍ਰਿਕ ਟਨ ਚੌਲ ਦੀ ਚੁਕਾਈ ਕੀਤੀ ਜਾਵੇਗੀ ਅਤੇ ਇਹ ਕੰਮ 20 ਰੇਲ ਗੱਡੀਆਂ, 3 ਕੰਟੇਨਰਾਂ ਅਤੇ ਕੁਝ ਛੋਟੇ ਟਰੱਕਾਂ ਨੂੰ ਇਸਤੇਮਾਲ ਕਰਦਿਆਂ ਪੂਰਾ ਕੀਤਾ ਜਾਵੇਗਾ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ 31 ਦਸੰਬਰ, 2024 ਤੱਕ ਸੂਬੇ ਦੇ ਗੋਦਾਮਾਂ ਤੋਂ ਲਗਭਗ 40 ਲੱਖ ਮੀਟਰਕ ਟਨ ਚੌਲਾਂ ਦੀ ਚੁਕਾਈ





ਕੀਤੀ ਜਾਵੇਗੀ ਤਾਂ ਜੋ ਨਵੀਂ ਫਸਲ ਦੇ ਭੰਡਾਰਨ ਲਈ ਲੋੜੀਂਦੀ ਥਾਂ ਮੁਹੱਈਆ ਕਰਵਾਈ ਜਾ ਸਕੇ। ਮੰਤਰੀ ਨੇ ਦੱਸਿਆ ਕਿ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀਪੀਪੀ) ਮੋਡ ਰਾਹੀਂ ਹੋਰ ਗੋਦਾਮਾਂ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੇ ਸਾਲ ਮਾਰਚ ਤੱਕ 90 ਲੱਖ ਮੀਟਰਕ ਟਨ ਭੰਡਾਰਨ ਦੀ ਥਾਂ (ਸਟੋਰੇਜ ਸਪੇਸ) ਪੈਦਾ ਹੋਣ ਦੀ ਸੰਭਾਵਨਾ ਹੈ। ਇਸ ਲਈ ਅਨਾਜ ਨੂੰ ਸਟੋਰ ਕਰਨ ਲਈ ਥਾਂ ਦੀ ਕਿੱਲਤ ਨਹੀਂ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਆੜ੍ਹਤੀਆਂ ਨੇ ਅੱਜ ਤੋਂ ਹੀ ਬਾਸਮਤੀ ਚੌਲਾਂ ਦੀ ਖਰੀਦ ਸ਼ੁਰੂ ਕਰ ਦਿੱਤੀ ਹੈ ਅਤੇ ਸੂਬਾ ਸਰਕਾਰ ਉਨ੍ਹਾਂ ਦੀਆਂ ਮੰਗਾਂ ਅਤੇ ਉਨ੍ਹਾਂ ਵੱਲੋਂ ਉਠਾਏ ਗਏ ਮੁੱਦਿਆਂ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ। ਧਰਨੇ ਵਜੋਂ ਰੇਲ ਪਟੜੀਆਂ ਰੋਕੀਂ ਬੈਠੇ ਕਿਸਾਨਾਂ ਨੂੰ ਅਜਿਹਾ ਕਰਨ ਤੋਂ ਗੁਰੇਜ਼ ਕਰਨ ਦਾ ਸੱਦਾ ਦਿੰਦਿਆਂ ਮੰਤਰੀ ਨੇ ਕਿਹਾ ਕਿ ਇਸ ਨਾਲ ਗੁਦਾਮਾਂ ਵਿਚ ਨਵੀਂ ਫਸਲ ਲਈ ਖਾਲੀ ਥਾਵਾਂ ਯਕੀਨੀ ਬਣਾਉਣ ਵਿਚ ਮੁਸ਼ਕਿਲ ਪੇਸ਼ ਆਵੇਗੀ।

# ਐਮਾਜ਼ੋਨ ਵੱਲੋਂ ਪਾਵਨ ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਦੇ ਮਾਮਲੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਲਿਆ ਸਖਤ ਨੋਟਿਸ

**ਕਿਸ਼ਨ ਪਾਲ**

ਜੈਤੋ 7 ਅਕਤੂਬਰ। ਆਨਲਾਈਨ ਵਪਾਰਕ ਵੈੱਬਸਾਈਟ 'ਐਮਾਜ਼ੋਨ' ਵੱਲੋਂ ਪਾਵਨ ਗੁਰਬਾਣੀ ਦੀਆਂ ਸੈਂਚੀਆਂ ਤੇ ਗੁਟਕਾ ਸਾਹਿਬ ਵੇਚਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਗੁਟਕਾ ਸਾਹਿਬ ਦੀ ਵਿਕਰੀ ਤੁਰੰਤ ਰੋਕਣ ਲਈ ਆਖਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਧਰਮ ਨਾਲ ਸਬੰਧਤ ਪੋਥੀਆਂ ਅਤੇ ਪਵਿੱਤਰ ਗੁਟਕਾ ਸਾਹਿਬ ਨੂੰ ਇਸ ਐਪ 'ਤੇ ਆਨਲਾਈਨ ਵੇਚਣਾ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਦੇ ਸਟੋਰਾਂ 'ਤੇ ਪਾਵਨ ਪੋਥੀਆਂ ਦਾ ਸਤਿਕਾਰ ਕਾਇਮ ਨਹੀਂ ਰਹਿ ਸਕਦਾ। ਜਦੋਂ ਪਾਰਸਲ ਰਾਹੀਂ ਇਹ ਇਕ ਤੋਂ ਦੂਜੀ ਥਾਂ 'ਤੇ ਪੁੱਜਦੇ ਹਨ ਤਾਂ ਕੁਦਰਤੀ ਹੈ ਕਿ ਇਸ ਦੇ ਸਤਿਕਾਰ ਨੂੰ ਠੇਸ ਪੁੱਜਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੇ ਮਨਾਂ ਅੰਦਰ ਗੁਰਬਾਣੀ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਹੈ ਅਤੇ ਐਮਾਜ਼ੋਨ ਵੱਲੋਂ ਆਨਲਾਈਨ ਗੁਟਕਾ ਸਾਹਿਬਾਨ ਦੀ



ਵਿਕਰੀ ਨਾਲ ਸਿੱਖ ਮਨਾਂ ਅੰਦਰ ਭਾਰੀ ਰੋਸ ਦੀ ਲਹਿਰ ਹੈ। ਐਡਵੋਕੇਟ ਧਾਮੀ ਨੇ ਐਮਾਜ਼ੋਨ ਨੂੰ ਆਪਣੀ ਵੈੱਬਸਾਈਟ ਤੋਂ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਨੂੰ ਤੁਰੰਤ ਹਟਾਉਣ ਲਈ ਕਿਹਾ। ਉਨ੍ਹਾਂ ਪਬਲੀਸ਼ਰਾਂ ਨੂੰ ਵੀ ਅਪੀਲ ਕੀਤੀ ਕਿ ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਉਹ ਗੁਟਕਾ ਸਾਹਿਬ ਅਤੇ ਪਾਵਨ ਪੋਥੀਆਂ ਨੂੰ ਆਨਲਾਈਨ ਵੇਚਣ ਤੋਂ ਗੁਰੇਜ ਕਰਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ, ਜਿਸ ਨੂੰ ਧਰਮ ਪ੍ਰਚਾਰ ਕਮੇਟੀ ਦੀ ਆਉਣ ਵਾਲੀ ਇਕੱਤਰਤਾ ਵਿਚ ਵੀ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਉਣ 'ਤੇ ਐਮਾਜ਼ੋਨ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ, ਜਿਸ ਮਗਰੋਂ ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਬੰਦ ਕਰ ਦਿੱਤੀ ਗਈ ਸੀ। ਇਸ ਸਬੰਧੀ ਐਮਾਜ਼ੋਨ ਨੂੰ ਪੱਤਰ ਲਿਖਿਆ ਜਾ ਰਿਹਾ ਹੈ ਕਿ ਉਹ ਤੁਰੰਤ ਵੈੱਬਸਾਈਟ ਤੋਂ ਗੁਰਬਾਣੀ ਦੇ ਗੁਟਕਾ ਸਾਹਿਬਾਨ ਨੂੰ ਹਟਾ ਕੇ ਆਪਣਾ ਸਪੱਸ਼ਟੀਕਰਨ ਸ਼੍ਰੋਮਣੀ ਕਮੇਟੀ ਨੂੰ ਭੇਜਣ।

# ਕਾਰੋਬਾਰੀ ਨਾਲ 1 ਕਰੋੜ ਦੀ ਠੱਗੀ ਦਾ ਮਾਮਲਾ: ਸਾਈਬਰ ਥਾਣੇ ਦੀ ਪੁਲਸ ਨੇ 34 ਲੱਖ ਰੁਪਏ ਕਰਵਾਏ ਵਾਪਸ

ਲੁਧਿਆਣਾ 7 ਅਕਤੂਬਰ। ਸ਼ਹਿਰ ਦੇ ਕਾਰੋਬਾਰੀ ਰਾਜਨੀਸ਼ ਆਹੂਜਾ ਨਾਲ 1 ਕਰੋੜ ਦੀ ਸਾਈਬਰ ਠੱਗੀ ਦੇ ਮਾਮਲੇ 'ਚ ਸਾਈਬਰ ਥਾਣੇ ਦੀ ਪੁਲਸ ਨੇ 34 ਲੱਖ ਰੁਪਏ ਰਿਕਵਰ ਕੀਤੇ ਹਨ, ਜੋ ਪੁਲਸ ਨੇ ਕਾਰੋਬਾਰੀ ਨੂੰ ਸੌਂਪ ਦਿੱਤੇ ਹਨ। ਜਾਣਕਾਰੀ ਦਿੰਦੇ ਹੋਏ ਸਾਈਬਰ ਥਾਣੇ ਦੇ ਐੱਸ. ਐੱਚ. ਓ. ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਆਟੋ ਪਾਰਟਸ ਦੇ ਕਾਰੋਬਾਰੀ ਰਜਨੀਸ਼ ਆਹੂਜਾ ਨੇ ਸ਼ਿਕਾਇਤ ਦਿੱਤੀ ਸੀ ਕਿ 20 ਸਤੰਬਰ ਨੂੰ ਉਸ ਨੂੰ ਇਕ ਕਾਲ ਆਈ ਸੀ। ਕਾਲ ਕਰਨ ਵਾਲੇ ਨੇ ਕਿਹਾ ਸੀ ਕਿ ਉਹ ਦਿੱਲੀ ਏਅਰਪੋਰਟ ਤੋਂ ਬੋਲ ਰਿਹਾ ਹੈ। ਉਨ੍ਹਾਂ ਨੂੰ ਇਕ ਪਾਰਸਲ ਮਿਲਿਆ ਹੈ, ਜਿਸ ਵਿਚ ਕੁਝ ਪਾਸਪੋਰਟ, ਏ. ਟੀ. ਐੱਮ. ਕਾਰਡ ਮਿਲੇ





ਹਨ। ਪਾਰਸਲ 'ਚ ਉਨ੍ਹਾਂ ਦੀ ਆਈ. ਡੀ. ਵਰਤੀ ਗਈ ਹੈ, ਜਿਸ ਤੋਂ ਬਾਅਦ ਮੁਲਜ਼ਮਾਂ ਨੇ ਦਿੱਲੀ ਪੁਲਸ ਦੇ ਅਧਿਕਾਰੀ ਬਣ ਕੇ ਉਸ ਨੂੰ ਅਰੈਸਟ ਕਰਨ ਦਾ ਡਰਾਵਾ ਦੇ ਕੇ 1 ਕਰੋੜ ਰੁਪਏ ਟ੍ਰਾਂਸਫਰ ਕਰਵਾ ਲਏ ਸਨ ਪਰ ਉਸ ਨੂੰ ਬਾਅਦ 'ਚ ਪਤਾ ਲੱਗਾ ਕਿ ਉਸ ਦੇ ਨਾਲ ਠੱਗੀ ਹੋਈ ਹੈ। ਉਸ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਸ ਨੇ ਤੁਰੰਤ ਮੁਲਜ਼ਮਾਂ ਦੇ ਬੈਂਕ ਖਾਤੇ ਦੀ ਡਿਟੇਲ ਕਢਵਾਈ, ਜਿਸ ਵਿਚ ਇਕ ਖਾਤੇ 'ਚ 34 ਲੱਖ ਰੁਪਏ ਪਏ ਹੋਏ ਸਨ, ਜਿਸ ਨੂੰ ਫ੍ਰੀਜ਼ ਕਰ ਦਿੱਤਾ ਗਿਆ। ਫਿਰ ਉਹ ਪੈਸੇ ਕਢਵਾਉਣ ਲਈ ਕਾਨੂੰਨੀ ਪ੍ਰਕਿਰਿਆ ਪੂਰੀ ਕਰ ਕੇ ਅਦਾਲਤ ਦੇ ਜ਼ਰੀਏ ਰਿਲੀਜ਼ ਕਰਵਾ ਕੇ ਸ਼ਿਕਾਇਤਕਰਤਾ ਨੂੰ ਵਾਪਸ ਦਿੱਤੇ ਗਏ ਹਨ।

## ਫਿਰ ਵੱਡੀ ਵਾਰਦਾਤ ਨਾਲ ਕੰਬਿਆ ਪੰਜਾਬ ! ਪਿਓ ਨੇ ਬੇਰਹਿਮੀ ਨਾਲ ਮਾਰ 'ਤਾ ਜਵਾਨ ਪੁੱਤ

ਮੌੜ ਮੰਡੀ 7 ਅਕਤੂਬਰ। ਬਠਿੰਡਾ ਜ਼ਿਲ੍ਹੇ 'ਚ ਪੈਂਦੇ ਪਿੰਡ ਸਦੋਹਾ ਦਾ ਇਕ ਪਰਿਵਾਰ ਉਸ ਵਕਤ ਨਸੇ ਦੀ ਭੇਟ ਚੜ੍ਹ ਗਿਆ ਜਦੋਂ ਪਿਤਾ ਨੇ ਹੀ ਆਪਣੇ ਪੁੱਤ ਦਾ ਕਤਲ ਕਰ ਦਿੱਤਾ। ਇਸ ਮਾਮਲੇ ਸਬੰਧੀ ਥਾਣਾ ਮੌੜ ਦੇ ਮੁਖੀ ਜਗਦੇਵ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮ੍ਰਿਤਕ ਗੁਰਸੇਵਕ ਸਿੰਘ ਦੀ ਮਾਤਾ ਮੂਰਤੀ ਕੌਰ ਪਤਨੀ ਹੁਸ਼ਿਆਰ ਸਿੰਘ ਵਾਸੀ ਸੰਦੋਹਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਸ ਦਾ ਛੋਟਾ ਲੜਕਾ ਗੁਰਸੇਵਕ ਸਿੰਘ ਉਮਰ ਲਗਭਗ 25 ਸਾਲ ਜੋ ਅਜੇ ਕੁਆਰਾ ਸੀ ਅਤੇ ਨਸੇ ਕਰਨ ਦਾ ਆਦੀ ਸੀ। ਮੂਰਤੀ ਕੌਰ ਨੇ ਅੱਗੇ ਦੱਸਿਆ ਕਿ ਬੀਤੀ ਰਾਤ ਨੂੰ ਕਰੀਬ 9-ਸਾਢੇ 9 ਵਜੇ ਜਦ ਮੇਰਾ ਲੜਕਾ ਘਰ ਆਇਆ ਤਾਂ ਉਸ ਨੇ ਨਸ਼ਾ ਕੀਤਾ ਹੋਇਆ ਸੀ। ਘਰ ਆ ਕੇ ਮੇਰੇ ਨਾਲ ਕੁੱਟਮਾਰ ਕਰਨ ਲੱਗ ਪਿਆ ਅਤੇ ਕਹਿਣ ਲੱਗਾ ਕਿ ਮੈਂ ਤਾਂ ਸਿਵਿਆਂ 'ਚ ਜਾ ਕੇ ਹੀ ਸੌਂਵਾਂਗਾ। ਜਦ ਉਸ ਦੇ ਘਰਵਾਲੇ ਹੁਸ਼ਿਆਰ ਸਿੰਘ ਨੇ ਉਸ ਨੂੰ ਰੋਕਿਆ ਤਾਂ ਗੁਰਸੇਵਕ ਸਿੰਘ ਆਪਣੇ ਪਿਤਾ ਦੇ ਗਲ ਪੈ ਗਿਆ। ਫਿਰ ਮੇਰੇ ਘਰ ਵਾਲੇ ਨੇ ਵਿਹੜੇ ਵਿਚ ਪਿਆ ਲੋਹੇ ਦਾ ਫੌਹੜਾ ਚੁੱਕ ਕੇ ਮੇਰੇ ਪੁੱਤਰ ਗੁਰਸੇਵਕ ਸਿੰਘ ਦੇ ਸਿਰ 'ਚ ਮਾਰਿਆ ਅਤੇ ਉਹ ਧਰਤੀ 'ਤੇ ਡਿੱਗ ਪਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਗਈ। ਘਟਨਾ ਦਾ ਪਤਾ ਲੱਗਦੇ ਹੀ ਪੁਲਸ ਪਾਰਟੀ ਮੌਕੇ 'ਤੇ ਪਹੁੰਚੀ ਅਤੇ ਮ੍ਰਿਤਕ ਦੀ ਮਾਤਾ ਮੂਰਤੀ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਪਿਤਾ ਹੁਸ਼ਿਆਰ ਸਿੰਘ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਅਤੇ ਗ੍ਰਿਫਤਾਰੀ ਲਈ ਮੁਲਜਮ ਦੀ ਭਾਲ ਕੀਤੀ ਜਾ ਰਹੀ ਹੈ।

## ਸਾਬਕਾ ਵਿਧਾਇਕ ਦਾ ਭਰਾ ਲਾਪਤਾ, ਬਰਿੱਜ 'ਤੇ ਮਿਲੀ ਨੁਕਸਾਨੀ ਕਾਰ

ਮੰਗਲੁਰੂ 7 ਅਕਤੂਬਰ। ਕਰਨਾਟਕ ਦੇ ਸਾਬਕਾ ਵਿਧਾਇਕ ਮੋਹਿਊਦੀਨ ਬਾਵਾ ਦੇ ਭਰਾ ਮੁਮਤਾਜ ਅਲੀ ਐਤਵਾਰ ਸਵੇਰ ਤੋਂ ਲਾਪਤਾ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅਲੀ ਦੀ ਕਾਰ ਨੁਕਸਾਨੀ ਹਾਲਤ 'ਚ ਕੁਲੂਰ ਬਰਿੱਜ 'ਤੇ ਲਾਵਾਰਸ ਹਾਲਤ 'ਚ ਮਿਲੀ। ਇਸ ਤੋਂ ਪਹਿਲੇ ਅਲੀ ਨੇ ਆਪਣੀ ਧੀ ਨੂੰ ਇਕ ਵਟਸਐਪ ਸੰਦੇਸ਼ ਭੇਜਿਆ ਸੀ, ਜਿਸ 'ਚ ਉਨ੍ਹਾਂ ਕਿਹਾ ਸੀ,"ਮੈਂ ਵਾਪਸ ਨਹੀਂ ਆਵਾਂਗਾ।"





ਅਲੀ ਖੇਤਰ ਦੇ ਮੁੱਖ ਕਾਰੋਬਾਰੀ ਅਤੇ ਮਿਸਬਾਹ ਗਰੁੱਪ ਆਫ ਐਜੂਕੇਸ਼ਨਲ ਇੰਸਟੀਚਿਊਸ਼ਨ ਦਾ ਚੇਅਰਮੈਨ ਹਨ। ਉਨ੍ਹਾਂ ਦੇ ਲਾਪਤਾ ਹੋਣ ਤੋਂ ਬਾਅਦ ਵੱਡੇ ਪੈਮਾਨੇ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ, ਜਿਸ 'ਚ ਮੋਹਿਊਦੀਨ ਬਾਵਾ ਸਣੇ ਪਰਿਵਾਰ ਦੇ ਮੈਂਬਰ ਵੀ ਹਾਦਸੇ ਵਾਲੀ ਜਗ੍ਹਾ ਮੌਜੂਦ ਸਨ। ਮੰਗਲੁਰੂ ਦੇ ਪੁਲਸ ਸੁਪਰਡੈਂਟ ਅਨੁਪਮ ਅਗਰਵਾਲ ਨੇ ਮਾਮਲੇ ਦੀ ਜਾਂਚ ਸ਼ੁਰੂ ਹੋਣ ਦੀ ਪੁਸ਼ਟੀ ਕੀਤੀ। ਸ਼ੁਰੂਆਤੀ ਜਾਂਚ ਅਨੁਸਾਰ ਕਾਰੋਬਾਰੀ ਐਤਵਾਰ ਤੜਕੇ ਕਰੀਬ 3 ਵਜੇ ਆਪਣੇ ਘਰੋਂ ਵਾਹਨ 'ਤੇ ਨਿਕਲੇ ਅਤੇ ਸ਼ਹਿਰ 'ਚ ਘੁੰਮਣ ਤੋਂ ਬਾਅਦ ਸਵੇਰੇ ਕਰੀਬ 5 ਵਜੇ ਕੁਲੂਰ ਬਰਿੱਜ ਕੋਲ ਆਪਣੀ ਗੱਡੀ ਖੜ੍ਹੀ ਕਰ ਦਿੱਤੀ। ਅਲੀ ਦੇ ਆਖਰੀ ਵਟਸਐਪ ਸੰਦੇਸ਼ ਤੋਂ ਚਿੰਤਤ ਉਨ੍ਹਾਂ ਦੀ ਧੀ ਨੇ ਤੁਰੰਤ ਸਥਾਨਕ ਪੁਲਸ ਨਾਲ ਸੰਪਰਕ ਕੀਤਾ। ਉਨ੍ਹਾਂ ਦੀ ਤਲਾਸ਼ ਲਈ ਮੁਹਿੰਮ ਚਲਾਈ ਜਾ ਰਹੀ ਹੈ।

## ਅਗਵਾ ਕਰਕੇ ਕੁੱਟਮਾਰ ਕਰਨ ਵਾਲਿਆਂ 'ਤੇ ਮੁਕੱਦਮਾ ਦਰਜ

ਫ਼ਰੀਦਕੋਟ (ਰਾਜਨ)-ਅਗਵਾ ਕਰਕੇ ਇਕ ਲੜਕੇ ਦੀ ਕੁੱਟਮਾਰ ਕਰਨ ਦੇ ਦੋਸ਼ ਤਹਿਤ ਬੱਗਾ ਸਿੰਘ, ਵਰਿੰਦਰ ਸਿੰਘ, ਕਾਲੂ, ਸਤਨਾਮ ਸਿੰਘ, ਪ੍ਰਗਟ ਸਿੰਘ, ਇੰਦਰ ਸਿੰਘ, ਸਾਹਿਲ ਰੰਮਾਂ ਅਤੇ ਨੀਲੂ ਤੋਂ ਇਲਾਵਾ ਪੰਜ ਦੇ ਕਰੀਬ ਹੋਰ ਅਣਪਛਾਤਿਆਂ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਜਸਵੀਰ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਸੁੰਦਰ ਨਗਰ ਨੇ ਦੋਸ਼ ਲਗਾਇਆ ਕਿ ਉਸ ਦਾ ਲੜਕਾ ਸੁਖਵੀਰ ਸਿੰਘ ਜਦੋਂ ਆਪਣੇ ਦੋਸਤ ਸੁਖਪ੍ਰੀਤ ਸਿੰਘ ਸਮੇਤ ਮੋਟਰਸਾਇਕਲ ਦੀ ਸਰਵਿਸ ਕਰਵਾਉਣ ਲਈ ਗਿਆ ਹੋਇਆ ਸੀ ਤਾਂ ਉਕਤ ਸਾਰੇ ਜੋ ਮੋਟਰਸਾਇਕਲਾਂ 'ਤੇ ਸਵਾਰ ਸਨ, ਨੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਚੁੱਕ ਕੇ ਜਹਾਜ ਗਰਾਊਂਡ ਵਿੱਚ ਲੈ ਗਏ

## ਮੁੰਡੇ ਨੇ ਮੰਗਿਆ ਪੜ੍ਹਾਈ ਲਈ ਖਰਚਾ; ਮਾਪਿਆਂ ਨੇ ਕੀਤਾ ਇਨਕਾਰ ਤਾਂ ਕਰ'ਤਾ ਅਜਿਹਾ ਕਾਂਡ, ਸੁਣ ਉੱਡ ਜਾਣਗੇ ਹੋਸ਼

ਨੈਸ਼ਨਲ ਡੈਸਕ 7 ਅਕਤੂਬਰ। ਉੱਤਰ ਪ੍ਰਦੇਸ ਦੇ ਬਰੇਲੀ ਵਿੱਚ ਇੱਕ ਐਲ.ਐਲ.ਬੀ. ਵਿਦਿਆਰਥੀ ਨੇ ਆਪਣੇ ਮਾਪਿਆਂ ਨੂੰ ਖਰਚਾ ਨਾ ਦੇਣ 'ਤੇ ਆਪਣੇ ਮਾਪਿਆਂ ਨੂੰ ਧਮਕੀ ਦੇਣ ਲਈ ਪਿਸਤੌਲ ਖਰੀਦਿਆ। ਜਦੋਂ ਮਾਪਿਆਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਹੈਰਾਨ ਰਹਿ ਗਏ। ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਇਸ ਤੋਂ ਬਾਅਦ ਪੁਲਸ ਨੇ ਵਿਦਿਆਰਥੀ ਨੂੰ ਪਿਸਤੌਲ ਸਮੇਤ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ। ਦਰਅਸਲ ਪੂਰਾ ਮਾਮਲਾ ਬਰੇਲੀ ਸਹਿਰ ਦੇ ਕੋਤਵਾਲੀ ਇਲਾਕੇ ਦਾ ਹੈ। ਇੱਥੇ ਰਹਿਣ ਵਾਲਾ ਇੱਕ ਨੌਜਵਾਨ ਪੁਣੇ ਵਿੱਚ ਐਲ.ਐਲ.ਬੀ. ਦੀ ਪੜ੍ਹਾਈ ਕਰ ਰਿਹਾ ਹੈ। ਵਿਦਿਆਰਥੀ ਆਪਣੇ ਘਰ ਆਇਆ ਸੀ, ਉਸ ਨੇ ਆਪਣੇ ਮਾਤਾ-ਪਿਤਾ ਤੋਂ ਪੜ੍ਹਾਈ ਦਾ ਖਰਚਾ ਮੰਗਿਆ ਅਤੇ ਜਦੋਂ ਉਨ੍ਹਾਂ ਨੇ ਪੈਸੇ ਨਾ ਦਿੱਤੇ ਤਾਂ ਉਸ ਨੇ ਆਪਣੇ ਮਾਤਾ-ਪਿਤਾ ਨੂੰ ਧਮਕੀ ਦੇਣ ਲਈ ਪੀਲੀਭੀਤ ਜ਼ਿਲ੍ਹੇ ਤੋਂ ਪਿਸਤੌਲ ਖਰੀਦ ਲਈ। ਜਦੋਂ ਵਿਦਿਆਰਥੀ ਦੇ ਮਾਤਾ-ਪਿਤਾ ਨੂੰ ਪਤਾ ਲੱਗਾ ਕਿ ਉਹ ਪਿਸਤੌਲ ਲੈ ਕੇ ਆਇਆ ਹੈ ਤਾਂ ਉਹ ਡਰ ਗਏ। ਉਨ੍ਹਾਂ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਪੁਲਸ ਨੇ ਘੇਰਾਬੰਦੀ ਕਰਕੇ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਇਕ ਪਿਸਤੌਲ ਬਰਾਮਦ ਹੋਈ। ਪੁਲਸ ਨੇ ਰਿਪੋਰਟ ਦਰਜ ਕਰਕੇ ਮੁਲਜਮ ਵਿਦਿਆਰਥੀ ਨੂੰ ਜੇਲ੍ਹ ਭੇਜ ਦਿੱਤਾ ਹੈ।

# ਬੁੱਢਿਆਂ ਨੂੰ ਜਵਾਨ ਬਣਾਉਣ ਦਾ ਸੁਫਨਾ ਦਿਖਾ ਜੋੜੇ ਨੇ 35 ਕਰੋੜ ਰੁਪਏ ਠੱਗੇ

**ਏਜੰਸੀਆਂ**

ਕਾਨਪੁਰ 7 ਅਕਤੂਬਰ। ਕਾਨਪੁਰ 'ਚ ਇਕ ਜੋੜੇ ਨੇ 'ਟਾਈਮ ਮਸ਼ੀਨ' ਰਾਹੀਂ ਬਜੁਰਗ ਨੂੰ ਜਵਾਨ ਬਣਾਉਣ ਦਾ ਝਾਂਸਾ ਦੇ ਕੇ ਸੈਂਕੜੇ ਲੋਕਾਂ ਨਾਲ ਕਥਿਤ ਤੌਰ 'ਤੇ 35 ਕਰੋੜ ਰੁਪਏ ਦੀ ਠੱਗੀ ਮਾਰੀ ਅਤੇ ਫਰਾਰ ਹੋ ਗਿਆ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਡਿਪਟੀ ਕਮਿਸਨਰ ਆਫ ਪੁਲਸ (ਦੱਖਣੀ) ਅੰਕਿਤਾ ਸਰਮਾ ਨੇ ਦੱਸਿਆ ਕਿ ਰਾਜੀਵ ਕੁਮਾਰ ਦੁਬੇ ਅਤੇ ਉਨ੍ਹਾਂ ਦੀ ਪਤਨੀ ਰਸਮੀ ਦੁਬੇ ਨੇ ਸਾਕੇਤ ਨਗਰ 'ਚ 'ਰਿਵਾਈਵਲ ਵਰਲਡ' ਨਾਮ ਦਾ ਇਕ ਥੈਰੇਪੀ ਸੈਂਟਰ ਖੋਲ੍ਹਿਆ ਸੀ, ਜਿੱਥੇ ਉਨ੍ਹਾਂ ਨੇ 'ਟਾਈਮ ਮਸੀਨ' ਦੇ ਅੰਦਰ 'ਹਾਈਪਰਬੇਰਿਕ ਆਕਸੀਜਨ ਥੈਰੇਪੀ' ਕਰਨ ਦਾ ਦਾਅਵਾ ਕੀਤਾ, ਜੋ ਕੁਝ ਮਹੀਨਿਆਂ 'ਚ ਜਵਾਨ ਬਣਾ ਸਕਦੀ। ਉਨ੍ਹਾਂ ਦੱਸਿਆ ਕਿ ਉਕਤ ਜੋੜੇ ਨੇ ਕਥਿਤ ਤੌਰ 'ਤੇ 'ਪਿਰਾਮਿਡ ਸਕੀਮ' ਸੁਰੂ ਕੀਤੀ ਸੀ ਅਤੇ ਉਹ ਘੱਟ ਸਮੇਂ 'ਚ ਆਕਰਸ਼ਕ ਛੋਟ ਅਤੇ ਵੱਧ ਮੁਨਾਫਾ ਕਮਾਉਣ ਦਾ ਲਾਲਚ ਦੇ ਕੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਜੋੜਦੇ ਸਨ। ਡਿਪਟੀ ਕਮਿਸਨਰ ਆਫ ਪੁਲਸ ਨੇ ਦੱਸਿਆ ਕਿ ਜੋੜੇ ਨੇ ਲੋਕਾਂ 'ਚ ਪੈਂਫਲਿਟ ਵੰਡੇ ਅਤੇ ਹੋਰਡਿੰਗ ਵੀ ਲਗਾਏ ਜਿਸ 'ਚ ਦਾਅਵਾ ਕੀਤਾ ਗਿਆ ਕਿ ਕਾਨਪੁਰ ਦੀ ਪ੍ਰਦੂਸ਼ਿਤ ਹਵਾ ਕਾਰਨ ਲੋਕ ਤੇਜੀ



ਨਾਲ ਬੁੱਢੇ ਹੋ ਰਹੇ ਹਨ ਅਤੇ ਉਮਰ ਘੱਟ ਕਰਨ ਵਾਲੀ 'ਟਾਈਮ ਮਸੀਨ' 65 ਸਾਲ ਦੇ ਵਿਅਕਤੀ ਨੂੰ 25 ਸਾਲ ਦਾ ਬਣਾ ਸਕਦੀ ਹੈ।" ਪੁਲਸ ਅਧਿਕਾਰੀ ਨੇ ਦੱਸਿਆ ਕਿ ਜੋੜਾ 10 ਸੈਸ਼ਨਾਂ ਲਈ 6 ਹਜਾਰ ਰੁਪਏ ਅਤੇ ਤਿੰਨ ਸਾਲ ਦੀ ਇਨਾਮ ਸਕੀਮ ਲਈ 90 ਹਜਾਰ ਰੁਪਏ ਦੇ ਪੈਕੇਜ ਦੀ ਪੇਸ਼ਕਸ਼ ਕਰਦਾ ਸੀ। ਧੋਖਾਧੜੀ ਦਾ ਖੁਲਾਸਾ ਉਦੋਂ ਹੋਇਆ ਜਦੋਂ ਪੀੜਤਾਂ 'ਚੋਂ ਇਕ ਰੇਨੂੰ ਸਿੰਘ ਨੇ ਪੁਲਸ 'ਚ ਸ਼ਿਕਾਇਤ ਦਰਜ ਕਰਵਾਈ ਕਿ ਰਾਜੀਵ ਅਤੇ ਰਸ਼ਮੀ ਨੇ ਉਸ ਤੋਂ 7 ਲੱਖ ਰੁਪਏ ਠੱਗ ਲਏ ਸਨ। ਆਪਣੀ ਸ਼ਿਕਾਇਤ 'ਚ ਰੇਨੂੰ ਸਿੰਘ ਨੇ ਸ਼ੱਕ ਜਤਾਇਆ ਕਿ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਦੋਸ਼ੀ ਵਿਦੇਸ਼ ਦੌੜ ਗਏ ਹੋਣਗੇ। ਡਿਪਟੀ ਕਮਿਸ਼ਨਰ ਆਫ ਪੁਲਸ ਸ਼ਰਮਾ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਜੋੜੇ ਖ਼ਿਲਾਫ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀ ਧਾਰਾ 318 (4) (ਧੋਖਾਧੜੀ) ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ 'ਚ ਪਤਾ ਲੱਗਾ ਕਿ ਜੋੜੇ ਨੇ ਕਈ ਹੋਰ ਲੋਕਾਂ ਨੂੰ ਠੱਗਿਆ ਅਤੇ ਬਜੁਰਗਾਂ ਨੂੰ ਆਪਣੇ ਥੈਰੇਪੀ ਨਾਲ 25 ਸਾਲ ਦਾ ਨੌਜਵਾਨ ਬਣਾਉਣ ਦਾ ਝਾਂਸਾ ਦੇ ਕੇ 35 ਕਰੋੜ ਰੁਪਏ ਤੋਂ ਵੱਧ ਦੀ ਰਕਮ ਹੜੱਪ ਲਈ। ਉਨ੍ਹਾਂ ਕਿਹਾ,"ਜੋੜਾ ਜਿਸ ਮਸ਼ੀਨ ਦਾ ਇਸਤੇਮਾਲ ਕਰਦਾ ਸੀ, ਉਸ ਦੀ ਮਾਹਿਰਾਂ ਤੋਂ ਜਾਂ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।" ਪੁਲਸ ਨੇ ਦੱਸਿਆ ਕਿ ਇਸ ਸੰਬੰਧ 'ਚ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

# ਜਲੰਧਰ ਦੇ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਵੱਡੀ ਕਾਰਵਾਈ, ਥਾਣਿਆਂ 'ਚ ਮਾਰਿਆ 'ਛਾਪਾ'

**ਏਜੰਸੀਆਂ**

ਜਲੰਧਰ 7 ਅਕਤੂਬਰ। ਜਲੰਧਰ ਦੇ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਇਨੀਂ ਦਿਨੀਂ ਪੂਰੇ ਐਕਸ਼ਨ ਮੋਡ 'ਚ ਨਜਰ ਆ ਰਹੇ ਹਨ। ਪੁਲਸ ਕਮਿਸ਼ਨਰ ਵੱਲੋਂ ਜਲੰਧਰ ਦੇ ਕਈ ਥਾਣਿਆਂ ਦੀ ਅਚਾਨਕ ਚੈਕਿੰਗ ਕੀਤੀ ਗਈ। ਅਚਾਨਕ ਦੌਰਾ ਕਰਨ ਪਹੁੰਚੇ ਪੁਲਸ ਕਮਿਸ਼ਨਰ ਨੂੰ ਵੇਖ ਕੇ ਮੁਲਾਜਮਾਂ ਦੇ ਹੱਥ-ਪੈਰ ਫੁੱਲ ਗਏ। ਦਰਅਸਲ ਪੁਲਸ ਕਮਿਸ਼ਨਰ ਥਾਣਾ ਡਿਵੀਜਨ ਨੰਬਰ-8 ਪਹੁੰਚੇ। ਉਥੇ ਉਨ੍ਹਾਂ ਨੇ ਮੁਲਾਜਮਾਂ ਦੀ ਗਿਣਤੀ ਦੀ ਮੌਜੂਦਗੀ ਵਿਚ ਕੰਮ ਕਰਨ ਦਾ ਤਰੀਕਾ ਵੇਖਿਆ। ਇਸ ਦੌਰਾਨ ਪੁਲਸ ਕਮਿਸ਼ਨਰ ਨੇ ਮੁਲਾਜਮਾਂ ਨੂੰ ਕਈ ਤਰ੍ਹਾਂ ਦੀਆਂ ਹਦਾਇਤਾਂ ਵੀ ਦਿੱਤੀਆਂ। ਉਥੇ ਹੀ ਪ੍ਰਭਾਵਸ਼ਾਲੀ, ਜਵਾਬਦੇਹ ਅਤੇ ਪਾਰਦਰਸ਼ੀ ਪੁਲਸ ਸੇਵਾਵਾਂ ਯਕੀਨੀ ਬਣਾਉਣ ਲਈ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਸ਼ੁੱਕਰਵਾਰ ਨੂੰ ਪੁਲਸ ਲਾਈਨ ਦਾ ਅਚਾਨਕ ਦੌਰਾ ਕਰਕੇ ਮੁਆਇਨਾ ਕੀਤਾ। ਇਸ ਦੇ ਨਾਲ ਹੀ ਸੀ. ਪੀ. ਨੇ ਪੁਲਸ ਲਾਈਨ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕਿਆਂ ਦੀ ਸਾਫ-ਸਫਾਈ ਦਾ ਡੂੰਘਾਈ ਨਾਲ ਜਾਇਜਾ ਲਿਆ। ਉਨ੍ਹਾਂ ਪੁਲਸ ਲਾਈਨ ਦੇ ਵਾਤਾਵਰਣ ਨੂੰ ਸਵੱਛ ਰੱਖਣ ਲਈ ਲਾਈਨ ਆਫਿਸਰ (ਐੱਲ. ਓ.) ਨੂੰ ਨਿਯਮਿਤ ਰੂਪ ਨਾਲ ਪੁਲਸ ਲਾਈਨ ਦੀ ਸਫਾਈ ਕਰਨ ਦੇ



ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਜਰੂਰੀ ਯੂਨਿਟਾਂ (ਏਕੀਕ੍ਰਿਤ ਕਮਾਨ ਤੇ ਕੰਟਰੋਲ ਕੇਂਦਰ), ਸੀ. ਓ. ਟੀ. (ਆਰਮਰੀ) ਅਤੇ ਐੱਮ. ਟੀ. ਸਾਖਾ ਦਾ ਵੀ ਦੌਰਾ ਕੀਤਾ। ਉਨ੍ਹਾਂ ਇਨ੍ਹਾਂ ਯੂਨਿਟਾਂ ਦੀ ਸਫਾਈ ਅਤੇ ਰੱਖ-ਰਖਾਅ ਦੀ ਨਿਗਰਾਨੀ ਕੀਤੀ ਅਤੇ ਇਹ ਯਕੀਨੀ ਬਣਾਇਆ ਕਿ ਉਹ ਉਚਿਤ ਕੰਮਕਾਜੀ ਕ੍ਰਮ ਵਿਚ ਸਨ। ਇਸ ਦੇ ਨਾਲ ਹੀ ਸੀ. ਪੀ. ਸਵਪਨ ਸ਼ਰਮਾ ਨੇ ਇਨ੍ਹਾਂ ਯੂਨਿਟਾਂ ਦੇ ਇੰਚਾਰਜਾਂ ਨੂੰ ਨਿਯਮਿਤ ਸਫਾਈ ਅਤੇ ਉਚਿਤ ਰੱਖ-ਰਖਾਅ ਦੀ ਲੋੜ 'ਤੇ ਜੋਰ ਦਿੰਦੇ ਹੋਏ ਸਖਤ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਇਸ ਗੱਲ 'ਤੇ ਜੋਰ ਦਿੱਤਾ ਕਿ ਸਾਰੇ ਯੂਨਿਟਾਂ ਦਾ ਕੁਸ਼ਲ ਸੰਚਾਲਨ ਯਕੀਨੀ ਬਣਾਉਣ ਲਈ ਸਵੱਛਤਾ ਅਤੇ ਰੱਖ-ਰਖਾਅ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ। ਸੀ. ਪੀ. ਨੇ ਯਕੀਨੀ ਬਣਾਇਆ ਕਿ ਹਥਿਆਰ ਅਤੇ ਹੋਰ ਮਹੱਤਵਪੂਰਨ ਸਾਜੋ-ਸਾਮਾਨ ਸੁਰੱਖਿਅਤ ਢੰਗ ਨਾਲ ਸਟੋਰ ਕੀਤੇ ਗਏ ਸਨ ਤੇ ਚੰਗੀ ਹਾਲਤ ਵਿਚ ਸਨ। ਉਨ੍ਹਾਂ ਕਰਮਚਾਰੀਆਂ ਨੂੰ ਬਿਹਤਰ ਪ੍ਰਬੰਧਨ ਤੇ ਸੁਰੱਖਿਆ ਲਈ ਨਿਯਮਤ ਤੌਰ 'ਤੇ ਵਸਤੂਆਂ ਦੀ ਜਾਂਚ ਅਤੇ ਅਪਡੇਟ ਕਰਕੇ ਅਨੁਸ਼ਾਸਨ ਅਤੇ ਮਿਆਰਾਂ ਨੂੰ ਬਣਾਈ ਰੱਖਣ ਦੀ ਮਹੱਤਤਾ 'ਤੇ ਜੋਰ ਦਿੱਤਾ। ਉਨ੍ਹਾਂ ਸਮੂਹ ਸਟਾਫ ਨੂੰ ਯਾਦ ਦਿਵਾਇਆ ਕਿ ਸਾਫ-ਸਫਾਈ ਪੁਲਸ ਫੋਰਸ ਦੀ ਪੇਸੇਵਰਤਾ ਨੂੰ ਦਰਸਾਉਂਦੀ ਹੈ ਅਤੇ ਵਿਭਾਗ ਦੇ ਸਮੁੱਚੇ ਕੰਮਕਾਜ ਵਿਚ ਯੋਗਦਾਨ ਪਾਉਂਦੀ ਹੈ।

## ਸੜਕ ਹਾਦਸੇ ਪੁਆਏ ਵੈਣ, ਦੋ ਧੀਆਂ ਦੇ ਸਿਰ ਤੋਂ ਉੱਠਿਆ ਮਾਂ ਦਾ ਸਾਇਆ

ਗੁਰਦਾਸਪੁਰ 7 ਅਕਤੂਬਰ। ਤੇਜ ਰਫਤਾਰ ਸਕਾਰਪੀਓ ਗੱਡੀ ਵੱਲੋਂ ਸਕੂਟਰੀ 'ਤੇ ਸਵਾਰ ਮਾਂ ਅਤੇ ਧੀਆਂ ਨੂੰ ਟੱਕਰ ਮਾਰਨ ਤੋਂ ਬਾਅਦ ਮਾਂ ਦੀ ਮੌਤ ਅਤੇ ਧੀਆਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ'ਤੇ ਭੈਣੀ ਮੀਆਂ ਖਾਂ ਪੁਲਸ ਨੇ ਗੱਡੀ ਚਾਲਕ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਏ.ਐੱਸ.ਆਈ ਅਵਤਾਰ ਸਿੰਘ ਨੇ ਦੱਸਿਆ ਕਿ ਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਝੰਡਾ ਲੁਬਾਣਾ ਨੇ ਬਿਆਨ ਦਿੱਤਾ ਕਿ ਉਸ ਦੀ ਭੈਣ ਅਮਨਦੀਪ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਚੱਕ ਸਰੀਫ ਆਪਣੀ ਸਕੂਟਰੀ ਨੰਬਰ ਪੀ. ਬੀ. 06 ਏ.ਐੱਸ 7817 ਐਕਟਿਵਾ 'ਤੇ ਆਪਣੀਆਂ ਕੁੜੀਆਂ ਤਨਵੀਰ ਕੌਰ ਅਤੇ ਹਰਨੂਰ ਕੌਰ ਨਾਲ ਸਵਾਰ ਹੋ ਕੇ ਉਸ ਨੂੰ ਮਿਲ ਕੇ ਪਿੰਡ ਝੰਡਾ ਲੁਬਾਣਾ ਤੋਂ ਚੱਕ ਸਰੀਫ ਨੂੰ ਜਾ ਰਹੀ ਸੀ ਕਿ ਜਦ ਉਹ 1/2 ਕਿੱਲੋਮੀਟਰ ਚੱਕ ਸਰੀਫ ਵਾਲੀ ਸਾਇਡ ਪਹੁੰਚੀ ਤਾਂ ਸਾਹਮਣੇ ਤੋਂ ਇਕ ਸਕਾਰਪਿਉ ਗੱਡੀ ਨੰਬਰ ਪੀਬੀ06 ਬੀ.ਐੱਚ 0036 ਤੇਜ ਰਫਤਾਰ ਨਾਲ ਆਈ, ਜਿਸ ਨੂੰ ਰਛਪਾਲ ਸਿੰਘ ਉਰਫ ਲਵ ਪੁੱਤਰ ਗੁਰਚਰਨ ਸਿੰਘ ਵਾਸੀ ਨਜ਼ਦੀਕ ਵਾਟਰ ਸਪਲਾਈ ਕਾਹਨੂੰਵਾਨ ਚਲਾ ਰਿਹਾ ਸੀ। ਜਿਸ ਨੇ ਆਪਣੀ ਗੱਡੀ ਤੇਜ ਰਫਤਾਰ ਗਲਤ ਸਾਇਡ ਤੋਂ ਲਾਪਰਵਾਹੀ ਨਾਲ ਚਲਾ ਕੇ ਉਸ ਦੀ ਭੈਣ ਅਮਨਦੀਪ ਕੌਰ ਵਿਚ ਮਾਰ ਦਿੱਤੀ। ਜਿਸ ਨਾਲ ਉਸ ਦੇ ਸਿਰ ਅਤੇ ਹੋਰ ਸਰੀਰ 'ਤੇ ਗੰਭੀਰ ਸੱਟਾਂ ਲੱਗ ਗਈਆਂ ਤੇ ਦੋਵੇਂ ਕੁੜੀਆਂ ਵੀ ਜਖ਼ਮੀ ਹੋ ਗਈਆਂ। ਅਮਨਦੀਪ ਕੌਰ ਦੀ ਨਿੱਜੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮਨਦੀਪ ਸਿੰਘ ਦੇ ਬਿਆਨਾਂ 'ਤੇ ਦੋਸ਼ੀ ਰਛਪਾਲ ਸਿੰਘ ਉਰਫ ਲਵ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।